26 ਜੁਲਾਈ-ਸਤੰਬਰ,2012

# ਕਹਾਣੀ ਧਾਰਾ



ਵਿਸ਼ੇਸ਼ ਅੰਕ

## ਭਾਰਤੀ ਦਲਿਤ ਕਹਾਣੀ

ਮੁੱਲ : 25/-

26 ਜੁਲਾਈ-ਸਤੰਬਰ, 2012

ਕਹਾਣੀ ਧਾਰਾ

'KAHANI DHARA'(PUNJABI QUARTERLY)
R.N.I. Regd No. PUN PUN /2006 /19971



e-mail: kahani_dhara@yahoo.co.in
kahanidhara@gmail.com

ਸੰਪਾਦਕ:

ਭਗਵੰਤ ਰਸੂਲਪੁਰੀ

94170-64350

ਟਾਇਟਲ ਪੇਂਟਿੰਗ (ਅਛੂਤ) ਸਾਵੀ ਸਵਰਕਰ

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ :
Editor KAHANI DHARA
V. Dharampura, P.O:. Khambra,
Distt. JALANDHAR-144026(Pb.)

ਚੰਦੇ : ਇਕੱ ਅੰਕ: 25 ਰੁਪਏ, 10 ਅੰਕ: 250 ਰੁਪਏ ,
10 ਅੰਕ: ਡਾਲਰ 35 ਤੇ ਪੌਂਡ 30,
ਚੰਦੇ ਚੈੱਕ / ਬੈਂਕ ਡਰਾਫਟ/ ਮਨੀਆਰਡਰ ਰਾਹੀਂ ਕੇਵਲ
'KAHANI DHARA' ਦੇ ਨਾਂ ਭੇਜੇ ਜਾਣ।

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਖਵਿੰਦਰ ਨੇ Bright Printing Press,Mohalla Kishanpura, Jalandhar ਤੋਂ ਛਪਵਾ ਕੇ ਦਫਤਰ 'ਕਹਾਣੀ ਧਾਰਾ' ਪਿੰਡ ਧਰਮ ਪੁਰ, ਡਾਕ ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ।
ਸੰਪਾਦਕ: ਭਗਵੰਤ ਰਸੂਲਪੁਰੀ,
( ਪ੍ਰਕਾਸ਼ਨ ਮਿਤੀ 10, ਜੁਲਾਈ, 2012)



ਹਰਦੀਪ ਕੌਰ

ਇਨ੍ਹਾਂ ਕਹਾਣੀਆਂ ਦੀ ਅਨੁਵਾਦਕ

## ਸਵੈ ਕਥਨ

ਇਹ ਕਹਾਣੀਆਂ ਅਨੁਵਾਦ ਕਰਦਿਆਂ ਇਨ੍ਹਾਂ ਕਹਾਣੀਆਂ ਦੇ ਪਾਤਰਾਂ ਦੀ ਪੀੜ ਮੈਂ ਧੁਰ ਅੰਦਰ ਤੀਕ ਮਹਿਸੂਸ ਕੀਤੀ ਹੈ। ਹਰ ਕਹਾਣੀ ਸਮਾਜ ਦੀ ਮੂੰਹ ਬੋਲਦੀ ਤਸਵੀਰ ਹੈ। ਕਹਾਣੀਆਂ ਪੜ੍ਹ ਕੇ ਨਿਮਨ ਜਾਤੀਆਂ ਦਾ ਹੁੰਦਾ ਸ਼ੋਸ਼ਣ ਦੇਰ ਤੱਕ ਸੋਚਣ ਲਈ ਮਜਬੂਰ ਕਰਦਾ ਹੈ। ਇਨ੍ਹਾਂ ਨੂੰ ਅਨੁਵਾਦ ਕਰਦਿਆਂ ਮੈਂ ਇਨ੍ਹਾਂ ਘਟਨਾਵਾਂ ਵਿਚ ਵਿਚਰਦੀ ਮਹਿਸੂਸ ਕਰ ਰਹੀ ਸੀ ਅਤੇ ਕਹਾਣੀਆਂ ਦੇ ਦ੍ਰਿਸ਼ ਮੇਰੇ ਮਨ ਵਿਚ ਅਜੇ ਤੀਕ ਵੀ ਚੱਲ ਰਹੇ ਹਨ। ਇਹੀ ਇਨ੍ਹਾਂ ਕਹਾਣੀਆਂ ਦੀ ਪ੍ਰਾਪਤੀ ਹੈ। ਮੈਨੂੰ ਆਸ ਹੈ ਇਨ੍ਹਾਂ ਕਹਾਣੀਆਂ ਦਾ ਪੰਜਾਬੀ ਪਾਠਕਾਂ 'ਤੇ ਵੀ ਗਹਿਰਾ ਅਸਰ ਪਵੇਗਾ। ਮੈਂ ਕੋਸ਼ਿਸ਼ ਕੀਤੀ ਹੈ ਕਿ ਅਨੁਵਾਦ ਕਰਦਿਆਂ ਕਹਾਣੀ ਦੀ ਭਾਵਨਾ ਨਾ ਮਰੇ। -ਹਰਦੀਪ ਕੌਰ

House No. 18, Street No. 3,
N. G. T. B. Nagar, Jalandher

## ਇਸ ਅੰਕ ਵਿਚ

ਸੰਪਾਦਕੀ: ਭਾਰਤੀ ਦਲਿਤ ਸਮਾਜ ਅਤੇ ਕਹਾਣੀ ਦਾ ਵਿਚਾਰਕ ਪਿਛੋਕੜ/ ਭਗਵੰਤ ਰਸੂਲਪੁਰੀ-1
ਗੁਜਰਾਤੀ ਕਹਾਣੀਆਂ:
1. ਪਗਡੰਡੀ/ ਹਰੀਸ਼ ਮੰਗਲਮ-3
2. ਰਖਵਾਲੇ ਸੱਪ/ ਅਰਵਿੰਦ ਵੇਗਦਾ-9
3. ਬਲਦ ਦੀ ਖੱਲ/ ਹਰੀਸ਼ ਮੰਗਲਮ-13
4. ਜਮਾਂਦਰੂ ਨਿਸ਼ਾਨ/ ਮਧੂਕਾਂਤ ਕਲਪਿਤ-19
ਤੈਲਗੂ ਕਹਾਣੀਆਂ :
5. ਕਾਲੀ ਸਿਆਹੀ/ ਵਿਨੋਦਿਨੀ -24
6. ਹੰਝੂ / ਪ੍ਰੋ. ਕੋਲਾਕਾਲਾਉਰੀ ਏਨਕ-29
7. ਗੁਰੂਦਕਸ਼ਿਣਾ/ ਚਿਲੁਕੁੜੀ ਦੇਵਪੁੱਤਰ-40
ਉੜੀਆ ਕਹਾਣੀ :
8. ਦਫ਼ਤਰ ਦਾ ਚਪੜਾਸੀ/ ਬਾਸੁਦੇਵ ਸੁਨਾਨੀ -45
ਬੰਗਲਾ ਕਹਾਣੀ :
9. ਇਕ ਸ਼ਾਮ ਦੀ ਘਟਨਾ/ ਕਪਿਲ ਕ੍ਰਿਸ਼ਨਾ ਠਾਕੁਰ-49
ਤਮਿਲ ਕਹਾਣੀ:
10. ਇਕ ਡੂੰਘੀ ਰਾਤ/ ਅਝਾਕਿਆ ਪੇਰੀਯਾਵਨ-54
ਕੰਨੜ ਕਹਾਣੀ
11. ਅੰਤਮ ਸੰਸਕਾਰ / ਅਰਵਿੰਦਾ ਮਾਲਾ ਗੱਟੀ-60
ਮਰਾਠੀ ਕਹਾਣੀਆਂ:
12. ਤਰੱਕੀ/ ਅਰਜੁਨ ਡਾਂਗਲੇ-63
13. ਨਾ ਘਰ ਦਾ ਨਾ ਘਾਟ ਦਾ/ ਸ਼ਰਣ ਕੁਮਾਰ ਲਿੰਬਾਲੇ-68
ਸਵੈ ਜੀਵਨੀ:
ਜਿੱਥੇ ਬੰਦੇ ਨੂੰ ਬੰਦਾ ਨੀ ਸਮਝਦੇ/ - ਸਰੂਪ ਸਿਆਲਵੀ-75
ਪੁਸਤਕ ਪੜਚੋਲ: ਭਗਵੰਤ ਰਸੂਲਪੁਰੀ-88

*ਸੰਪਾਦਕੀ*

# ਭਾਰਤੀ ਦਲਿਤ ਸਮਾਜ ਅਤੇ ਕਹਾਣੀ ਦਾ ਵਿਚਾਰਕ ਪਿਛੋਕੜ

ਅੱਜ ਭਾਰਤੀ ਕਹਾਣੀ ਵਿਚ ਦਲਿਤ ਕਹਾਣੀ ਦਾ ਮੁੱਦਾ ਅਹਿਮ ਅਤੇ ਠੋਸ ਮੁੱਦਾ ਬਣ ਕੇ ਉਭਰ ਰਿਹਾ ਹੈ। ਭਾਰਤੀ ਦਲਿਤ ਕਹਾਣੀ ਵਿਚ ਦਲਿਤ ਸਮਾਜ ਉਦੋਂ ਪ੍ਰਮਾਣਿਕ ਰੂਪ ਵਿਚ ਉਭਰ ਕੇ ਸਾਹਮਣੇ ਆਉਣ ਲੱਗਾ ਜਦੋਂ ਇਸੇ ਸਮਾਜ ਨੂੰ ਸੰਵਿਧਾਨ ਵੱਲੋਂ ਸਿੱਖਿਆ ਦਾ ਅਧਿਕਾਰ ਮਿਲਣ ਲੱਗਾ ਅਤੇ ਇਸ ਸਮਾਜ ਵਿਚੋਂ ਕੁਝ ਲੋਕ ਪੜ੍ਹ ਲਿਖ ਕੇ ਆਪਣੇ ਲੋਕਾਂ ਦੀ ਸਮਾਜਿਕ, ਆਰਥਿਕ ਸਥਿਤੀ ਨੂੰ ਦੇਖਣ ਲੱਗੇ। ਇਨ੍ਹਾਂ ਨੇ ਆਪਣੇ ਅਨੁਭਵ ਨਾਲ ਜੋ ਲਿਖਿਆ ਉਹ ਭਾਰਤੀ ਸਾਹਿਤ ਖਾਸ ਕਰਕੇ ਕਹਾਣੀ ਤੇ ਸਵੈ-ਜੀਵਨੀ ਵਿਚ ਇਕ ਧਮਾਕਾ ਸੀ। ਦਲਿਤਾਂ ਦੇ ਪ੍ਰਤੀ ਉੱਚ ਜਾਤੀ ਦੇ ਲੋਕਾਂ ਦਾ ਸਾਰੇ ਦੇਸ਼ ਵਿਚ ਜੋ ਰਵੱਈਆ ਹੈ,ਉਹ ਸਾਰੇ ਦੇਸ਼ ਦੇ ਚਿੰਤਕਾਂ ਤੇ ਕਹਾਣੀਕਾਰਾਂ ਸਾਹਮਣੇ ਇਕ ਚੁਣੌਤੀ ਦੇ ਰੂਪ ਵਿਚ ਅੱਜ ਵੀ ਖੜਾ ਹੈ। ਦਲਿਤ ਸਮਾਜ ਨੂੰ ਜਿਸ ਤਰ੍ਹਾਂ ਮੁੱਖ ਧਾਰਾ ਦੇ ਸਮਾਜ ਨੇ ਨਪੀੜਿਆ ਤੇ ਨਕਾਰਿਆ, ਉਸੇ ਤਰ੍ਹਾਂ ਭਾਰਤੀ ਦਲਿਤ ਸਾਹਿਤ ਨੂੰ ਵੀ ਮੁੱਖ ਧਾਰਾ ਦੇ ਉੱਚ ਜਾਤੀ ਦੇ ਲੇਖਕਾਂ ਤੇ ਚਿੰਤਕਾਂ ਨੇ ਹਾਸ਼ੀਏ ਤੇ ਧਕੇਲਣ ਦਾ ਹਰ ਵਸੀਲਾ ਕੀਤਾ। ਇਹ ਵਰਤਾਰਾ ਅੱਜ ਵੀ ਹਰ ਭਾਸ਼ਾ ਵਿਚ ਉਸੇ ਤਰ੍ਹਾਂ ਚੱਲਿਆ ਆ ਰਿਹਾ ਹੈ। ਤਰਸਹੀਣ ਅਤੇ ਹਾਸੋਹੀਣੀ ਸਥਿਤੀ ਉਦੋਂ ਪੈਦਾ ਹੋ ਜਾਂਦੀ ਹੈ ਜਦੋਂ ਮੁੱਖ ਧਾਰਾ ਦੇ ਚਿੰਤਕ ਇਹ ਕਹਿੰਦੇ ਤੇ ਲਿਖਦੇ ਹਨ ਕਿ ਉੱਤਮ ਦਰਜੇ ਦਾ ਦਲਿਤ ਸਾਹਿਤ ਵੀ ਉੱਚ ਜਾਤੀ ਦੇ ਲੇਖਕ ਲਿਖ ਸਕਦੇ ਹਨ। ਪਰ ਇਸ ਦੇ ਬਾਵਜੂਦ ਵੀ ਦਲਿਤਾਂ ਵਲੋਂ ਲਿਖਿਆ ਸਾਹਿਤ ਆਪਣੀ ਸ਼ਕਤੀ ਨਾਲ ਹਰ ਭਾਸ਼ਾ ਸਮੇਤ ਪੰਜਾਬੀ, ਉਭਰ ਕੇ ਸਾਹਮਣੇ ਆਇਆ ਹੈ, ਜਿਸ ਦਾ ਹੁਣ ਅੰਤਰਰਾਸ਼ਟਰੀ ਪੱਧਰ ਤੇ ਗੰਭੀਰਤਾ ਨਾਲ ਨੋਟਿਸ ਲਿਆ ਜਾਣ ਲੱਗ ਪਿਆ ਹੈ।

ਮੈਂ ਇਥੇ ਗੱਲ ਭਾਰਤੀ ਦਲਿਤ ਕਹਾਣੀ ਦੀ ਕਰਨੀ ਹੈ। ਇਕ ਸਰਵੇ ਮੁਤਾਬਿਕ ਇਸ ਵੇਲੇ ਭਾਰਤੀ ਪੱਧਰ ਤੇ ਤਕਰੀਬਨ 800 ਦੇ ਕਰੀਬ ਦਲਿਤ ਕਹਾਣੀਕਾਰਾਂ ਨੇ ਤਕਰੀਬਨ ਹੁਣ ਤੱਕ 10 ਹਜ਼ਾਰ ਕਹਾਣੀ ਲਿਖੀ ਹੈ। ਮਰਾਠੀ, ਤਮਿਲ, ਤੈਲਗੂ, ਕੰਨੜ, ਮਲਿਆਲਅਮ ਤੇ ਹਿੰਦੀ ਭਾਸ਼ਾ ਦੀ ਦਲਿਤ ਕਹਾਣੀ ਨੇ ਬਹੁਤ ਵਿਕਾਸ ਕੀਤਾ ਹੈ। ਇਨ੍ਹਾਂ ਭਾਸ਼ਾਵਾਂ ਵਿਚ ਵੱਡੀ ਗਿਣਤੀ ਵਿਚ ਦਲਿਤਾਂ ਦੀਆਂ ਵਿਕਰਾਲ ਸਮੱਸਿਆਵਾਂ ਨੂੰ ਲੈ ਕੇ ਮਨ ਵਿਚ ਹਲਚਲ ਪੈਦਾ ਕਰਨ ਵਾਲੀਆਂ ਕਹਾਣੀਆਂ ਲਿਖੀਆਂ ਗਈਆਂ ਹਨ।

ਭਾਰਤੀ ਪੱਧਰ ਦੀ ਦਲਿਤ ਕਹਾਣੀ ਭਿੰਨ ਭਿੰਨ ਵਿਸ਼ਿਆ ਨੂੰ ਲੈ ਕੇ ਲਿਖੀ ਜਾ ਰਹੀ ਹੈ। ਇਸ ਕਹਾਣੀ ਦਾ ਮੁੱਖ ਵਿਸ਼ਾ ਜਾਤੀ ਵਿਤਕਰੇ ਦਾ ਸਮਾਜਿਕ, ਮਾਨਸਿਕ ਸੰਤਾਪ ਭੋਗਦੇ ਸਮਾਜ ਦਾ ਵਿਕਰਾਲ ਚਿਤਰਨ ਹੈ। ਦਲਿਤ ਸਮਾਜ ਮੁੱਖ ਤੌਰ ਦੇ ਪਿੰਡਾਂ ਦਾ ਹਿੱਸਾ ਰਹੇ ਹਨ। ਪਿੰਡਾਂ ਦੀ ਸਮਾਜਿਕ ਦਰਜਾ ਬੰਦੀ, ਡੰਗਰਾ ਵਰਗਾ ਜੀਵਨ, ਭੁੱਖ ਮਰੀ, ਭਿੰਨ ਭਿੰਨ ਤਰ੍ਹਾਂ ਦਾ ਸੋਸ਼ਣ, ਉਦੋਂ ਯਥਾਰਥਿਕ ਰੂਪ ਨਾਲ ਕਹਾਣੀ ਵਿਚ ਉਭਰਨ ਲੱਗਾ ਜਦੋਂ ਇਨ੍ਹਾਂ ਵਰਗਾਂ ਵਿਚੋਂ ਉੱਠ ਕੇ ਨੌਜਵਾਨ ਪੜ੍ਹ-ਲਿਖ ਗਏ। ਉਨ੍ਹਾਂ ਨੇ ਆਪਣੇ ਉੱਤੇ ਹੰਢਾਏ ਅਨੁਭਾਵਾਂ 'ਤੇ ਅਧਾਰਤ ਜਦੋਂ ਕਹਾਣੀ ਲਿਖੀ ਉਦੋਂ ਉਸ ਵੇਲੇ ਲਿਖੀ ਜਾ ਰਹੀ ਕਹਾਣੀ ਤੋਂ ਕਾਫੀ ਭਿੰਨ ਸੀ। ਇਸ ਕਹਾਣੀ ਦਾ ਧਰਾਤਲ ਨਿੱਗਰ ਤੇ ਠੋਸ ਸੀ। ਜਿਸ ਕਾਰਨ ਇਹੀ ਕਹਾਣੀ ਪਾਠਕਾਂ ਦੇ ਮਨਾਂ 'ਚ ਹਰਚਲ ਪੈਦਾ ਕਰ ਸਕੀ। ਇਕ ਵਿਸ਼ਾ ਇਹ ਵੀ ਰਿਹਾ ਪਿੰਡਾਂ ਦੇ ਵਿਤਕਰੇ ਤੋਂ ਅੱਕੇ ਦਲਿਤ ਜਦੋਂ ਮਹਾਨਗਰਾਂ ਤੇ ਸ਼ਹਿਰ ਵਿਚ ਪਹੁੰਚੇ, ਉਹ ਕਿਸ ਤਰ੍ਹਾਂ ਦੀ ਨਰਕੀ ਜ਼ਿੰਦਗੀ ਜਿਉਂਦੇ ਹਨ, ਉਨ੍ਹਾਂ ਦਾ ਬੜਾ ਖੁੱਲ੍ਹਾ ਅਤੇ ਯਥਾਰਥਕ ਚਿਤਰਨ ਇਨ੍ਹਾਂ ਕਹਾਣੀਆਂ ਵਿਚ ਮਿਲਦਾ ਹੈ। ਇਸ ਕਹਾਣੀ ਨੇ ਰਵਾਇਤੀ, ਮੱਧਵਰਗੀ, ਅਦਰਸ਼ਵਾਦੀ, ਅਸ਼ਲੀਲ ਕਹਾਣੀ ਤੋਂ ਆਪਣੀ ਕਿਸਮ ਦੀ ਕਹਾਣੀ ਲਿਖ ਕੇ ਮੁਕਤ ਕੀਤਾ। ਦਲਿਤਾਂ ਵਿਚ ਨੀਚ ਜਾਤੀਆਂ ਅਤੇ ਅੱਗੋਂ ਉਸ ਤੋਂ ਨੀਚ ਜਾਤੀਆਂ ਦੇ ਆਪਸੀ ਰਿਸ਼ਤੇ, ਟਕਰਾਅ, ਸੋਸ਼ਣ , ਵਿਤਕਰੇ, ਅੰਧ ਵਿਸ਼ਵਾਸ਼, ਵਿਕਾਰ, ਈਰਖਾ, ਜਾਤੀ ਕੱਟੜਤਾ, ਸਵਾਰਥੀ ਦਲਿਤ ਨੇਤਾ ਅਤੇ ਕਿਰਤ ਨੂੰ ਦਲਿਤ ਕਹਾਣੀ ਨੇ ਹਿੱਸਾ ਬਣਾਇਆ ਹੈ। ਭਾਰਤੀ ਦਲਿਤ ਕਹਾਣੀ ਵਿਚ ਪੜ੍ਹਿਆ ਲਿਖਿਆ ਦਲਿਤ ਨੌਜਵਾਨ ਵੀ ਕੇਂਦਰ ਵਿਚ ਹੈ। ਇਸ ਵਰਗ ਦਾ ਬੜੀ ਤੇਜ਼ੀ ਨਾਲ ਸਭਿਆਚਾਰਕ ਪ੍ਰਵਿਰਤਨ ਹੋ ਰਿਹਾ ਹੈ। ਜਿਸ ਕਾਰਨ ਉਨ੍ਹਾਂ ਦੀ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਆਪਣੇ ਪਿੰਡਾਂ ਵਿਚ ਰਹਿ ਰਹੇ ਦਲਿਤ ਪਰਿਵਾਰਾਂ ਵਿਚਲੀ ਦੂਰੀ ਵੱਧ ਰਹੀ ਹੈ। ਇਸ ਦੂਰੀ ਨੂੰ ਪਾਰ ਕਰਨਾ ਮੌਤ ਨੂੰ ਪਾਰ ਕਰਨ ਦੇ ਬਰਾਬਰ ਹੈ। ਪੜ੍ਹਿਆ ਲਿਖਿਆ ਜੇ ਕਰ ਨੌਕਰੀ ਉੱਤੇ ਲੱਗ ਗਿਆ ਤਾਂ ਉਹ 'ਦਲਿਤ ਸਵਰਨ ਵਰਗ' ਦਾ ਬਣ ਜਾਂਦਾ ਹੈ। ਆਪਣੀ ਹੀ ਜਾਤੀ ਵਿਚ ਓਪਰਾ ਬਣ ਜਾਂਦਾ ਹੈ। ਇਸ ਵਰਗ ਦੀ ਬਦਲ ਰਹੀ ਮਾਨਸਿਤਾ ਨੂੰ ਵੀ ਭਾਰਤੀ ਦਲਿਤ ਕਹਾਣੀਕਾਰਾਂ ਨੇ ਫੜਿਆ ਹੈ। ਇਹ ਬਹੁਤ ਹੀ ਪਰੇਸਾਨ ਕਰਨ ਵਾਲਾ ਵਰਤਾਰਾ ਬਣ ਰਿਹਾ ਹੈ। ਕੁਝ ਕਹਾਣੀਆਂ ਇਸ ਤਰ੍ਹਾਂ ਦੀਆਂ ਵੀ ਲਿਖੀਆਂ ਗਈਆਂ ਜਿਹੜੀਆਂ ਦਲਿਤ ਲੋਕਾਂ ਦੇ ਅੰਤਰਮੁੱਖੀ ਮਨ ਦੀ ਬਾਤ ਪਾਉਂਦੀਆਂ ਹਨ, ਅਛੂਤਾਂ ਦੇ ਅੰਦਰ ਬੈਠੇ ਖਲਨਾਇਕ ਤੇ ਦਲਿਤਾਂ ਦੀ ਅਪਸੀ ਕਸਮਕਸ਼ ਨੂੰ ਵੀ ਬਿਆਨ ਕਰਦੀਆਂ ਹਨ।

ਦਲਿਤ ਕਹਾਣੀ ਵਿਚ ਸਭ ਤੋਂ ਭੈੜੀ ਸਥਿਤੀ ਦਲਿਤ ਇਸਤਰੀ ਦੀ ਪੇਸ਼ ਹੋਈ ਹੈ। ਉੱਚ ਜਾਤੀ ਦੇ ਲਈ ਉਹ ਬੜੀ ਅਸਾਨੀ ਨਾਲ ਪ੍ਰਾਪਤ ਤੇ ਭੋਗਣ ਦੀ ਵਸਤ ਹੈ। ਦਲਿਤਾਂ ਦੇ ਲਈ ਉਹ ਮਿਹਨਤ ਕਰਨ ਵਾਲੇ ਸੰਦ ਦੇ ਬਰਾਬਰ ਹੈ। ਦਲਿਤ ਨਾਰੀ ਦੀ ਹੋਂਦ ਨੂੰ ਦੋਹਾਂ ਨੇ ਨਕਾਰਿਆ ਹੈ। ਉਸ ਦੀ ਸਥਿਤੀ ਬਹੁਤ ਹੀ ਚਿੰਤਾ ਜਨਕ ਪੇਸ਼ ਹੋਈ ਹੈ। ਅੰਤਰਜਾਤੀ ਵਿਆਹ ਖਾਸ ਕਰਕੇ ਪੜ੍ਹੇ ਲਿਖੇ ਨੌਜਵਾਨ ਵਲੋਂ, ਤੋਂ ਉਤਪਨ ਕਿਸ ਤਰ੍ਹਾਂ ਦੀਆਂ ਸਮਾਜਿਕ ਤੇ ਮਾਨਸਿਕ ਗੁੰਝਲਾ ਪੈਂਦੀਆਂ ਹਨ ਇਸ ਵਰਤਾਰੇ ਨੂੰ ਵੀ ਦਲਿਤ ਕਹਾਣੀ ਬੜੀ ਸਮਰੱਥਾ ਨਾਲ ਪੇਸ਼ ਕਰਨ ਦਾ ਯਤਨ ਕਰ ਰਹੀ ਹੈ। ਇਸ ਕਹਾਣੀ ਵਿਚ ਮਨੁੱਖੀ ਜੀਵਨ ਦੇ ਮੁੱਖ ਸਵਾਲਾਂ ਦੇ ਪ੍ਰਤੀ ਉਸਦੀ ਜਬਰਦਸਤ ਆਸਥਾ ਹੈ।

ਦਲਿਤ ਕਹਾਣੀ ਮੁੱਖ ਧਾਰਾ ਦੀ ਭਾਰਤੀ ਕਹਾਣੀ ਵਿਚ ਆਪਣੀ ਕਹਾਣੀ ਕਲਾ ਅਤੇ ਨਿੱਗਰਤਾ ਕਾਰਨ ਵਿਸ਼ੇਸ਼ ਥਾਂ ਬਣਾ ਰਹੀ ਹੈ। ਚਾਹੇ ਇਸ ਅੱਗੇ ਪੈਰ ਪੈਰ ਦੇ ਰੁਕਾਵਟਾ ਹਨ। ਕਿਉਂਕਿ ਸਾਡੇ ਸਾਹਿਤ ਦੀ ਇਤਿਹਾਸਕਾਰੀ ਦੇ ਰਵਾਇਤੀ ਮਾਪਦੰਡ ਚੱਲੇ ਆ ਰਹੇ ਹਨ। ਸਾਹਿਤ ਦੇ ਵਿਸ਼ਲੇਸ਼ਣ ਅਤੇ ਕਹਾਣੀ ਨੂੰ ਪਸੰਦ ਨਾ ਪਸੰਦ ਕਰਨ ਦੇ ਪੀੜ੍ਹੀਆਂ ਤੋਂ ਚੱਲੇ ਆ ਰਹੇ ਜਾਤੀ ਕਾਰਨ ਹਨ। ਉੱਚ ਜਾਤੀ ਪਰਿਵਾਰਾਂ ਦੇ ਸਮਾਜਿਕ ਸਿਸਟਮ ਨੇ ਉਨ੍ਹਾਂ ਦੀ ਮਾਨਸਿਕਤਾ ਹੀ ਇਸ ਤਰ੍ਹਾਂ ਦੀ ਬਣਾ ਦਿੱਤੀ ਹੈ ਕਿ ਉਨ੍ਹਾਂ ਦੇ ਬਣੇ ਹੋਏ ਮਾਨਸਿਕ ਰਸ ਨਾਲ ਦਲਿਤ ਵਲੋਂ ਲਿਖੀ ਕਹਾਣੀ ਦਾ ਰਸ ਮਿਲਦਾ ਹੀ ਨਹੀਂ।

'ਭਾਰਤੀ ਦਲਿਤ ਕਹਾਣੀ' ਵਿਸ਼ੇਸ਼ ਅੰਕ ਵਿਚ ਪਾਠਕ ਭਾਰਤ ਦੇ ਦਲਿਤ ਲੋਕਾਂ ਦੇ ਹਰ ਪੱਖ ਨੂੰ ਦੇਖ ਸਕਦੇ ਹਨ। ਭਾਵੇਂ ਕਿ ਇਹ ਸਮੁੱਚੀ ਭਾਰਤੀ ਦਲਿਤ ਕਹਾਣੀ ਦੀ ਪ੍ਰਤੀਨਿੱਧਤਾ ਤਾਂ ਨਹੀਂ ਕਰਦਾ ਪ੍ਰੰਤੂ ਆਪਣੀ ਸਮਰੱਥਾ ਮੁਤਾਬਕ ਸਮੇਂ ਸਮੇਂ ਚਰਚਾ ਵਿਚ ਰਹੀਆਂ ਪ੍ਰਤੀਨਿੱਧ ਦਲਿਤ ਕਹਾਣੀਆਂ ਨੂੰ ਇਸ ਅੰਕ ਵਿਚ ਪਹਿਲੀ ਵਾਰ ਪੇਸ਼ ਕੀਤਾ ਹੈ। ਇਨ੍ਹਾਂ ਕਹਾਣੀ ਬਾਰ ਗੱਲ ਕਰਨ ਦੀ ਇਥੇ ਇਸ ਲਈ ਲੋੜ ਨਹੀਂ ਕਿਉਂਕਿ ਇਹ ਕਹਾਣੀਆਂ ਆਪਣੀ ਗੱਲ ਖੁਦ ਪਾਠਕਾਂ ਨੂੰ ਕਹਿਣਗੀਆਂ। ਪਾਠਕਾਂ ਦੇ ਲਿਖਤੀ ਪ੍ਰਤੀਕਰਮਾਂ ਦੀ ਸਾਨੂੰ ਉਡੀਕ ਰਹੇਗੀ। ਅੰਗਰੇਜ਼ੀ ਵਿਚੋਂ ਇਨ੍ਹਾਂ ਕਹਾਣੀਆਂ ਦਾ ਅਨੁਵਾਦ ਸਮਾਜਿਕ ਸਮਝ ਰੱਖਣ ਵਾਲੀ ਨੌਜਵਾਨ ਅਨੁਵਾਦਕ **ਹਰਦੀਪ ਕੌਰ** ਨੇ ਕੀਤਾ ਹੈ। ਅਨੁਵਾਦ ਕਰਨ ਦਾ ਉਸ ਦਾ ਪਹਿਲਾਂ ਅਤੇ ਸਾਰਥਕ ਯਤਨ ਹੈ। ਅੰਗਰੇਜ਼ੀ ਅਤੇ ਪੰਜਾਬੀ ਦੀ ਬਰਾਬਰ ਪਕੜ ਕਾਰਨ ਉਸ ਨੇ ਕਹਾਣੀਆਂ ਦਾ ਅਨੁਵਾਦ ਬੜੀ ਮਿਹਨਤ ਨਾਲ ਕੀਤਾ ਹੈ।

**-ਭਗਵੰਤ ਰਸੂਲਪੁਰੀ**

## ਗੁਜਰਾਤੀ/ **ਪਗਡੰਡੀ** / ਹਰੀਸ਼ ਮੰਗਲਮ

"ਜਲਦੀ ਚੱਲ ਕਾਂਸ਼ੀ, ਅਸੀਂ ਬਹੁਤ ਲੇਟ ਹਾਂ ਉਹ ਬੰਦਾ ਸਾਨੂੰ ਚੀਰ ਕੇ ਰੱਖ ਦੇਵੇਗਾ।" ਰੁੱਖੀ ਨੇ ਚੀਕਦੇ ਹੋਇਆ ਕਿਹਾ। ਜਦੋਂ ਉਸਨੂੰ ਕੋਈ ਉੱਤਰ ਨਾ ਮਿਲਿਆ ਤਾਂ ਉਹ ਬਰਾਂਡੇ ਵਿਚ ਗਈ ਤੇ ਦਾਤੀ ਚੁੱਕਦਿਆਂ ਚੀਕੀ, "ਕੁੱਤੀਏ ! ਤੂੰ ਕਿੰਨਾ ਚਿਰ ਹੋਰ ਲਾਵੇਂਗੀ? "

ਕਾਂਸ਼ੀ ਜੋ ਹੇਠਾਂ ਨੂੰ ਝੁਕ ਕੇ ਮੂੰਹ ਧੋ ਰਹੀ ਸੀ ਨੇ ਰੁੱਖੀ ਵੱਲ ਦੇਖਿਆ ਤੇ ਮੁਸਕਰਾਈ। ਫਿਰ ਉਹ ਉਂਗਲ ਨਾਲ ਆਪਣੇ ਦੰਦ ਸਾਫ਼ ਕਰਨ ਲੱਗੀ। ਰੁੱਖੀ ਹੈਰਾਨ ਹੋ ਰਹੀ ਸੀ। ਇਹ ਦੇਖ ਕੇ ਕਿ ਕਾਂਸ਼ੀ ਅਜੇ ਤੱਕ ਤਿਆਰ ਹੀ ਨਹੀਂ ਹੋਈ।

"ਤੇ ਮੇਮਸਾਹਿਬ ਪਿਛਲੀ ਰਾਤ ਤੂੰ ਤਾਸ਼ ਖੇਡ ਰਹੀ ਸੀ? " ਉਹ ਥੋੜੀ ਦੇਰ ਰੁਕੀ ਤੇ ਕਾਂਸ਼ੀ ਵੱਲ ਬਿਨ੍ਹਾਂ ਅੱਖਾਂ ਝੁਪਕਾਈ ਦੇਖਣ ਲੱਗੀ। ਉਹ ਇਕੋ ਗੱਲ ਵਿਚ ਆਪਣੀ ਭੜਾਸ ਨਹੀਂ ਕੱਢਣਾ ਚਾਹੁੰਦੀ ਸੀ ਕਿ ਅਜੇ ਤਾਂ ਪੂਰਾ ਦਿਨ ਪਿਆ ਏ। ਕਾਂਸ਼ੀ ਪਹਿਲਾਂ ਵਾਂਗ ਹੱਸ ਪਈ। ਉਸਦੇ ਚਿੱਟੇ ਦੰਦ ਉਸਦੇ ਕਾਲੇ ਰੰਗ ਕਾਰਣ ਹੋਰ ਵੀ ਚਮਕ ਰਹੇ ਸਨ। ਰੁੱਖਲੀਏ, ਸਾਰੇ ਜਾਣਦੇ ਹਨ ਤੂੰ ਕਿੰਨੀ ਸੁਸਤ ਏਂ। ਮੈਨੂੰ ਮੂੰਹ ਹੱਥ ਤਾਂ ਧੋਣ ਦੇ। ਜੇ ਜ਼ਮੀਂਦਾਰ ਸੋਚਦਾ ਹੈ ਕਿ ਉਹ ਰਾਜਾ ਹੈ ਤਾਂ ਸੋਚੀ ਜਾਵੇ। ਉਹ ਜਗੀਰਦਾਰ ਹੋਣ ਗੇ ਤਾਂ ਆਪਣੇ ਘਰ ਹੋਣਗੇ ਜੇ ਉਹ ਮੇਰੇ ਨਾਲ ਪੰਗਾ ਲਵੇਗਾ ਤਾਂ ਮੈਂ ਮਿੱਟੀ 'ਚ ਰੋਲ ਦਵਾਂਗੀ, ਸਮਝੀ? " ਕਾਂਸ਼ੀ ਨੇ ਗੁੱਸੇ ਵਿਚ ਹੌਲੀ ਜਿਹੇ ਕਿਹਾ। ਆਪਣੀ ਸਾੜ੍ਹੀ ਦੇ ਪੱਲੇ ਨਾਲ ਮੂੰਹ ਸਾਫ਼ ਕਰਦਿਆਂ ਉਸਨੇ ਕੇਤਲੀ ਵਿਚੋਂ ਇਕ ਪਿਆਲੇ ਵਿਚ ਚਾਹ ਪਾਈ। ਟੁੱਟੀ ਹੋਈ ਕੇਤਲੀ ਵਿਚੋਂ ਚਾਹ ਬਾਹਰ ਡਿੱਗਣ ਲੱਗੀ। ਇਕ ਭਰਿਆ ਹੋਇਆ ਪਿਆਲਾ ਉਸਨੇ ਰੁੱਖੀ ਨੂੰ ਦਿੱਤਾ। ਰੁੱਖੀ ਨੇ ਕਿਹਾ, "ਹੋਰ ਕਿੰਨੀ ਪਾਏਂਗੀ? ਜਿਵੇਂ ਹੀ ਰੁੱਖੀ ਨੇ ਸੜਾਕੇ ਮਾਰ ਕੇ ਚਾਹ ਪੀਤੀ, ਦੋਵੇਂ ਹੱਸ ਪਈਆਂ।

ਜਿਵੇਂ ਜਿਵੇਂ ਦਿਨ ਚੜ੍ਹਨ ਲੱਗਾ, ਇਲਾਕੇ 'ਵੱਸ' ਵਿਚ ਪਹਿਲਾਂ ਵਾਂਗ ਹਿਲਜੁਲ ਨਜ਼ਰ ਆਉਣ ਲੱਗੀ। ਚੀਕਦਿਆਂ, "ਇਧਰ ਆਓ ਪਾਸ਼ਲੀ, ਰੇਵੀ ਮਾਂ, ਇਸਲਾ, ਧਨੀਆਂ।" ਉਹਨਾਂ ਨੇ ਸਭ ਨੂੰ ਇਕੱਠਾ ਕਰ ਲਿਆ। ਉਹ ਅੱਜ ਲੇਟ ਸਨ। ਜਿਵੇਂ ਕੋਈ ਵਾਵਰੋਲਾ ਉਹਨਾਂ ਨੂੰ ਧੱਕ ਰਿਹਾ ਹੋਵੇ। 'ਵੱਸ' ਦਾ ਮਾਹੌਲ ਨਿੰਮ ਤੇ ਬੈਠੇ ਪੰਛੀਆਂ ਦੀਆਂ ਆਵਾਜ਼ਾਂ ਤੇ ਮਜ਼ਦੂਰਾਂ ਦੇ ਆਪਸ ਵਿਚ ਗੱਲਾਂ ਕਰਨ ਦੀਆਂ ਆਵਾਜ਼ਾਂ ਨਾਲ ਹੋਰ ਵੀ ਸੰਜੀਵ ਲੱਗ ਰਿਹਾ ਸੀ।

ਸੂਰਜ ਨਿਕਲ ਚੁੱਕਾ ਸੀ ਤੇ ਸਭ ਨੂੰਹਾਂ ਚੁਗਲੀਆਂ 'ਚ ਰੁੱਝ ਗਈਆਂ। ਮੁੰਡੇ ਮਖੌਲ-ਠੱਠਾ ਕਰਨ ਵਿਚ ਤੇ ਬੁੱਢੀਆਂ ਹੁੱਕੀ ਪੀਣ ਵਿਚ ਰੁੱਝ ਗਈਆਂ। ਪਿੰਡ ਦਾ ਆਸਾ-ਪਾਸਾ ਐਸ ਸਮੇਂ ਵਿਰਾਨ ਜਿਹਾ ਹੋ ਜਾਂਦਾ। ਸਭ ਪਾਸੇ ਫੈਲੀ ਹਰਿਆਲੀ ਅੱਖਾਂ ਲਈ ਇਕ ਵਰਦਾਨ ਤੋਂ ਘੱਟ ਨਹੀਂ ਸੀ। ਖੇਤਾਂ ਵਿਚ ਜਿੱਥੇ ਤੱਕ ਨਜ਼ਰ ਜਾਂਦੀ ਮਲੂਕ ਜਿਹੇ ਪੱਤੇ ਹਵਾ ਨਾਲ ਝੂੰਮਦੇ ਦਿਖਾਈ ਦਿੰਦੇ। ਮੱਧਮ ਜਿਹੀ ਹਵਾ ਆਉਂਦੀ ਅਤੇ ਪੌਦੇ ਤੇ ਹਵਾ ਇਕੱਠੇ ਝੂੰਮਦੇ ਨਜ਼ਰ ਆਉਂਦੇ ਅਤੇ ਉੱਤੇ ਅਸਮਾਨ ਵਿਚ ਉੱਡਦੇ ਚਿੜੀਆਂ ਤੋਤੇ ਇੰਝ ਲੱਗ ਰਹੇ ਸਨ ਜਿਵੇਂ ਕਿਸੇ ਪੋਸਟਕਾਰਡ ਤੇ ਬਣੀ ਫੋਟੋ ਹੋਵੇ। ਸਾਰੀ ਕੁਦਰਤ ਕੋਈ ਜਸ਼ਨ ਮਨਾਉਂਦੀ ਪ੍ਰਤੀਤ ਹੋ ਰਹੀ ਸੀ।

ਇਕ ਮਜ਼ਦੂਰਾਂ ਦਾ ਝੁੰਡ ਖੇਤਾਂ ਦੇ ਨਾਲ ਨਾਲ ਅੱਗੇ ਜਾ ਰਿਹਾ ਸੀ। ਇਹ ਸਭ ਤੋਂ ਲੰਬਾ ਰਸਤਾ ਸੀ। ਈਸ਼ਵਰ, ਧੰਨਜੀ ਤੇ ਸ਼ਿਵੋਂ ਕੰਮ ਤੇ ਛੇਤੀ ਪਹੁੰਚਣਾ ਚਾਹੁੰਦੇ ਸਨ। ਇਸ ਲਈ ਉਹਨਾਂ ਨੇ ਇਕ ਨੇੜੇ ਦਾ ਰਸਤਾ ਚੁਣਿਆ। ਉਹ ਪਗਡੰਡੀ ਛੱਡ ਕੇ ਤੰਬਾਕੂ ਦੇ ਖੇਤ ਵਿਚ ਵੜ ਗਏ। ਉਹਨਾਂ ਲੋਕਾਂ ਦਾ ਧੰਨਵਾਦ ਜਿਹੜੇ ਖੇਤਾਂ ਵਿਚ ਫਸਲਾਂ ਨੂੰ ਕੱਟ ਕੇ ਇਕ ਰੀਬਨ ਵਰਗੀ ਪਰਡੰਡੀ ਬਣਾ ਦਿੰਦੇ ਸਨ। ਇਹ ਪਗਡੰਡੀ ਵਾਲਾਂ ਵਿਚੋਂ ਕੱਢੇ ਚੀਰ ਵਰਗੀ ਲੱਗਦੀ। ਇਕ ਤੰਗ ਜਿਹਾ ਰਸਤਾ 'ਨੇਲੀਊ' ਜਿਹੜਾ ਕਿ ਖੇਤਾਂ ਵਿਚਕਾਰੋਂ ਹੁੰਦਾ ਹੋਇਆ ਜਾ ਰਿਹਾ ਸੀ। ਕੈਕਟਸ ਦੇ ਬੂਟੇ ਉਸ ਰਸਤੇ ਦੇ ਦੋਹਾਂ ਪਾਸੇ ਲੱਗੇ ਹੋਏ ਸਨ। ਵੇਲਾਂ,



ਕੈਕਟਸ ਦੇ ਬੂਟਿਆਂ ਨਾਲ ਚੁੰਬੜ ਕੇ ਇਕ ਸੰਘਣੀ ਜਿਹੀ ਝਾੜੀ ਬਣਾ ਰਹੀਆਂ ਸਨ ਅਤੇ ਇਕ ਕੰਧ ਵਰਗਾ ਰੂਪ ਦੇ ਰਹੀਆਂ ਸਨ। ਬਹੇਚਰ ਜਿਹੜਾ ਕਿ ਪਟੇਲ ਜਾਤ ਦਾ ਸੀ, ਨੇਲੀਊ ਦੇ ਰਸਤੇ ਤੇ ਤੁਰਦਿਆਂ ਗੁੱਸੇ ਵਿਚ ਆ ਗਿਆ। ਜਿਵੇਂ ਹੀ ਉਸਨੇ ਈਸ਼ਵਰ, ਧਨਜੀ ਤੇ ਸ਼ਿਵਾ ਨੂੰ ਉਸ ਪੰਗਡੰਡੀ ਤੇ ਦੇਖਿਆ। ਉਸਨੂੰ ਇੰਝ ਲੱਗਾ ਜਿਵੇਂ ਉਸਨੇ ਬਾਂਦਰ ਦੇਖ ਲਏ ਹੋਣ। "ਕਮੀਨਿਓ... ਠਹਿਰੋ ਜ਼ਰਾ ਤੁਸੀਂ।" ਫਿਰ ਆਪਣੇ ਹੱਥ ਵਿਚ ਇਕ ਸੋਟੀ ਲੈ ਕੇ ਉਹ ਉਹਨਾਂ ਪਿੱਛੇ ਭੱਜਿਆ।

ਬਹੇਛਰ ਦੀ ਆਵਾਜ਼ ਦੂਰ ਦੂਰ ਤੱਕ ਗੂੰਜਣ ਲੱਗੀ। ਇਕ ਅੰਬ ਦੇ ਰੁੱਖ ਤੇ ਬੈਠਾ ਬਾਂਦਰ ਟੱਪਣ ਲੱਗਾ। ਔਰਤਾਂ ਹੈਰਾਨ ਹੋ ਗਈਆਂ। "ਇਹ ਤਾਂ ਸ਼ਰਾਬੀ ਤੇ ਕਮੀਨਾ ਬਹੇਚਰ ਹੈ।" ਉਨ੍ਹਾਂ ਵਿਚੋਂ ਇਕ ਨੇ ਕਿਹਾ। ਇਸ ਦ੍ਰਿਸ਼ ਨੇ ਉਨ੍ਹਾਂ ਨੂੰ ਇੱਕ ਪੱਤੇ ਵਾਂਗ ਝੰਜੋੜ ਦਿੱਤਾ। ਈਸ਼ਵਰ, ਧਨਜੀ ਤੇ ਸ਼ਿਵੋ ਤੇਜ਼ੀ ਨੇ ਭੱਜਣ ਲੱਗੇ ਤੇ ਬਹੇਚਰ ਉਨ੍ਹਾਂ ਦੇ ਪਿੱਛੇ ਭੱਜ ਰਿਹਾ ਸੀ। ਉਹ ਸਾਹੋ-ਸਾਹ ਹੋਇਆ ਚੀਖ਼ ਰਿਹਾ ਸੀ, "ਹਰਾਮਜ਼ਾਦੀਓ !! ਅੱਜ ਮੈਂ ਤੁਹਾਨੂੰ ਮਾਰ ਹੀ ਦਵਾਂਗਾ।" ਔਰਤਾਂ ਡਰਦੀਆਂ ਮਾਰੀਆਂ ਹੱਫ਼ੀਆਂ ਹੋਈਆਂ ਸਨ। ਡਰੀ ਹੋਈ ਨੈਨੀ ਨੇ ਕਿਹਾ, "ਓਹੋ ! ਇਹ ਬਦਮਾਸ਼ ਤਾਂ ਪਾਗਲ ਹੋ ਗਿਆ ਹੈ। ਲੱਗਦਾ ਹੈ ਜੋ ਉਸਨੇ ਕਿਹਾ ਉਸ ਤਰ੍ਹਾਂ ਨਹੀਂ ਕਰੇਗਾ।"

ਰੇਵੀਆ ਨੇ ਨੈਨੀ ਦਾ ਡਰ ਦੇਖਦਿਆਂ ਕਿਹਾ, "ਉਹ ਬਦਮਾਸ਼ ਓਨਾ ਹੀ ਜ਼ਿੱਦੀ ਹੈ ਜਿੰਨਾ ਉਹ ਬਦਤਮੀਜ਼ ਹੈ। ਫ਼ਿਕਰ ਨਾ ਕਰ। ਮੁੰਡੇ ਘੋੜਿਆਂ ਵਾਂਗ ਦੌੜ ਲੈਣਗੇ। ਉਹ ਢਿੱਡਲ ਉਨ੍ਹਾਂ ਨੂੰ ਨਹੀਂ ਫੜ ਸਕੇਗਾ। ਉਸਨੂੰ ਪਿੱਛਾ ਕਰਨਾ ਛੱਡਣਾ ਪਵੇਗਾ।" ਨੈਨੀ ਨੇ ਪੂਰਾ ਜ਼ੋਰ ਲਾ ਕੇ ਪੱਕੇ ਤੌਰ ਤੇ ਕਿਹਾ। ਕਾਂਸ਼ੀ ਇਹ ਬਰਦਾਸਤ ਨਾ ਕਰ ਸਕੀ ਉਹ ਖੇਤਾਂ ਦੇ ਵੱਟ 'ਤੇ ਤਿਲਕ ਗਈ।

ਰੁੱਖੀ ਨੇ ਫਿਰ ਕਾਂਸ਼ੀ ਨੂੰ ਭੰਡਣ ਦਾ ਮੌਕਾ ਮਿਲਦਿਆਂ ਕਿਹਾ ਜੋ ਵੀ ਹੋਵੇ? ਤੂੰ ਤਾਂ ਸਵੇਰੇ ਫੜ੍ਹ ਮਾਰੀ ਸੀ ਕਿ ਤੂੰ ਉਸਦਾ ਸਿਰ ਕੱਟ ਦਏਗੀ? "

ਥੋੜੀ ਦੂਰੀ ਤੇ ਅਜੇ ਵੀ ਉਹ ਜੰਗਲੀ ਦੌੜ ਚਾਲੂ ਸੀ। ਜਿਵੇਂ ਹੀ ਬਹੇਚਰ ਈਸ਼ਵਰ ਨੂੰ ਫੜ੍ਹਨ ਲੱਗਾ ਉਸਨੇ ਦਾਤੀ ਨੂੰ ਹੋਰ ਕੱਸ ਕੇ ਫੜ੍ਹ ਲਿਆ। ਈਸ਼ਵਰ ਨੇ ਜਦੋਂ ਦੇਖਿਆ ਕਿ ਬਹੇਛਰ ਉਸ ਦੇ ਬਿਲਕੁਲ ਨੇੜੇ ਪਹੁੰਚ ਗਿਆ ਹੈ ਤਾਂ ਉਹ ਚੇਤੰਨ ਹੋ ਗਿਆ। ਉਸਦਾ ਦਿਲ ਉਸਦੇ ਮੂੰਹ ਵਿਚ ਆ ਰਿਹਾ ਸੀ ਉਹ ਚੀਕਿਆ,"ਧਨੀਆਂ, ਸ਼ਿਵਲ !! ਛੇਤੀ ਭੱਜੋ !"

"ਤੁਸੀਂ ਆਵਰਾਗਰਦੋ !!... ਕੀ ਸੋਚਿਆ ਇਹ ਫ਼ਸਲ ਮੈਂ ਤੁਹਾਡੇ ਲਈ ਪੈਰਾਂ ਥੱਲੇ ਮਿੱਧਣ ਲਈ ਲਾਈ ਹੈ। ਮੇਰੇ ਡੁੱਬ ਮਰਨ ਵਾਲੀ ਗੱਲ ਹੈ ਜੇ ਅੱਜ ਮੈਂ ਤੁਹਾਡੀ ਜਾਨ ਨਾ ਲੈ ਲਈ ਤਾਂ !" ਉਹਨਾਂ ਤਿੰਨਾਂ ਮੁੰਡਿਆਂ ਦੇ ਦਿਲ ਜਿਵੇਂ ਬਾਹਰ ਆ ਰਹੇ ਹੋਣ। ਧੜਕਣ ਐਨੀ ਤੇਜ਼ ਜਿਵੇਂ ਅੰਦਰੋਂ ਕੋਈ ਹਥੋੜੇ ਮਾਰ ਰਿਹਾ ਹੋਵੇ। ਉਹਨਾਂ ਨੇ ਅਜਿਹਾ ਡਰ ਕਦੇ ਨਹੀਂ ਮਹਿਸੂਸ ਕੀਤਾ ਸੀ।

"ਬਦਮਾਸ਼ੋ ! ਅਸੀਂ ਤਾਂ ਇਹਨੂੰ ਖਤਮ ਕਰ ਦੇਵਾਂਗੇ ਪਰ ਇਸ ਵੇਲੇ ਉਹਦੇ ਹੱਥ ਵਿਚ ਗੰਡਾਸੀ ਹੈ ਤੇ ਉਹ ਸਾਨੂੰ ਖ਼ਤਮ ਕਰ ਦੇਵੇਗਾ? " ਸ਼ਿਵਾ ਨੇ ਸਾਹ ਚੜ੍ਹਿਆ ਹੋਣ ਕਰਕੇ ਰੁਕ ਰੁਕ ਕੇ ਕਿਹਾ। ਉਹ ਤਿੰਨੇ ਕਾਫ਼ੀ ਤੇਜ਼ ਸਨ। ਉਹ ਦੌੜਦੇ ਦੌੜਦੇ ਪਿੱਛੇ ਦੇਖ ਰਹੇ ਸਨ ਕਿ ਉਹ ਬਦਮਾਸ਼ ਕਿੰਨਾ ਕੁ ਨੇੜੇ ਆ ਗਿਆ ਤੇ ਉਸੇ ਹਿਸਾਬ ਨਾਲ ਹੋਰ ਤੇਜ਼ ਹੁੰਦਿਆਂ ਉਦੋਂ ਹੀ ਉਹ ਇਕ ਤਿਲਕਵੀਂ ਵੱਟ ਤੋਂ ਠੇਡਾ ਖਾ ਕੇ ਡਿੱਗ ਪਿਆ। ਉਹ ਮੂੰਹ ਭਾਰ ਡਿੱਗਿਆ ਤੇ ਉਸਦੀ ਗੰਡਾਸੀ ਉਸ ਤੋਂ ਥੋੜ੍ਹੀ ਦੂਰ ਹੀ ਡਿੱਗ ਪਈ ਸੀ।

"ਆਹ ! ਕਿੰਨਾ ਸੋਹਣਾ ਦ੍ਰਿਸ਼ ਹੈ। ਸ਼ਿਕਾਰੀ ਆਪਣੇ ਹੀ ਸ਼ਿਕੰਜੇ ਵਿਚ ਫਸ ਗਿਆ।" ਇਹ ਬੜੀ ਹਾਸੋਹੀਣੀ ਘਟਨਾ ਸੀ ਪਰ ਕਿਸੇ ਨੇ ਵੀ ਹੱਸਣ ਦੀ ਹਿੰਮਤ ਨਹੀਂ ਕੀਤੀ। ਬਹੇਛਰ ਜਲਦੀ ਨਾਲ ਉੱਠਿਆ ਤੇ ਆਪਣੀ ਗੰਡਾਸੀ ਚੁੱਕ ਕੇ ਫਿਰ ਭੱਜਣ ਲੱਗਾ।

"ਸ਼ਿਵਲਾ ਤੇਰੀਆਂ ਲੱਤਾਂ ਤਾਂ ਐਨੀਆਂ ਲੰਮੀਆਂ ਹਨ ਤੇ ਤੂੰ ਪਿੱਛੇ ਕਿਉਂ ਰਹਿ ਗਿਆ। ਮੈਨੂੰ ਪੱਕਾ ਪਤਾ ਹੈ ਕਿ ਜੇ ਹੁਣ ਉਸਨੇ ਸਾਨੂੰ ਫੜ ਲਿਆ ਤਾਂ ਸਾਡੀਆਂ ਹੱਡੀਆਂ ਤੋੜ ਦਵੇਗਾ। ਈਸ਼ਵਰ ਨੇ ਬਹੁਤ

ਕੋਸ਼ਿਸ਼ ਕੀਤੀ ਰੋਕਣ ਦੀ ਪਰ ਉਸਦਾ ਹਾਸਾ ਨਿਕਲ ਹੀ ਗਿਆ। ਬਹੁਤ ਵਧੀਆ ਸ਼ਿਵਲਾ, ਧਨਜੀ ਨੇ ਉਸਨੂੰ ਖੁਸ਼ ਕਰਨ ਲਈ ਕਿਹਾ। ਉਨ੍ਹਾਂ ਨੂੰ ਬਹੇਛਰ ਅਜੇ ਵੀ ਬੁੜਬੁੜਾਉਂਦਾ ਸੁਣਦਾ ਸੀ, "ਮੈਂ ਉਹਨਾਂ ਨੂੰ ਏਸ ਵਾਰ ਨਹੀਂ ਛੱਡਾਂਗਾ। ਮੈਂ ਤਾਂ ਉਹਨਾਂ ਨੂੰ ਪਾਤਾਲ ਵਿਚੋਂ ਵੀ ਕੱਢ ਲਵਾਂ ਇਕ ਵਾਰ ਹੱਥ ਲੱਗ ਜਾਣ ਬੱਸ।" ਸ਼ਿਵਲੋਂ ਨੇ ਜਿਰਾਫ਼ ਵਰਗੀਆਂ ਵੱਡੀਆਂ-ਵੱਡੀਆਂ ਲਾਂਘਾਂ ਪੁੱਟੀਆਂ ਅਤੇ ਆਪਣੇ ਦੋਹਾਂ ਸਾਥੀਆਂ ਨੂੰ ਪਿੱਛੇ ਛੱਡ ਗਿਆ। ਉਹਨਾਂ ਨੂੰ ਇਸ ਗੱਲ ਦਾ ਅਹਿਸਾਸ ਵੀ ਨਹੀਂ ਹੋਵੇਗਾ ਕਿ ਉਹ ਜਗਤਪੁਰ ਦੇ ਬਾਹਰੋਂ ਬਾਹਰ ਤੋਂ ਸੁਰੂ ਕਰ ਕੇ ਠਾਕਰਪੁਰੇ ਦੀ ਹੱਦ ਨੂੰ ਛੂਹ ਕੇ 18 ਕਿਲੋਮੀਟਰ ਦਾ ਰਸਤਾ ਤੈਅ ਕਰ ਚੁੱਕੇ ਹਨ। ਈਸ਼ਵਰ ਨੂੰ ਸੁੱਖ ਦਾ ਸਾਹ ਆਇਆ ਜਦੋਂ ਉਸਨੇ ਧੂਲ ਸਿੰਘ ਨੂੰ ਕਾਂਜੀ ਦੇ ਦਰਖਤ ਕੋਲ ਦੇਖਿਆ, ਉਹ ਉੱਥੇ ਗੁਡਾਈ ਦਾ ਕੰਮ ਕਰ ਰਹੇ ਸਨ। ਈਸ਼ਵਰ ਨੇ ਸਲਾਹ ਦਿੰਦਿਆ ਕਿਹਾ, "ਮੈਨੂੰ ਨਹੀਂ ਲਗਦਾ ਸਾਡੀਆਂ ਲੱਤਾਂ ਸਾਡਾ ਹੋਰ ਸਾਥ ਦੇਣਗੀਆਂ, ਚਲੋ ਧੂਲ ਸਿੰਘ ਕੋਲ ਚੱਲਦੇ ਹਾਂ।" ਉਸਦੇ ਫੇਫੜੇ ਜਿਵੇਂ ਕੋਹਲੂ ਦੇ ਬੈਲ ਵਾਂਗ ਕੰਮ ਕਰ ਰਹੇ ਸਨ। ਤਿੰਨਾਂ ਦੀ ਹਾਲਤ ਇਕੋ ਜਹੀ ਸੀ, ਪੂਰੀ ਤਰ੍ਹਾਂ ਹਫ਼ੇ ਹੋਏ... ਪੱਥਰਾਂ ਗਈਆਂ ਹੋਣ ਲੱਤਾਂ।

"ਤੁਸੀਂ ਇੰਝ ਕਿਉਂ ਦੌੜ ਰਹੇ ਹੋ? " ਧੂਲ ਸਿੰਘ ਨੇ ਕੰਮ ਕਰਦਿਆਂ ਕਰਦਿਆਂ ਬੜੀ ਹੈਰਾਨੀ ਨਾਲ ਪੁੱਛਿਆ। ਧੂਲ ਸਿੰਘ ਦੇ ਸਵਾਲ ਦਾ ਜਵਾਬ ਤਾਂ ਨਹੀਂ ਮਿਲਿਆ ਪਰ ਬਹੇਛਰ ਦੇ ਉੱਥੇ ਆਉਣ ਕਾਰਨ ਉਹ ਸਥਿਤੀ ਸਮਝ ਗਿਆ।

"ਇਹ ਤਾਂ ਬੜੀ ਸ਼ਰਮ ਦੀ ਗੱਲ ਹੈ, ਤੁਸੀਂ ਤਿੰਨ ਜਣੇ ਹੋ ਕੇ ਇਕ 'ਕਨਬੀ' ਤੋਂ ਡਰ ਗਏ। ਕਿੰਨੇ ਕਮਜ਼ੋਰ ਦਿਲ ਵਾਲੇ ਹੋ ਤੁਸੀਂ !" ਧੂਲ ਸਿੰਘ ਦੀ ਗੱਲ ਬਹੇਛਰ ਦੀ ਧਮਕੀ ਨੇ ਕੱਟ ਦਿੱਤੀ, "ਅੱਛਾ ! ਤੁਸੀਂ ਇਥੇ ਹੋ ! ਹੁਣ ਕਿੱਥੇ ਜਾਓਗੇ? " ਉਸ ਦਾ ਗੁੱਸਾ ਉਸਦੀ ਆਵਾਜ਼ ਵਿਚ ਝਲਕ ਰਿਹਾ ਸੀ। ਤਿੰਨੋਂ ਧੂਲ ਸਿੰਘ ਪਿੱਛੇ ਲੁੱਕ ਗਏ। ਹਾਲਾਤ ਸਮਝਦਿਆਂ ਧੂਲ ਸਿੰਘ ਨੇ ਦਾਤਰੀ ਬਹੇਛਰ ਵੱਲ ਉਲਾਰਦਿਆਂ ਕਿਹਾ, "ਇਕ ਕਦਮ ਵੀ ਅੱਗੇ ਵਧਿਆ ਤਾਂ ਏਥੇ ਹੀ ਢੇਰੀ ਕਰ ਦਿਆਂਗਾ।"

ਬਹੇਛਰ ਨੇ ਮੂੰਹ ਚੋਂ ਵਗਿਆ ਥੁੱਕ ਸਾਫ਼ ਕੀਤਾ। ਹਫ਼ਦਿਆਂ ਉਸਨੇ ਜਵਾਬ ਵਿਚ ਧਮਕੀ ਦੇ ਲਹਿਜੇ 'ਚ ਕਿਹਾ, ਇਹਨਾਂ ਨੇ ਮੇਰੀ ਖੜ੍ਹੀ ਫ਼ਸਲ ਖਰਾਬ ਕੀਤੀ ਹੈ, ਇਹ ਖੇਤ ਦੇ ਕੰਢੇ ਕੰਢੇ ਵੀ ਜਾ ਸਕਦੇ ਸਨ ਪਰ ਇਹ ਸੁਸਤ ਲੋਕ ਅੱਜ ਮੈਂ...।"

ਧੂਲ ਸਿੰਘ ਨੇ ਆਪਣੀ ਦਾਤਰੀ ਦਿਖਾਉਂਦੇ ਹੋਇਆ ਉਹ ਨੂੰ ਚੁੱਪ ਕਰਾ ਦਿੱਤਾ। ਉਸਦੀਆਂ ਅੱਖਾਂ ਇਹ ਸਾਰੀ ਉਥਲ ਪੁਥਲ ਦੇਖ ਕੇ ਹੈਰਾਨੀ ਨਾਲ ਭਰ ਗਈਆਂ।

"ਆਪਣੀ ਇਹ ਆਕੜ ਤੇ ਧੌਂਸ ਕਿਸੇ ਹੋਰ ਨੂੰ ਦਿਖਾਈਂ, ਧੂਲ ਸਿੰਘ ਸਾਹਮਣੇ ਨਹੀਂ ਚੱਲਣੀ, ਸਮਝਿਆ? "

ਧੂਲ ਸਿੰਘ ਤੇ ਉਹ ਤਿੰਨੋਂ ਜਮਾਤੀ ਰਹਿ ਚੁੱਕੇ ਸਨ। ਉੱਤੋਂ ਪਿੰਡ ਵਿਚ 'ਕਨਬੀ' ਤੇ 'ਦਰਬਾਰਾਂ' ਦਾ ਰਿਸ਼ਤਾ ਇਕੋ ਖੁੱਡ ਵਿਚ ਸੱਪ ਤੇ ਨਿਓਲੇ ਵਾਂਗ ਸੀ, ਜਿਹੜੇ ਇਕ ਦੂਜੇ ਦੀ ਜਾਨ ਦੇ ਦੁਸ਼ਮਣ ਹੁੰਦੇ ਹਨ।

"ਮੈਂ ਅੱਜ ਇਨ੍ਹਾਂ ਦੀ ਚੰਗੀ ਝੰਬ ਕਰਾਂਗਾ। ਇਨ੍ਹਾਂ ਨੂੰ ਸਬਕ ਇਸੇ ਤਰ੍ਹਾਂ ਹੀ ਸਿਖਾਇਆ ਜਾ ਸਕਦਾ ਹੈ।"

"ਇਨ੍ਹਾਂ ਨੂੰ ਹੱਥ ਤਾਂ ਲਾ ਕੇ ਦਿਖਾ। ਇਹ ਦਾਤਰੀ ਦੇਖੀ ਆ? ਇਕ ਵਾਰ ਨਾਲ ਹੀ ਤੂੰ ਥੱਲੇ ਡਿੱਗ ਕੇ ਤੜਫਣ ਲੱਗੇਗਾ। ਤੂੰ ਸੋਚਦਾ ਆ ਇਹ ਸਾਰੇ ਹਰੀਜਨ ਹਨ, ਲਚਾਰ ਹਨ। ਏਸ ਕਰਕੇ ਨੂੰ ਇਨ੍ਹਾਂ ਨਾਲ ਧੱਕਾ ਕਰੇਗਾ ਜਾਂ ਲੜੇਗਾ। ਤੈਨੂੰ ਕਿੰਨੀ ਵਾਰ ਮੈਂ ਕਿਹਾ ਕਿ ਮੁੜ ਜਾ। ਪਰ ਨਹੀਂ, ਤੂੰ ਨਹੀਂ ਸੁਣਦਾ। ਹੁਣ ਮੇਰੇ ਖੇਤਾਂ ਵਿਚੋਂ ਬਾਹਰ ਨਿਕਲ ਤੇ ਕਿਤੇ ਜਾ ਕੇ ਮਰ...।" ਉਸਦੇ ਅੰਦਰਲਾ 'ਦਰਬਾਰਾਂ' ਜਾਗ ਚੁੱਕਾ ਸੀ ਤੇ ਉਸਦੀ ਆਵਾਜ਼ ਗੂੰਜਣ ਲੱਗੀ।

ਬਹੇਛਰ ਦਾ ਤਾਂ ਸਾਹ ਹੀ ਨਿਕਲ ਚੁੱਕਾ ਸੀ ਏਨਾ ਭੱਜਣ ਪਿੱਛੋਂ। ਜਿਵੇਂ ਕੱਟੜ 'ਦਰਬਾਰਾਂ', (ਜ਼ਰਾਇਮ



ਪੇਸ਼ਾ ਲੋਕ) ਦਾ ਤਾਂ ਕੋਈ ਮੁਕਾਬਲਾ ਹੈ ਹੀ ਨਹੀਂ ਸੀ। ਇਹ ਸੋਚ ਕੇ ਬਹੇਛਰ ਹਾਰਿਆ ਜਿਹਾ ਵਾਪਸ ਮੁੜ ਗਿਆ। ਆਪਣੀ ਗੰਡਾਸੀ ਮਿੱਟੀ ਦੇ ਡਲ੍ਹੇ ਤੇ ਮਾਰਦਿਆਂ ਉਹ ਵਾਪਸ ਮੁੜ ਗਿਆ।

"ਈਸ਼ਵਰ ਹਫ਼ਦਿਆਂ ਬੋਲਿਆ, "ਧੂਲ ਸਿੰਘ, ਤੂੰ ਤਾਂ ਸਾਡੀ ਇੱਜ਼ਤ ਰੱਖ ਲਈ।" ਸ਼ਿਵਾ ਨੇ ਸੁੱਖ ਦਾ ਸਾਹ ਲਿਆ ਤੇ ਉਸਦੇ ਚਿਹਰੇ ਤੇ ਹੁਣ ਸ਼ਾਂਤੀ ਸੀ ਉਸਨੇ ਕਿਹਾ, "ਦਰਬਾਰ ਤਾਂ ਏਦਾਂ ਹੀ ਹੁੰਦੇ ਹਨ। ਉਹ ਤਾਜੀ ਬੱਕਰੀ ਦਾ ਗੋਸ਼ਤ ਖਾਂਦੇ ਹਨ ਸਾਡੇ ਵਾਂਗ ਲੱਸੀ ਪੀਂਦੇ।" ਧਨਜੀ ਨੇ ਵੀ ਸੁੱਖ ਦਾ ਸਾਹ ਲਿਆ ਕਿਉਂਕਿ ਉਹ ਵਾਲ ਵਾਲ ਬਚੇ ਸਨ। ਉਸਨੇ ਧੰਨਵਾਦੀ ਹੁੰਦਿਆਂ ਧੂਲ ਸਿੰਘ ਨੂੰ ਗਲੇ ਲਗਾਇਆ।

ਧੂਲ ਸਿੰਘ ਨੇ ਝਿਜਕਦਿਆਂ ਆਪਣੇ ਆਪ ਨੂੰ ਛੁਡਵਾਇਆ।

"ਜਾਤੀ ਤੌਰ ਤੇ ਮੈਂ ਤੁਹਾਡੀ ਮਦਦ ਕੀਤੀ ਪਰ ਕੀ ਹੁੰਦਾ ਜੇ ਮੇਰੀ ਬਰਾਦਰੀ ਦਾ ਕੋਈ ਬੰਦਾ ਇਹ ਤਮਾਸ਼ਾ ਦੇਖ ਲੈਂਦਾ, ਤਾਂ ਬਰਾਦਰੀ ਮੈਨੂੰ ਮਿੱਟੀ ਕਰ ਦਿੰਦੀ।"

ਚਾਰੇ ਜਣੇ ਕਾਂਜੀ ਦੇ ਦਰਖ਼ਤ ਹੇਠਾਂ ਬੈਠ ਗਏ। ਸਾਰਿਆਂ ਦੇ ਮੂੰਹ ਤੇ ਸਕੂਨ ਸੀ ਜੋ ਬਹੇਛਰ ਦੇ ਵਾਪਸ ਮੁੜਨ ਨਾਲ ਆਇਆ ਸੀ। ਧੂਲ ਸਿੰਘ ਇਹ ਜਾਨਣ ਲਈ ਬੜਾ ਉਤਸੁਕਤ ਸੀ, "ਤੁਸੀਂ ਮੈਨੂੰ ਇਸ ਸਾਰੇ ਕਿੱਸੇ ਬਾਰੇ ਕਿਉਂ ਨਹੀਂ ਦੱਸਦੇ? "

"ਕੁਝ ਨਹੀਂ ਸਾਡਾ ਗੁਨਾਹ ਬਸ ਐਨਾ ਹੈ ਕਿ ਅਸੀਂ ਉਸਦੇ ਖੇਤ ਵਿਚੋਂ ਲੰਘੇ ਸਾਂ।"

"ਤੁਸੀਂ ਉਸਦੇ ਖੇਤ ਦੀ ਫ਼ਸਲ ਖਰਾਬ ਕੀਤੀ? ਜਾਂ ਐਵੇਂ ਹੀ ਰੋਹਬ ਪਾ ਰਿਹਾ ਸੀ।"

"ਫਿਰ ਇਹਦਾ ਮਤਲਬ ਤਾਂ ਇਹੀ ਨਿਕਲਿਆ ਕਿ ਫ਼ੁਕਰੇ ਬੰਦੇ ਦੀ ਆਦਤ ਹੁੰਦੀ ਹੈ ਬਿਨਾਂ ਗੱਲੋਂ ਲੜਾਈ ਮੁੱਲ ਲੈਣੀ।"

"ਉਹ ਸਾਡੇ ਲੋਕਾਂ ਤੋਂ ਸੜਦਾ ਹੈ।"

"ਧੂਲ ਸਿੰਘ ਨੇ ਦਾਤਰੀ ਨਾਲ ਆਪਣਾ ਕੰਮ ਕਰਨਾ ਸ਼ੁਰੂ ਕਰ ਦਿੱਤਾ। ਤੇ ਉਹ ਤਿੰਨੋਂ ਹਲਕੇ ਫੁਲਕੇ ਹੋ ਕੇ ਆਪਣੇ ਘਰ ਵੱਲ ਤੁਰ ਪਏ।

ਪਿੰਡ ਵੱਲ ਜਾਂਦਿਆਂ ਇਕੋ ਗੱਲ ਹੋ ਰਹੀ ਸੀ ਉਮੀਦ ਹੈ ਗਰੀਬ ਗੁਰਬੇ ਨਾ ਮਾਰੇ ਜਾਣ।

ਦੂਜੇ ਪਾਸੇ ਈਸ਼ਵਰ, ਧਨਜੀ ਤੇ ਸ਼ਿਵਾ ਫੜ੍ਹਾ ਮਾਰਦੇ ਜਾ ਰਹੇ ਸਨ। ਉਹ ਬਦਮਾਸ਼ ਸਾਡਾ ਕੀ ਵਿਗਾੜ ਲੈਂਦਾ? ਅਸੀਂ ਉਹਨੂੰ ਆਪਣੇ ਪਿੱਛੇ ਕਿੰਨਾ ਘੁਮਾਇਆ। ਅੰਤ ਵਿਚ ਜਦ ਉਹ ਤੇਜ਼ ਨਾ ਦੌੜ ਸਕਿਆ ਕਿਵੇਂ ਉਹ ਮੂੰਹ ਵਿਚੋਂ ਝੱਗ ਸੁਟਦਾ ਹੋਇਆ ਖੇਤਾਂ ਦੇ ਢੇਰ ਤੇ ਡਿੱਗ ਗਿਆ। ਉਸ ਕੋਲ ਹਥਿਆਰ ਦੇ ਤੌਰ ਤੇ ਗੰਡਾਸੀ ਵੀ ਸੀ ਤੇ ਸਾਡੀ ਇਕ ਧਮਕੀ ਸੁਣਦਿਆਂ ਹੀ ਉਹ ਚੱਡਿਆ ਵਿਚ ਪੂਛ ਦੇ ਕੇ ਭੱਜ ਪਿਆ।

"ਬਹੁਤ ਵਧੀਆ ! ਆਪਣੀ ਬਹਾਦਰੀ ਦੀਆਂ ਕਿੰਨੀਆਂ ਫੜ੍ਹਾਂ ਮਾਰ ਰਹੇ ਹੋ।" ਇਹ ਕਹਿੰਦਿਆਂ ਕਾਂਸ਼ੀ ਨੇ ਰੁੱਖੀ ਦੇ ਕੰਨਾਂ ਵਿਚ ਕੁਝ ਕਿਹਾ, "ਕਿੰਨੇ ਬਦਮਾਸ਼ ਨੇ , ਇਹ ਸਾਨੂੰ ਮੂਰਖ ਬਣਾ ਰਹੇ ਹਨ।"

ਰਾਤ ਨੂੰ ਸਾਰੇ ਥੱਕੇ ਹਾਰੇ ਸੌਂ ਗਏ। ਸਿਰਫ਼ ਸ਼ਿਵਾ ਉੱਲੂ ਵਾਂਗ ਜਾਗ ਰਿਹਾ ਸੀ। ਉਸਦੇ ਸਿਰ ਦੀਆਂ ਨਸਾਂ ਠਾਹ ਠਾਹ ਵੱਜ ਰਹੀਆਂ ਸਨ। ਉਸਦੇ ਦਿਮਾਗ਼ ਵਿਚ ਸਵਾਲਾਂ ਦਾ ਜਿਵੇਂ ਹੜ੍ਹ ਆ ਗਿਆ ਹੋਵੇ। ਉਸਨੂੰ ਕੁਝ ਅਜੀਬ ਜਿਹਾ ਮਹਿਸੂਸ ਹੋ ਰਿਹਾ ਸੀ। ਉਸਨੂੰ ਨਕਾਰਿਆ ਨਹੀਂ ਜਾ ਸਕਦਾ ਸੀ। ਜੰਗਲੀ ਜਾਨਵਰਾਂ ਦੇ ਝੁੰਡ ਦੀ ਤਰ੍ਹਾਂ ਬਹੁਤ ਸਾਰੇ ਸਵਾਲ ਉਸਦੇ ਦਿਮਾਗ਼ ਵਿਚ ਭੱਜ ਦੌੜ ਕਰ ਰਹੇ ਸਨ ਤੇ ਉਹਨਾਂ ਦਾ ਸ਼ੋਰ ਦੂਰ ਤੱਕ ਅੰਦਰ ਹੀ ਕਿਤੇ ਗੂੰਜੀ ਜਾ ਰਿਹਾ ਸੀ। ਸਿਰ ਵਿਚ ਬਹੁਤ ਪੀੜ ਹੋ ਰਹੀ ਸੀ। ਉਸਨੇ ਆਪਣੇ ਆਪ ਨੂੰ ਐਨਾ ਉਦਾਸ ਕਦੇ ਵੀ ਨਹੀਂ ਸੀ ਮਹਿਸੂਸ ਕੀਤਾ। ਅਚਾਨਿਕ ਇੱਟਾਂ ਦੀ ਬਣੀ ਛੱਤ ਘੁੰਮਣ ਲੱਗੀ। ਬਹੇਛਰ ਨੇ ਇਕੱਲੇ ਨੇ ਹੀ ਉਸ ਬਦਮਾਸ਼ ਧੂਲ ਸਿੰਘ ਦਾ ਮੁਕਾਬਲਾ ਕੀਤਾ। ਜਿਸ ਤਰ੍ਹਾਂ ਉਸਨੇ ਬਹੇਛਰ ਨੂੰ ਆਪਣਾ ਰਸਤਾ ਨਾਪਣ ਲਈ ਮਜ਼ਬੂਰ ਕਰ ਦਿੱਤਾ ਜੋ ਜਿਗਰਾ ਧੂਲ ਸਿੰਘ ਨੇ ਦਿਖਾਇਆ ਤਰੀਫ਼ ਕਰਨ ਯੋਗ ਸੀ। ਉਹ ਕਿੰਝ ਨਿਧੱੜਕ ਹੋ ਕੇ ਖੜ੍ਹਾ ਰਿਹਾ ਤੇ ਉਸ ਕੋਲ ਭੱਜਣ ਤੋਂ ਇਲਾਵਾ ਕੋਈ ਰਸਤਾ ਨਹੀਂ ਸੀ। ਉਸਨੂੰ ਸਭ ਦੀ ਜਾਨ ਪਿਆਰੀ ਸੀ। ਤੇ ਫਿਰ ਕਿਹੜੀ ਗੱਲ ਸੀ? ਉਹ ਕੀ ਚੀਜ਼ ਸੀ ਜੋ ਉਹਨਾਂ ਨੂੰ

ਜਵਾਬ ਦੇਣ ਤੋਂ ਰੋਕ ਰਹੀ ਸੀ? ਕੀ ਧੂਲ ਸਿੰਘ ਉਨ੍ਹਾਂ ਦੀ ਉਮਰ ਦਾ ਨਹੀਂ ਸੀ। ਉਹ ਵੀ ਉਨ੍ਹਾਂ ਵਾਂਗ ਖੇਤਾਂ ਵਿਚ ਕੰਮ ਨਹੀਂ ਕਰਦਾ? ਕਿੱਦਾਂ ਉਸ ਸਨਕੀ ਜਿਹੇ ਬਦਮਾਸ਼ ਨੂੰ ਆਪਣੇ ਇਸ਼ਾਰਿਆਂ ਤੇ ਨਚਾਇਆ? ਜਨੂਨੀ? ਕਿਵੇਂ ਉਸਦੇ ਬਦਬੂਦਾਰ ਮੂੰਹ ਤੇ ਤਾਲਾ ਲੱਗ ਗਿਆ ਸੀ। ਉਹ ਵਹਿਸ਼ੀ ਘੋੜਾ ਕਿਵੇਂ ਸੁੰਨ ਹੋ ਗਿਆ ਸੀ। ਉਸ ਦੇ ਪੈਰਾਂ ਵਿਚ ਜਿਵੇਂ ਜੰਜ਼ੀਰਾਂ ਪੈ ਗਈਆਂ ਹੋਣ! ਕਿਵੇਂ ਉਸਦੀ ਗੰਡਾਸੀ 'ਤੇ ਪਕੜ ਢਿੱਲੀ ਹੋ ਗਈ ਸੀ। ਕਿਵੇਂ ਇਕ ਪਲ ਵਿਚ ਉਹ ਘੋੜੇ ਦਾ ਬੱਚਾ ਮੁੜ ਗਿਆ। ਇਸ ਗੱਲ ਨੇ ਉਸਦੇ ਚਿਹਰੇ ਤੇ ਮੁਸਕ੍ਰਾਹਟ ਲੈ ਆਂਦੀ। ਫਿਰ ਉਹ ਉਦਾਸ ਹੋ ਜਾਂਦਾ ਤੇ ਫਿਰ ਸੋਚਾਂ ਵਿਚ ਗੁਆਚ ਜਾਂਦਾ। ਸਾਰੀ ਰਾਤ ਉਹ ਪਲ ਭਰ ਵੀ ਨਾ ਸੌਂ ਸਕਿਆ ਤੇ ਪਾਸੇ ਲੈਂਦਾ ਰਿਹਾ। ਰਾਤ ਉਸਨੂੰ ਕਦੇ ਵੀ ਨਾ ਮੁੱਕਣ ਵਾਲੀ ਲੱਗ ਰਹੀ ਸੀ। ਉਸਦੀਆਂ ਅੱਖਾਂ ਅੱਗੇ ਇਕ ਅੱਗ ਦਾ ਗੋਲਾ ਘੁੰਮਣ ਲੱਗਾ। ਜਿਸ ਵਿਚੋਂ ਅੱਗ ਦੀਆਂ ਲਪਟਾਂ ਨਿਕਲ ਰਹੀਆਂ ਸਨ। ਉਸਨੂੰ ਲੱਗਾ ਕਿ ਜੇ ਇੰਝ ਹੀ ਹੁੰਦਾ ਰਿਹਾ ਤਾਂ ਸਭ ਕੁਝ ਸੜ ਕੇ ਸੁਆਹ ਹੋ ਜਾਵੇਗਾ। ਉਸਦਾ ਮੂੰਹ ਤੀਬਰ ਵੇਦਨਾ ਕਾਰਨ ਸੁੱਕ ਰਿਹਾ ਸੀ। ਸਾਰਾ ਸਰੀਰ ਪਸੀਨੇ ਨਾਲ ਭਿੱਜ ਗਿਆ ਸੀ। ਉਸਨੂੰ ਮਹਿਸੂਸ ਹੋ ਰਿਹਾ ਸੀ ਜਿਵੇਂ ਉਸ ਦੀਆਂ ਅੱਖਾਂ ਜਲ ਰਹੀਆਂ ਹੋਣ। ਆਲੇ ਦੁਆਲੇ ਵਿਚੋਂ ਵੀ ਸੇਕ ਆ ਰਿਹਾ ਸੀ। ਕੀ ਇਹ ਕੋਈ ਪੰਛੀ ਸੀ ਜਿਹੜਾ ਅੱਗ ਦੇ ਗੋਲੇ ਨਾਲ ਟਕਰਾ ਕੇ ਅੱਗ ਦੀਆਂ ਲਪਟਾ ਵਿਚ ਘਿਰਨ ਨਾਲ ਜਿਸਦੇ ਖੰਭ ਜਲ ਚੁੱਕੇ ਸਨ। ਅੱਖਾਂ ਦੇ ਡੇਲੇ ਬਾਹਰ ਆ ਗਏ ਤੇ ਗਰਦਨ ਝੁਲਸ ਕੇ ਲਟਕਣ ਲੱਗੀ। ਉਹ ਗੋਲਾ ਅਜੇ ਵੀ ਜਲ ਰਿਹਾ ਸੀ। ਸਮਾਂ ਟਿਕ ਟਿਕ ਕਰਦਿਆਂ ਗੁਜ਼ਰ ਰਿਹਾ ਸੀ।

ਪਿੰਡ ਵਿਚ ਸਭ ਨੂੰ ਪਤਾ ਸੀ ਕਿ ਬਹੇਛਰ ਮਜ਼ਦੂਰਾਂ ਦੀ ਤਲਾਸ਼ ਵਿਚ ਸੋਮਾਬਾਪਾ ਦੇ ਘਰ ਅਕਸਰ ਆਉਂਦਾ ਜਾਂਦਾ ਰਹਿੰਦਾ ਸੀ। ਸ਼ਿਵ ਦੇ ਕਹਿਣ ਤੇ ਉਹਨਾਂ ਨੇ ਫੈਸਲਾ ਕੀਤਾ ਕਿ ਉਸਦਾ ਇਕ ਵਾਰ ਚੰਗੀ ਤਰ੍ਹਾਂ ਧੁਲਾਈ ਕਰ ਦਿੱਤੀ ਜਾਵੇ। ਭਾਵੇਂ ਉਹਨਾਂ ਦੇ ਮਨਾਂ ਵਿਚ ਅਨੇਕਾਂ ਸੋਚਾਂ ਸਨ ਕਿ ਉੱਚੀ ਜਾਤ ਦੇ ਬੰਦੇ ਨੂੰ ਕੁੱਟ ਕੇ ਉਸੇ ਪਿੰਡ ਵਿਚ ਰਹਿਣਾ ਥੋੜਾ ਮੁਸ਼ਕਲ ਜਾਪਦਾ ਸੀ। ਉਹਨਾਂ ਦਾ ਤਾਂ ਸਾਰੇ ਪਿੰਡ, ਪੂਰੀ ਪੰਚਾਇਤ-ਸਰਪੰਚ ਭਾਵ ਹਰ ਚੀਜ਼ 'ਤੇ ਹੱਕ ਹੈ। ਗਲਤੀ ਚਾਹੇ ਉਨ੍ਹਾਂ ਦੀ ਹੋਵੇ ਭੁਗਤਣੀ ਤਾਂ ਉਨ੍ਹਾਂ ਅਛੂਤ ਲੋਕਾਂ ਨੂੰ ਹੀ ਪੈਂਦੀ ਸੀ। ਤੇ ਜੇ ਕੋਈ ਗਲਤੀ ਹੋ ਜਾਵੇ, ਉਹ ਏਨੀ ਬੁਰੀ ਹੋ ਜਾਂਦੀ ਜਿਵੇਂ ਸਾਰਿਆਂ ਦਾ ਹੁੱਕਾ ਪਾਣੀ ਬੰਦ ਕਰ ਦਿੱਤਾ ਹੋਵੇ। ਹਰ ਤਰ੍ਹਾਂ ਦੀ ਸਹੂਲਤ ਖੋਹ ਲਈ ਜਾਂਦੀ ਹੈ। ਉਹਨਾਂ ਤੋਂ ਬਿਨਾਂ ਅਛੂਤ ਲੋਕਾਂ ਦਾ ਜੀਵਨ ਕੱਟਣਾ ਅਸੰਭਵ ਸੀ। ਸਵੇਰ ਹੁੰਦਿਆਂ ਹੀ ਉਹਨਾਂ ਨੂੰ ਉੱਚੀ ਜਾਤ ਵਾਲਿਆਂ ਦੇ ਘਰਾਂ ਵਿਚ ਕਟੋਰਾ ਮੱਖਣ ਦਾ ਲੈਣ ਜਾਣਾ ਪੈਂਦਾ ਸੀ। ਉਹ ਆਪਣਾ ਦੋ ਡੰਗਾ ਦਾ ਖਾਣਾ ਕਿਵੇਂ ਤਿਆਰ ਕਰਨ, ਜੇ ਉਨ੍ਹਾਂ ਦੇ ਖੇਤਾਂ ਵਿਚ ਹੱਥੀਂ ਕੰਮ ਨਾ ਕਰਨ। ਉੱਤੋਂ ਉਹਨਾਂ ਨੂੰ ਕਬੀਲੇ ਦੇ ਵੱਡੇ ਵਡੇਰਿਆਂ ਤੋਂ ਝਿੜਕਾ ਵੀ ਖਾਣੀਆਂ ਪੈਂਦੀਆਂ।

ਸ਼ਿਵਾ ਹੁਣ ਦੁਨਿਆਵੀਂ ਝਮੇਲਿਆਂ ਨੂੰ ਹੱਲ ਕਰਨਾ ਸਿਖ ਗਿਆ ਸੀ ਜੋ ਵੇਲੇ ਕੁਵੇਲੇ ਪੈਦਾ ਹੋ ਜਾਂਦੇ ਹਨ। ਬਹੁਤ ਕੁਝ ਬਦਲ ਜਾਂਦਾ ਜਦੋਂ ਉਸਦੇ ਦਿਮਾ.ਗ ਵਿਚ ਕੋਈ ਯੁੱਧ ਛਿੜ ਜਾਂਦਾ। ਇਕ ਦਮ ਸ਼ਿਵ ਜੀ ਦੇ ਤਾਂਡਵ ਵਰਗਾ। ਅੱਜ ਚਾਹੇ ਸ਼ਿਵਾ ਪਹਿਲਾਂ ਵਾਂਗ ਹੀ ਸ਼ਾਂਤ ਸੀ। ਰਾਮਾਪੀਰ ਮੰਦਰ ਦੀ ਕੰਧ ਤੇ ਆਪਣਾ ਡੇਰਾ ਜਮਾਈ ਬੈਠੀ ਮੰਢੀਰ ਨੇ ਠੱਠਾ ਮਖੌਲ ਮੁਕਾਇਆ। ਕਾਂਸ਼ੀ ਹੱਥ ਵਿਚ ਬੋਤਲ ਫ਼ੜੀ ਮਿੱਟੀ ਦਾ ਤੇਲ ਲੈਣ ਜਾ ਰਹੀ ਸੀ। ਉਹ ਰੁਕੀ ਤੇ ਮਸ਼ਕਰੀ ਕਰਦੀ ਕਹਿਣ ਲੱਗੀ,

"ਉਹਦਾ ਨਾਂ ਤਾਂ ਧਨੀਆ ਧੋਕੇ ਹੈ ਪਰ ਕੱਲ੍ਹ ਉਹ ਆਪਣੀ ਜਾਨ ਬਚਾਉਂਦਾ ਭੱਜੀ ਜਾਂਦਾ ਸੀ।" ਨਾ ਚਾਹੁੰਦਿਆਂ ਧਨਜੀ ਨੇ ਕਿਹਾ, "ਹਾਂ ਹਰ ਕਿਸੇ ਨੂੰ ਚੌਕੰਨਾ ਹੋ ਕੇ ਕੰਮ ਕਰਨਾ ਚਾਹੀਦਾ ਸੀ।"

ਸ਼ਿਵਾ ਧਿਆਨ ਨਹੀਂ ਦੇ ਰਿਹਾ ਸੀ। ਕਿਸੇ ਤਰ੍ਹਾਂ ਵੀ ਉਸ ਰਾਤ ਦਾ ਦ੍ਰਿਸ਼ ਉਸਦੇ ਦਿਮਾ.ਗ ਵਿਚੋਂ ਜਾਣ ਦਾ ਨਾਂ ਨਹੀਂ ਲੈ ਰਹੇ ਸਨ। ਉਹ ਸਾਫ਼ ਸਾਫ਼ ਧੂਲ ਸਿੰਘ ਨੂੰ ਬਹੇਛਰ ਦਾ ਹਮਲਾ ਰੋਕਦਿਆਂ ਨਿੱਡਰ ਤੇ ਬਹਾਦਰ ਬਣਿਆ ਦੇਖ ਸਕਦਾ ਸੀ। ਫਿਰ ਅਚਾਨਿਕ ਸ਼ਿਵਾ ਖੜਾ ਹੋਇਆ ਤੇ ਛੇਤੀ ਹੀ ਮੰਦਰ ਵਾਲੀ ਗਲੀ ਵਿਚੋਂ ਗਾਇਬ ਵੀ ਹੋ ਗਿਆ। ਈਸ਼ਵਰ ਤੇ ਧਨਜੀ ਬਹੇਛਰ ਨੂੰ ਆਪਣੇ ਵੱਲ ਆਉਂਦਾ ਦੇਖ ਕੇ



ਸਹਿਮ ਗਏ। ਦੋਵੇਂ ਛੇਤੀ ਨਾਲ ਗਲੀ ਵਿਚ ਲੁਕ ਕੇ ਖੜੇ ਹੋ ਗਏ। ਹੱਥਾਂ ਵਿਚ ਪੱਥਰ ਫੜਿਆ ਉਹ ਉਸ ਬਦਮਾਸ਼ ਦੀ ਉਡੀਕ ਕਰਨ ਲੱਗਾ। ਉਸੇ ਹੀ ਪਲ ਉਹ ਗਲੀ ਅੰਦਰ ਵੜਿਆ ਤੇ ਉਸ ਤੇ ਇੱਟਾਂ ਪੱਥਰ ਵੱਜਣ ਲੱਗੇ। ਇਕ ਉਹਦੇ ਮੱਥੇ ਤੇ ਲੱਗਾ, "ਇਹ ਕੌਣ ਬਦਤਮੀਜ਼ ਹੈ?" ਉਹ ਦਰਦ ਨਾਲ ਚੀਕਿਆ। ਉਹਦੇ ਮੱਥੇ ਵਿਚੋਂ ਖ਼ੂਨ ਵਹਿਣ ਲੱਗਾ ਤੇ ਉਹ ਜ਼ਮੀਨ 'ਤੇ ਢੇਰੀ ਹੋ ਗਿਆ। ਸ਼ਿਵਾ ਸ਼ਿਕਾਰੀ ਕੁੱਤੇ ਵਾਂਗ ਉਸ ਉੱਤੇ ਝਪਟਿਆ ਅਤੇ ਲੱਤੋਂ ਘੜੀਸ ਲਿਆਇਆ। ਉਹਨਾਂ ਨੇ ਉਸਨੂੰ ਬਹੁਤ ਬੇਰਹਿਮੀ ਨਾਲ ਕੁੱਟਿਆ। ਕੋਈ ਵੀ ਉਸ ਦੀਆਂ ਚੀਕਾਂ ਸੁਣਨ ਵਾਲਾ ਨਹੀਂ ਸੀ। ਇਹ ਇਕ ਗੁਪਤ ਕਾਰਵਾਈ ਸੀ ਜਿਸਨੂੰ ਮੰਦਰ ਦੀ ਗਲੀ ਵਿਚ ਅੰਜ਼ਾਮ ਦਿੱਤਾ ਗਿਆ ਸੀ। ਸ਼ਿਕਾਰ ਦੀਆਂ ਚੀਕਾਂ ਹਨੇਰੇ ਵਿਚ ਹੀ ਕਿਤੇ ਗੁਆਚ ਗਈਆਂ। ਜਿਵੇਂ ਹੀ ਉਸਨੇ ਉੱਡਣ ਦੀ ਕੋਸ਼ਿਸ਼ ਕੀਤੀ ਧਨਜੀ ਨੇ ਜ਼ੋਰ ਨਾਲ ਉਸਦੇ ਲੱਤ ਮਾਰ ਕੇ ਫਿਰ ਲੰਮਾ ਪਾ ਦਿੱਤਾ। ਈਸ਼ਵਰ ਨੇ ਆਪਣੀ ਧੋਤੀ ਕੱਸੀ। ਇਕ ਵਾਰ ਫਿਰ ਭਖ਼ਦਾ ਹੋਇਆ ਦ੍ਰਿਸ਼ ਧਨਜੀ ਦੇ ਦਿਮਾ.ਗ ਵਿਚ ਘੁੰਮਣ ਲੱਗ ਤਾਂ ਬਹੇਛਰ ਘੌਲ ਕਰਨ ਲੱਗੇ। ਬਹੇਛਰ ਨੇ ਇਕਦਮ ਕੰਧ ਟੱਪੀ ਤੇ ਬਚ ਕੇ ਨਿਕਲ ਗਿਆ, ਉਸਦੀ ਧੋਤੀ ਲਮਕਦੀ ਜਾ ਰਹੀ ਸੀ?

"ਠਹਿਰ ਜਾਂ ਤੂੰ ਬਦਮਾਸ਼ਾ! ਡਰਪੋਕ.... ਠਹਿਰ ਜਾ...।" ਸ਼ਿਵਾ ਗੁੱਸੇ ਵਿਚ ਉਸਦੇ ਪਿੱਛੇ ਚੀਕਦਾ ਤੇ ਗੁੱਸੇ ਵਿਚ ਥੁੱਕਦਾ ਹੋਇਆ ਤੁਰ ਰਿਹਾ ਸੀ। ਉਦੋਂ ਹੀ ਕਾਂਸ਼ੀ ਮਿੱਟੀ ਦਾ ਤੇਲ ਲੈ ਕੇ ਵਾਪਸ ਆ ਰਹੀ ਸੀ। ਆਪਣੀ ਛਾਤੀ ਚੌੜੀ ਕਰਕੇ ਉਸਨੇ ਕਾਂਸ਼ੀ ਨੂੰ ਕਿਹਾ, "ਇਹ ਤਾਂ ਧਨੀਆ ਧੋਕੇ ਦੀ ਤਾਕਤ ਦੀ ਇਕ ਝਲਕ ਹੀ ਸੀ!"

"ਅੱਛਾ! ਤੇ ਇੰਝ ਹੈ? "

"ਬਿਲਕੁਲ ਮੈਂ ਉਸ ਕਮੀਨੇ ਦਾ ਸਾਹ ਸੁਕਾ ਦਿੱਤਾ।"

"ਬਿਲਕੁਲ ਚੰਗਾ ਕੀਤਾ...।" ਕਾਂਸ਼ੀ ਨੇ ਹੱਸਦਿਆਂ ਕਿਹਾ ਅਤੇ ਆਪਣੀ ਬੋਤਲ ਦਾ ਢੱਕਣ ਕਸਦਿਆਂ ਚਲੀ ਗਈ।

"ਵਿਚਾਰਾ ਬਹੇਛਰ! ਉਹ ਉਸੇ ਟੋਏ ਵਿਚ ਡਿੱਗ ਗਿਆ ਜੋ ਉਸਨੇ ਦੂਜਿਆਂ ਲਈ ਪੁੱਟਿਆ ਸੀ। ਜਦੋਂ ਵੀ ਉਸਨੂੰ ਕੋਈ ਪੁੱਛਦਾ ਕਿ ਉਹ ਜ਼ਖ਼ਮੀ ਕਿੰਝ ਹੋਇਆ ਤਾਂ ਉਹ ਝੱਟ ਦੇਣੀ ਆਖ ਦਿੰਦਾ। ਚੱਕਰਾ ਕੇ ਡਿੱਗਣ ਨਾਲ ਉਸਦਾ ਸਿਰ ਇਕ ਪੱਥਰ ਤੇ ਵੱਜਾ। ਇਸ ਦੁਨੀਆਂ ਵਿਚ ਉਹ ਕਿੰਝ ਕਹਿ ਦਵੇ ਕਿ ਉਸਨੇ ਅਛੂਤਾਂ ਹੱਥੋਂ ਛਿੱਤਰ ਖਾਧੇ ਨੇ? ਇਹ ਤਾਂ ਇਕ ਵੱਡਾ ਧੱਬਾ ਹੋਵੇਗਾ ਉੱਚੀ ਜਾਤ ਵਾਲਿਆਂ ਦੇ ਨਾਂ 'ਤੇ। ਉਪਰੋਂ ਤਾਂ ਬਹੇਛਰ ਬੜਾ ਬਹਾਦਰ ਮੰਨਿਆ ਜਾਂਦਾ ਸੀ। ਕੁੱਟ ਖਾਣ ਪਿਛੋਂ ਡਰਪੋਕਾਂ ਵਿਚ ਸ਼ਾਮਿਲ ਹੋਣਾ ਇਹ ਦਰਸਾਉਂਦਾ ਸੀ ਉਹ ਇਸ ਬੇਇੱਜਤੀ ਬਰਦਾਸਤ ਕਰਨ ਤੋਂ ਡਰਦਾ ਸੀ।

ਸ਼ਿਵਾ ਈਸ਼ਵਰ ਤੇ ਧਨਜੀ ਦੇ ਮਨਾਂ ਅੰਦਰ ਬਲਦੀ ਅੱਗ ਹੁਣ ਠੰਢੀ ਹੋਈ ਸੀ।

ਇਸੇ ਦੌਰਾਨ, ਇਹ ਘਟਨਾ 'ਅਛੂਤ ਬਸਤੀ' ਦੀ ਆਮ ਗੱਲਬਾਤ ਦਾ ਵਿਸ਼ਾ ਬਣ ਗਈ, ਇਕ ਇਕ ਕਰਕੇ ਸਾਰੇ ਪਾਸੇ ਇਹ ਗੱਲ ਫੈਲ ਗਈ।

"ਬਹੁਤ ਵਧੀਆ ਹੋਇਆ, ਉਸ ਕਮੀਨੇ ਨਾਲ ਇੰਝ ਹੀ ਹੋਣਾ ਚਾਹੀਦਾ ਸੀ ਸਾਰਿਆਂ ਦਾ ਜੀਣਾ ਦੁੱਬਰ ਕੀਤਾ ਹੋਇਆ ਸੀ।" ਉਪਰੋਂ ਸੁਣੀ ਸੁਣਾਈ ਗੱਲ ਤੇ ਤਾਂ ਲੋਕ ਝੱਟ ਯਕੀਨ ਕਰਦੇ ਸਨ। ਚੁੱਲ੍ਹਿਆਂ ਦੀ ਅੱਗ ਦੀ ਆਖਰੀ ਚੰਗਿਆੜੀ ਪਾਣੀ ਦੇ ਛਿੱਟਿਆਂ ਨਾਲ ਬੁਝਾ ਦਿੱਤੀ ਗਈ ਸੀ, ਅਸਲੀ ਘਟਨਾ ਅਜੇ ਇਸ ਪਾਸੇ ਸੀ। ਅਛੂਤਾਂ ਉੱਤੇ ਮੰਡਰਾਉਂਦਾ ਖਤਰਾ ਟਲ ਗਿਆ ਸੀ। ਫਿਰ ਵੀ ਤਿੰਨਾਂ ਨੇ ਆਪਣੇ ਲੋਕਾਂ ਨੂੰ ਸੁਚੇਤ ਕਰ ਦਿੱਤਾ ਸੀ।

ਬਹੇਛਰ ਦੇ ਜ਼ਖ਼ਮ ਠੀਕ ਹੋਣ ਨੂੰ ਕਾਫੀ ਸਮਾਂ ਲੱਗ ਰਿਹਾ ਸੀ। ਜਿੰਨੀ ਵਾਰ ਵੀ ਉਹ ਆਪਣੇ ਜ਼ਖ਼ਮਾਂ ਤੇ ਲੱਗੀਆਂ ਪੱਟੀਆਂ ਨੂੰ ਛੂੰਹਦਾ ਉਹ ਬੇਇੱਜ਼ਤੀ ਭਰਿਆ ਦ੍ਰਿਸ਼ ਉਸਦੀਆਂ ਅੱਖਾਂ ਸਾਹਮਣੇ ਘੁੰਮਣ ਲੱਗਦਾ। ਬਹੇਛਰ ਇਕ ਗੁੰਡਾ ਤੇ ਲੁੱਚੇ ਆਦਮੀ ਦੇ ਤੌਰ ਤੇ ਪਛਾਣ ਬਣਾ ਚੁੱਕਾ ਸੀ।

ਦੂਜੇ ਪਾਸੇ ਧਨਜੀ ਅਤੇ ਸ਼ਿਵਾ ਵਿਚ ਇਕ ਨਵੇਂ ਜੋਸ਼ ਅਤੇ ਉਤਸ਼ਾਹ ਦੀ ਚਿੰਗਾਰੀ ਭਰ ਗਈ ਸੀ।

## ਗੁਜਰਾਤੀ ਕਹਾਣੀ / ਰਖਵਾਲੇ ਸੱਪ / ਅਰਵਿੰਦ ਵੇਗਦਾ

ਵੀਰ ਜੀ ਦਾ ਪਿਤਾ ਮਰ ਗਿਆ ਅਤੇ ਵੀਰਜੀ ਤੇ 2000 ਰੁਪਏ ਦਾ ਕਰਜ਼ਾ ਚੜ੍ਹ ਗਿਆ ਜੋ ਕਿ ਜੀਲਭਾ ਤੋਂ ਲਿਆ ਸੀ। ਖੰਘ ਦੀ ਆਵਾਜ਼ ਦੇ ਨਾਲ ਨਾਲ 'ਰਾਮ ਨਾਮ' ਦੀ ਆਵਾਜ਼ ਨਾਲ ਘਰ ਸ਼ਮਸ਼ਾਨ ਘਾਟ ਦੀ ਤਰ੍ਹਾਂ ਬਣ ਗਿਆ। ਸਾਰੀਆਂ ਜ਼ਿੰਮੇਵਾਰੀਆਂ ਵੀਰ ਜੀ ਦੇ ਸਿਰ ਆ ਪਈਆਂ ਉਹ ਅਜੇ ਆਪਣੇ ਪੈਰਾਂ ਤੇ ਖੜੇ ਹੋਣ ਦੀ ਕੋਸ਼ਿਸ਼ ਵਿਚ ਸੀ।

ਵੀਰ ਜੀ ਰੋਜ਼ ਦੀ ਤਰ੍ਹਾਂ ਆਪਣੇ ਬਿਖਰੇ ਵਾਲ਼ ਸਮੇਟਦਿਆਂ ਸਿੱਧਾ ਸ਼ਹਿਰ ਵੱਲ ਚੱਲ ਪਿਆ।

ਸਟੇਸ਼ਨ ਦੇ ਪਲੇਟ ਫਾਰਮ 'ਤੇ ਇਕੱਠੇ ਹੋਏ ਲੋਕ ਅਸ਼ਲੀਲ ਗੱਲਾਂ ਵਿਚ ਡੁੱਬੇ ਹੋਣਗੇ ਜੋ ਕਿ ਪੱਕੇ ਤੌਰ ਤੇ ਔਰਤਾਂ ਨੂੰ ਲੈ ਕੇ ਕੀਤੀਆਂ ਜਾਂਦੀਆਂ ਹਨ। ਸਟੇਸ਼ਨ ਮਸ਼ਖਰੀਆਂ ਤੇ ਚੁਟਕਲਿਆਂ ਦੀਆਂ ਆਵਾਜ਼ਾਂ ਨਾਲ ਗੂੰਜ ਰਿਹਾ ਸੀ ਰੂੜੀ ਦੇ ਬਾਰੇ ਤਾਂ ਕੁਝ ਨਾ ਕੁਝ ਬੋਲਿਆ ਹੀ ਜਾਂਦਾ।

ਰੂੜੀ ਵੀਰ ਜੀ ਦੀ ਘਰਵਾਲੀ ਸੀ ਹੁਣੇ ਹੁਣੇ ਹੀ ਉਹਨਾਂ ਦਾ ਵਿਆਹ ਹੋਇਆ ਸੀ। ਜੀਲਭਾ ਦੀਆਂ ਅੱਖਾਂ ਅੱਧੀਆਂ ਬੰਦ ਹੋ ਜਾਂਦੀਆਂ ਜਦੋਂ ਵੀ ਰੂੜੀ ਦਾ ਨਾਮ ਲਿਆ ਜਾਂਦਾ ਤੇ ਮੂੰਹ ਵਿਚ ਉਹ ਕੁਝ ਬੁੜਬੜਾਉਂਦਾ... ਹਰਾਮ... ਵੀਰਜੀ ਨੂੰ ਦੇਖ ਕੇ ਉਸਨੇ ਕਿਹਾ, "ਆਜਾ ਆਜਾ ਵੀਰਜੀ.... ਅੱਜ ਕੱਲ੍ਹ ਤੂੰ ਦਿਖਦਾ ਹੀ ਨਹੀਂ....।" ਉਸਨੇ ਵੀਰਜੀ ਵੱਲ ਇਕ ਬੀੜੀ ਦਾ ਬੰਡਲ ਸੁੱਟਿਆ।

"ਵੀਰੂ, ਇਹ ਤਾਂ ਬਹੁਤ ਬੁਰੀ ਹੋਈ, ਤੇਰੇ ਪਿਤਾ ਦੀ ਮੌਤ ਤੋਂ ਬਾਅਦ, ਉਹਦੇ ਵਰਗਾ ਕੰਮ ਕਰਨ ਵਾਲਾ ਆਦਮੀ ਕਿਤੇ ਨਹੀਂ ਮਿਲਿਆ। ਕਣਕਾਂ ਦੀ ਅਜੇ ਵਾਢੀ ਪਈ ਹੈ... ਕੀ ਮੈਂ ਤੈਨੂੰ ਤਕਲੀਫ਼ ਤਾਂ ਨਹੀਂ ਦੇ ਰਿਹਾ? " ਉਹ ਰੁੱਕ ਕੇ ਬੋਲਿਆ,

"ਚੱਲ ਛੱਡ ਕੰਮ ਨੂੰ ਵੀਰੂ, ਇਹ ਦੱਸ ਤੂੰ ਮੱਕੀ-ਬਾਜਰਾ ਕੁੱਟਿਆ ਹੋਇਆ ਹੈ? ਕਿ ਨਹੀਂ? ਕਿੱਦਾਂ ਰਹੇਗਾ ਜੇ ਸਾਡੇ ਆਪਣੇ ਖੇਤ ਵਿਚੋਂ ਇਕ ਬੋਰਾ ਮੱਕੀ-ਬਾਜਰਾ ਲਿਆ ਜਾਵੇ ? "

ਠੀਕ ਹੈ, ਬਾਪੂ ਜੀ।" ਵੀਰਜੀ ਇਹ ਕਹਿੰਦਿਆਂ ਅੱਗੇ ਘਰ ਵੱਲ ਚੱਲ ਪਿਆ...

"ਉਏ ਸੁਣ... ਮੈਨੂੰ ਭੁੱਲ ਹੀ ਨਾ ਜਾਵੇ ਸੱਚ... ਏਸ ਸਾਲ ਤੂੰ ਮੇਰੇ ਖੇਤਾਂ 'ਚ ਕੰਮ ਕਰਨਾ ਹੈ। ਸਾਡੇ ਦੋਹਾਂ ਲਈ ਚੰਗਾ ਹੈ।"

"ਭਾਈਆ ਜੀ, ਮਾਫ਼ ਕਰਨਾ ਪਰ ਇਹ ਨਹੀਂ ਹੋ ਸਕਦਾ? ਏਸ ਸਾਲ ਤਾਂ ਮੈਂ ਨੱਥਾ ਪਟੇਲ ਦੇ ਕੰਮ ਕਰਨ ਲਈ ਵਚਨਬੱਧ ਹਾਂ, ਮੈਂ ਉਹ ਨਹੀਂ ਛੱਡ ਸਕਦਾ।" ਵੀਰਜੀ ਨੇ ਆਪਣਾ ਸਿਰ ਖੁਰਕਦਿਆਂ ਕਿਹਾ।

"ਦੇਖ ਵੀਰਜੀ, ਤੇਰਾ ਪਿਓ ਨੱਥਾ ਪਟੇਲ ਦੇ ਕੇਵਲ ਦੋ ਹਜ਼ਾਰ ਰੁਪਏ ਲਈ ਨਹੀਂ ਗਿਆ। ਉਹ ਮੇਰੇ ਕੋਲ ਆਇਆ ਸੀ। ਦੋ ਹਜਾਰ ਰੁਪਏ ਸੌਖੇ ਹੀ ਨਹੀਂ ਕਮਾਏ ਜਾਂਦੇ ਨਾ ਹੀ ਇਹ ਥੋੜੀ ਰਕਮ ਹੈ ਤੇਰੇ ਪਿਓ ਦੇ ਮਿੰਨਤਾਂ ਕਰਨ ਤੇ ਮੈਂ ਉਸਨੂੰ ਦੇ ਦਿੱਤੇ। ਮੈਂ ਉਸਨੂੰ ਆਪਣਾ ਸਮਝਦਾ ਸੀ। ਤੇ ਹੁਣ ਤੂੰ ਵੱਡੀਆਂ ਵੱਡੀਆਂ ਗੱਲਾਂ ਕਰਨ ਲੱਗ ਪਿਆ ਏ। ਕੱਲ੍ਹ ਸ਼ਾਮ ਤੱਕ ਪੈਸੇ ਕੱਢ ਦੇ ਨਹੀਂ ਤਾਂ ਨਤੀਜੇ ਤੈਨੂੰ ਭੁਗਤਣੇ ਪੈਣਗੇ।"

ਵੀਰਜੀ ਨੇ ਸਭ ਕੁਝ ਸੁਣਕੇ ਬਰਦਾਸ਼ਤ ਕਰ ਲਿਆ ਤੇ ਕਿਹਾ, "ਮੈਂ ਮਾਂ ਨਾਲ ਗੱਲ ਕਰਾਂਗਾ।" ਅਤੇ ਉਥੋਂ ਚਲਾ ਗਿਆ।

ਜਿਵੇਂ ਹੀ ਵੀਰਜੀ ਵਾਪਸ ਜਾਣ ਲਈ ਮੁੜਿਆ ਤਾਂ ਬਹੁਤ ਉੱਚੀ ਹਾਸੇ ਦੀ ਆਵਾਜ਼ ਆਈ, "ਮੈਂ ਤਾਂ ਚਮ ਉਦੇੜ੍ਹ ਦੇਨਾਂ ਜਿਹੜਾ ਮੈਨੂੰ 'ਨਾਂਹ' ਕਹੇ। ਮੈਂ ਤਾਂ ਪਿੰਡ ਵਿਚ ਇਹਦੀ ਜ਼ਿੰਦਗੀ ਨਰਕ ਬਣਾ ਦੇਵਾਂਗਾ। ਇਹ ਲੋਕ ਗਾਲਾਂ ਦੀ ਭਾਸ਼ਾ ਹੀ ਸਮਝਦੇ ਹਨ।" ਇਹ ਸਭ ਸੁਣ ਕੇ ਵੀਰਜੀ ਰੁਕਿਆ ਪਰ ਫਿਰ



ਤੁਰ ਪਿਆ ਹੋਰ ਕਰ ਵੀ ਕੀ ਸਕਦਾ ਸੀ।

ਥੱਕੀ ਟੁੱਟੀ ਸ਼ਾਮ ਦਾ ਸੂਰਜ ਵੀ ਢੱਲ ਗਿਆ। ਰੂੜੀ ਚੁੱਲ੍ਹੇ ਵਿਚ ਪਤਲੀਆਂ-ਪਤਲੀਆਂ ਲੱਕੜਾਂ ਪਾ ਕੇ ਖਾਣੇ ਦੀ ਤਿਆਰੀ ਕਰਦੀ ਵੀਰਜੀ ਦੀਆਂ ਸੋਚਾਂ ਵਿਚ ਡੁੱਬੀ ਹੋਈ ਸੀ।

"ਜੀਲਭਾ ਚਾਹੁੰਦਾ ਹੈ ਕਿ ਮੈਂ ਉਸਦੇ ਕਣਕ ਦੇ ਖੇਤਾਂ ਵਿਚ ਕੰਮ ਕਰਾਂ। ਉਹ ਸਾਥੋਂ ਮਜ਼ਦੂਰੀ ਕਰਾਉਣੀ ਚਾਹੁੰਦਾ ਹੈ। ਕੀ ਕੀਤਾ ਜਾਵੇ?"

" ਮਾਂ ਜੀ ਨੂੰ ਪੁੱਛ ਲਓ, ਉਹ ਵੱਡੇ ਨੇ। ਸਾਨੂੰ ਉਹਨਾਂ ਤੋਂ ਸਲਾਹ ਲੈਣੀ ਚਾਹੀਦੀ ਹੈ।" ਵੀਰਜੀ ਨੂੰ ਉਸਦਾ ਸਮਝਦਾਰੀ ਭਰਿਆ ਉੱਤਰ ਸੁਣ ਕੇ ਖੁਸ਼ੀ ਹੋਈ।

"ਪੁੱਤ ਜਦੋਂ ਤੇਰੇ ਪਿਤਾ ਜਿਉਂਦੇ ਸਨ ਤਾਂ ਗੱਲ ਕੁਝ ਹੋਰ ਸੀ। ਤੈਨੂੰ ਪਤਾ ਹੀ ਹੈ ਕਿ ਉਹ ਹਮੇਸ਼ਾਂ ਜੀਲਭਾ ਦਾ ਕੰਮ ਹੀ ਕਰਦੇ ਸਨ, ਉਪਰੋਂ ਸਾਡੇ ਤੇ ਦੋ ਹਜਾਰ ਰੁਪਏ ਦਾ ਕਰਜ਼ਾ ਵੀ ਹੈ। ਹੋਰ ਕੀ ਕੀਤਾ ਜਾ ਸਕਦਾ ਹੈ? " ਵੀਰਜੀ ਦੀ ਮਾਤਾ ਨੇ ਸਾੜ੍ਹੀ ਦੇ ਪੱਲੇ ਨਾਲ ਆਪਣੀਆਂ ਅੱਖਾਂ ਪੂੰਝਦਿਆਂ ਕਿਹਾ।

"ਮੈਂ ਕੱਲ੍ਹ ਫੇਰ 'ਹਾਂ' ਕਰ ਦਿਆਂਗਾ।"

ਘਰ ਵਿਚ ਸਣ ਦੀਆਂ ਰੱਸੀਆਂ ਦਾ ਵੀਰਜੀ ਤੇ ਰੂੜੀ ਨੇ ਇਕ ਪਰਦਾ ਜਿਹਾ ਕਰਕੇ ਆਪਣਾ ਨਿੱਜੀ ਥਾਂ ਬਣਾਇਆ ਹੋਇਆ ਸੀ। ਵੀਰਜੀ ਤੇ ਰੂੜੀ ਅਕਸਰ ਇਸ ਥਾਂ ਤੇ ਆਪਣੇ ਸੁਫ਼ਨੇ ਬੁਣਦੇ ਸਨ। ਲਾਲਟੇਨ ਦੀ ਰੌਸ਼ਨੀ ਧੀਮੀ ਕਰਦਿਆਂ ਰੂੜੀ ਇਕ ਭੋਲਾ ਜਿਹਾ ਹਾਸਾ ਹੱਸੀ।

ਹਰ ਸਵੇਰ ਰੂਪਾ ਖੂਹ ਤੋਂ ਪਾਣੀ ਭਰਨ ਲਈ ਜਾਂਦੀ ਦੇਖੀ ਜਾਂਦੀ। ਔਰਤਾਂ ਆਮ ਤੌਰ 'ਤੇ ਇਹ ਖੁਸਰ-ਫੁਸਰ ਕਰਦੀਆਂ ਕਿ ਵੀਰ ਜੀ ਦੀ ਵਹੁਟੀ ਕਮਾਲ ਦੀ ਸੁੰਦਰ ਹੈ। ਉਸਦੀ ਬੋਲੀ ਅਤੇ ਚਾਲ ਉਸਦਾ 'ਨਾਂ' ਦਰਸਾਉਂਦੇ ਹਨ। (ਰੂੜੀ ਮਤਲਬ ਸੁੰਦਰ) ਚੰਪਾ ਨੇ ਤਾਂ ਇਹ ਵੀ ਪੁੱਛ ਲਿਆ, "ਭਾਬੀ ਤੂੰ ਇਕਾਦਸ਼ੀ ਲਈ ਕਿੰਨੇ ਵਰਤ ਰੱਖੇ ਸੀ।"

ਰੂੜੀ ਨੇ ਹੱਸਦਿਆਂ ਆਪਣਾ ਘੜਾ ਹੇਠਾਂ ਰੱਖਿਆ ਤੇ ਕਿਹਾ, "ਆਪਣੇ ਭਰਾ ਨੂੰ ਪੁੱਛਣਾ।"

ਅੱਜ ਫੇਰ ਪਹਿਲਾਂ ਵਾਂਗ ਵੀਰਜੀ ਬਜ਼ਾਰ ਗਿਆ। ਜੀਲਬਾ ਜਿਵੇਂ ਕਿ ਭਗਵਾਨ ਰਾਮ ਦੀ ਉਡੀਕ ਕਰ ਰਿਹਾ ਸੀ, ਉਸਨੂੰ ਦੇਖਦਿਆਂ ਉਸਨੇ ਕਿਹਾ, "ਆ ਵੀਰਜੀ, ਫੇਰ ਕੀ ਸੋਚਿਆ ਤੂੰ? ਆਹ ਲੈ ਬੀੜੀ ਪੀ।"

ਬੀੜੀ ਜਲਾਉਂਦਿਆਂ ਵੀਰਜੀ ਨੇ ਕਿਹਾ, "ਸੋਚ ਤਾਂ ਲਿਆ ਹੈ।"

"ਠੀਕ ਹੈ ਫੇਰ, ਕੱਲ੍ਹ ਤੋਂ ਆਪਣਾ ਕੰਮ ਸ਼ੁਰੂ ਕਰ ਦੇ ਤੇ ਖਾਣਾ...।"

ਜੀਲਬਾ ਨੇ ਅਚਾਨਿਕ ਘਰ ਵੱਲ ਜਾਂਦਿਆਂ ਵਾਪਸ ਮੁੜਦਿਆਂ ਕਿਹਾ।

ਵਾਪਸ ਆ ਕੇ ਵੀਰਜੀ ਨੇ ਆਪਣੀ ਮਾਂ ਨਾਲ ਗੱਲ ਕੀਤੀ। ਅਗਲੇ ਦਿਨ ਤੋਂ ਵੀਰਜੀ ਦੀ ਮਾਂ ਤੇ ਰੂੜੀ ਨੇ ਜਾ ਕੇ ਜੀਲਭਾ ਦੇ ਵੱਡੇ ਘਰ ਵਿਚ ਸਾਫ਼ ਸਫ਼ਾਈ ਦਾ ਕੰਮ ਕੀਤਾ। ਜੀਲਭਾ ਆਪਣੀਆਂ ਲਲਚਾਈਆਂ ਨਜ਼ਰਾਂ ਨਾਲ ਰੂੜੀ ਵੱਲ ਦੇਖਦਿਆਂ, "ਬੀਬੀ ਤੇਰੇ ਮੁੰਡੇ ਦੀ ਵਹੁਟੀ ਤਾਂ ਬਹੁਤ ਸਿਆਣੀ ਤੇ ਸੁੰਦਰ ਹੈ।"

ਬਾਬੂ ਜੀ ਤੁਹਾਡੀ ਕ੍ਰਿਪਾ ਹੈ।" ਵੀਰਜੀ ਦੀ ਮਾਂ ਨੇ ਉਸਦੀ ਗੱਲ ਕਰਦਿਆਂ ਕਿਹਾ।

ਜੀਲਭਾ ਦੇ ਦਿਮਾਗ਼ ਵਿਚ ਰੂੜੀ ਹੀ ਘੁੰਮਦੀ ਰਹੀ ਸੀ। ਗਲੀ ਵਿਚ ਰੂੜੀ ਨੂੰ ਦੇਖਣ ਲਈ ਖੜੇ ਹੋਣਾ ਰੋਜ਼ ਦਾ ਕੰਮ ਸੀ। ਖੇਤਾਂ ਵਿਚ ਕਣਕਾਂ ਦਾ ਰੰਗ ਬਦਲਣਾ ਸ਼ੁਰੂ ਹੋ ਗਿਆ। ਸਰਦੀ ਹੌਲੀ ਹੌਲੀ ਖਤਮ ਹੋ ਰਹੀ ਸੀ। ਪਿੰਡ ਵਿਚ ਬਸ ਵਾਢੀਆਂ ਦੀਆਂ ਹੀ ਗੱਲਾਂ ਹੁੰਦੀਆਂ ਰਹਿੰਦੀਆਂ ਸਨ।

ਜੀਲਭਾ ਨੇ ਵੀਰਜੀ ਨੂੰ ਸ਼ਾਮ ਨੂੰ ਬੁਲਾਇਆ ਅਤੇ ਕਿਹਾ, "ਦੇਖ ਵੀਰਜੀ ਕੱਲ ਤੋਂ ਵਾਢੀਆਂ ਦਾ

ਕੰਮ ਸ਼ੁਰੂ ਹੈ। ਸਵੇਰੇ 8 ਵਜੇ ਦੇ ਕਰੀਬ ਤੂੰ ਏਥੇ ਹੋਣਾ ਚਾਹੀਦਾ ਏਂ। ਹੋਰ ਵੀ ਦਿਹਾੜੀਦਾਰਾਂ ਨੂੰ ਬੁਲਾ ਲਈ। ਸਾਰੀਆਂ ਬੈਲ ਗੱਡੀਆਂ ਸਮੇਂ ਸਿਰ ਭੇਜ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਠੀਕ ਹੈ? ਆਹ ਲੈ ਬੀੜੀ ਪੀ।"

ਵੀਰਜੀ ਕੁਝ ਕੁ ਦਿਹਾੜੀਦਾਰਾਂ ਨੂੰ ਲੈ ਕੇ ਚੱਲ ਪਿਆ ਤੇ ਉਹ ਸਭ ਖੇਤਾਂ ਵੱਲ ਚੱਲ ਪਏ। ਰੂੜੀ ਵੀ ਛੇਤੀ ਉੱਠ ਪਈ ਤੇ ਉਸਨੇ ਥੋੜੇ ਚੌਲ ਚੁੱਲ੍ਹੇ ਤੇ ਬਣਾਏ। ਰੂੜੀ ਵੀ ਦਿਹਾੜੀ ਕਰਨ ਨਾਲ ਹੀ ਗਈ। ਉਹ ਕੰਮ ਨੂੰ ਬਹੁਤ ਤੇਜ਼ ਸੀ। ਉਸਨੇ ਬੜੀ ਤੇਜ਼ੀ ਨਾਲ ਕਣਕ ਦੀ ਵਾਢੀ ਕਰਨੀ ਸ਼ੁਰੂ ਕੀਤੀ। ਵਾਢੀ ਕਰਦਿਆਂ ਉਸ ਦੀਆਂ ਵੰਗਾਂ ਵੀ ਛਣਕ ਰਹੀਆਂ ਸਨ। ਛੇਤੀ ਛੇਤੀ ਕੰਮ ਕੀਤਾ ਜਾ ਰਿਹਾ ਸੀ। ਕੰਮ ਖਤਮ ਕਰਦਿਆਂ ਉਸਨੇ ਪਸੀਨੇ ਦੀਆਂ ਬੂੰਦਾਂ ਸਾਫ਼ ਕੀਤੀਆਂ ਤੇ ਇਕ ਕਣਕ ਦਾ ਸਿੱਟਾ ਆਪਣੇ ਪੇਟੀਕੋਟ ਵਿਚ ਛੁਪਾਉਂਦਿਆਂ ਹੱਸ ਪਈ।

ਇਕ ਦਿਨ, ਰਸਤੇ ਵਿਚ ਉਸਦੇ ਪੈਰ ਵਿਚ ਕੰਡਾ ਚੁੱਭ ਗਿਆ। ਉਸਨੇ ਆਪਣੀ ਲੱਤ ਤੋਂ ਕੱਪੜਾ ਚੁਕਦਿਆਂ ਕੰਡਾ ਕੱਢਿਆ। ਜੀਲਭਾ ਦੀਆਂ ਕਾਮੀ ਅੱਖਾਂ ਉਸਦੀ ਨੰਗੀ ਲੱਤ 'ਤੇ ਟਿਕ ਗਈਆਂ।

ਜੀਲਭਾ ਆਪਣਾ ਦੁਪਹਿਰ ਦਾ ਖਾਣਾ ਖਾਣਾ ਵੀ ਭੁੱਲ ਗਿਆ। ਉਸਨੇ ਬੈਲ ਗੱਡੀ 'ਤੇ ਸੌਣ ਦੀ ਕੋਸ਼ਿਸ਼ ਕੀਤੀ ਪਰ ਉਸਦੀ ਨੀਂਦ ਉੱਡ ਚੁੱਕੀ ਸੀ ਤੇ ਸੂਰਜ ਵੀ ਛੁਪ ਰਿਹਾ ਸੀ।

ਸ਼ਾਮ ਨੂੰ ਸਭ ਦਿਹਾੜੀਦਾਰ ਘਰਾਂ ਵੱਲ ਜਾਂਦੇ ਦਿਖਾਈ ਦਿੱਤੇ। ਸਿਰ ਤੇ ਇਕ ਭਾਰਾ ਜਿਹਾ ਕੱਪੜਾ ਲਈ ਚੰਪਾ ਵੀ ਘਰ ਵੱਲ ਜਾ ਰਹੀ ਸੀ।

"ਦੇਖ ਭਾਬੀ! ਉਹ ਨਾਗਿਨ ਆਪਣੇ ਹੀ ਦਿੱਤੇ ਆਂਡੇ ਖਾ ਰਹੀ ਸੀ!... ਤੇ ਛੋਟੇ ਆਂਡੇ ਬਚੇ ਰਹੇ ਸਨ... ਸੱਪਾਂ ਤੋਂ ਬਚਾਉਣ ਵਾਲੇ... ਘਿਓ ਦੇ ਦੀਵੇ ਇਹਨਾਂ ਅੱਗੇ ਜਲਾਏ ਜਾਂਦੇ ਨੇ। ਸੱਪ ਬੇਕਸੂਰ ਬੰਦੇ ਨੂੰ ਡੰਗ ਨਹੀਂ ਮਾਰਦੇ...।" ਰੂੜੀ ਤੇ ਚੰਪਾ ਘਰ ਪਹੁੰਚਣ ਤੱਕ ਸੱਪਾਂ ਦੀਆਂ ਗੱਲਾਂ ਕਰਦੀਆਂ ਰਹੀਆਂ।

ਜੀਲਭਾ ਵੀ ਘਰ ਵਾਪਸ ਪਰਤਿਆ ... ਉਸ ਦੀਆਂ ਅੱਖਾਂ ਸਭ ਪਾਸੇ ਕੁਝ ਲੱਭ ਰਹੀਆਂ ਸਨ... ਉਹਨੂੰ ਇੰਝ ਲੱਗ ਰਿਹਾ ਜਿਵੇਂ ਕੋਈ ਜੰਗਲੀ ਜਾਨਵਰ ਬਿਨਾਂ ਆਪਣਾ ਸ਼ਿਕਾਰ ਮਿਲੇ ਵਾਪਸ ਆ ਗਿਆ ਹੋਵੇ।

"ਦੇਖ ਵੀਰਾ, ਦਾਣੇ ਤੇ ਤੂੜੀ ਤੋਂ ਵੱਖ ਕਰਨ ਲਈ ਤਿਆਰ ਨੇ। ਉਮੀਦ ਹੈ ਹਵਾ ਵੀ ਸਾਥ ਦਵੇਗੀ। ਏਸ ਕੰਮ ਲਈ ਤੈਨੂੰ ਫਾਰਮ ਤੇ ਪੂਰੀ ਰਾਤ ਲਈ ਵੀ ਰਹਿਣਾ ਪਵੇਗਾ। ਦਾਣਿਆ ਦੀ ਰਾਖੀ ਵੀ ਜ਼ਰੂਰੀ ਹੈ, ਨਹੀਂ?"

ਜੀਲਭਾ ਦੀ ਇਹ ਗੱਲ ਸੁਣ ਕੇ, ਵੀਰਜੀ ਦੀ ਮਾਂ ਨੇ ਹੱਥ ਜੋੜ ਕੇ ਕਿਹਾ, "ਭਗਵਾਨ ਰਾਮ ਹੀ ਰਾਖੀ ਕਰਦੇ ਨੇ।"

"ਓ ਬੀਬੀ ਮੈਂ ਭਗਵਾਨ ਰਾਮ ਦੀ ਗੱਲ ਨਹੀਂ ਕਰ ਰਿਹਾ। ਮੈਂ ਤਾਂ ਵੀਰੂ ਦੀ ਗੱਲ ਕਰ ਰਿਹਾਂ।" ਉਹ ਹੱਸਿਆ ਤੇ ਚੋਰੀ ਚੋਰੀ ਰੂੜੀ ਵੱਲ ਇਕ ਨਜ਼ਰ ਮਾਰੀ। ਜੀਲਭਾ ਵੀ ਮਦਦ ਦੇ ਬਹਾਨੇ ਫਾਰਮ ਤੇ ਰੁੱਕ ਗਿਆ। ਉਹ ਕਿਸੇ ਨਾ ਕਿਸੇ ਚੀਜ਼ ਨੂੰ ਫੜਾਉਂਦਿਆਂ ਰੂੜੀ ਨੂੰ ਛੂਹ ਲੈਂਦਾ। ਇਕ ਵਾਰ ਉਹ ਆਪਣੇ ਆਪ ਨੂੰ ਰੋਕ ਨਾ ਪਾਇਆ ਤੇ ਉਸਨੇ ਰੂੜੀ ਦਾ ਹੱਥ ਘੁੱਟ ਦਿੱਤਾ। ਰੂੜੀ ਨੂੰ ਉਸਦੀ ਘਟੀਆ ਭਾਵਨਾ ਸਮਝ ਆ ਗਈ ਤੇ ਉਸਨੇ ਜ਼ੋਰ ਨਾਲ ਆਪਣਾ ਹੱਥ ਛੁਡਾਇਆ। ਉਹ ਉਸਨੂੰ ਗਾਲਾਂ ਕੱਢਣ ਹੀ ਵਾਲੀ ਸੀ ਪਰ...

ਅਗਲੇ ਦਿਨ ਰੂੜੀ ਕੰਮ ਤੇ ਨਹੀਂ ਪਹੁੰਚੀ , ਇਸ ਗੱਲ ਨੂੰ ਲੈ ਕੇ ਜੀਲਭਾ ਬਹੁਤ ਬੇਚੈਨ ਸੀ।

"ਰਾਏ ਸਿੰਘ, ਕੀ ਕੀਤਾ ਜਾਣਾ ਚਾਹੀਦਾ ਹੈ? ਇਹ ਰੂੜੀ ....? "

ਰਾਏ ਸਿੰਘ, ਜੀਲਭਾ ਵਿਚ ਆਏ ਬਦਲਾਅ ਤੇ ਉਸ ਦੇ ਕਾਰਨ ਬਾਰੇ ਸਭ ਜਾਣਦਾ ਸੀ।



"ਕੋਈ ਗੱਲ ਨਹੀਂ! ਇਹ ਮੇਰਾ ਕੰਮ ਹੈ। ਤੂੰ ਬਸ ਦੇਖਦਾ ਰਹਿ। ਉਹ ਜਲਦੀ ਹੀ ਤੇਰੇ ਕਦਮਾਂ ਵਿਚ ਹੋਵੇਗਾ।"

"ਪਰ ਵੀਰੂ ਦਾ ਕੀ ਕਰੀਏ? ਉਸਨੂੰ ਅੱਜ ਬੁਖਾਰ ਹੈ!" ਜੀਲਭਾ ਨੇ ਕਿਹਾ। "ਉਂਝ ਬੁਖਾਰ ਤਾਂ ਸਾਡੇ ਲਈ ਫਾਇਦੇ ਮੰਦ ਹੈ। ਉਸ ਨੇ ਸ਼ੈਤਾਨੀ ਹਾਸਾ ਹੱਸਦਿਆਂ ਕਿਹਾ, "ਜਰਾ ਉਸਦਾ ਹਾਲ ਚਾਲ ਪੁਛੀਏ। " ਇਹ ਕਹਿੰਦਿਆਂ ਉਹ ਆਪਣੇ ਕੰਮ ਲੱਗ ਗਿਆ।

ਸ਼ਾਮ ਨੂੰ ਜੀਲਭਾ ਵੀਰਜੀ ਦੇ ਘਰ ਗਿਆ, "ਚੱਲ ਉੱਠ ਵੀਰ੍ਹ ਤੈਨੂੰ ਗਲਤ ਸਮੇਂ ਤੇ ਬੁਖਾਰ ਹੋ ਗਿਆ ਹੈ। ਅਜੇ ਬਹੁਤ ਕੰਮ ਕਰਨ ਵਾਲਾ ਹੈ। ਕੋਈ ਚਾਰਾ ਨਹੀਂ ਕੰਮ ਤੋਂ ਬਿਨਾਂ। ਤੁਹਾਨੂੰ ਦੋਹਾਂ ਨੂੰ ਕੰਮ 'ਤੇ ਆਉਣਾ ਪਵੇਗਾ। ਵੀਰਜੀ ਚਾਹੁੰਦਾ ਤਾਂ ਨਹੀਂ ਸੀ ਪਰ ਰੂੜੀ ਨਾਲ ਕੰਮ ਲਈ ਚੱਲ ਪਿਆ। ਵੀਰਜੀ ਨੂੰ ਦੇਖ ਕੇ ਰਾਏ ਸਿੰਘ ਨੇ ਉੱਚੀ ਆਵਾਜ਼ 'ਚ ਕਿਹਾ, "ਸਾਰਿਆਂ ਲਈ ਗਰਮ ਗਰਮ ਚਾਹ ਲਿਆਂਦੀ ਜਾਵੇ। ਚਲੋ ਚਾਹ ਪੀਏ।"

ਰਾਏ ਸਿੰਘ ਗਿਆ ਤੇ ਚਾਹ ਲੈ ਕੇ ਆਇਆ, "ਬਾਊ ਜੀ ਤੁਸੀਂ ਦਿਓ ਜਰਾ ਚਾਹ।"

"ਵੀਰੂ ਆਹ ਲੈ, ਥੋੜੀ ਚਾਹ ਲੈ ਲਾ।" ਜੀਲਭਾ ਨੇ ਚਾਹ ਭਾਂਢਿਆਂ ਵਿਚ ਪਾਉਂਦਿਆਂ ਕਿਹਾ। "ਚਾਹ ਪੀਓ ਤੇ ਫਿਰ ਕੰਮ ਤੇ ਲੱਗ ਜਾਓ। ਮੈਂ ਹੁਣੇ ਆਇਆ।" ਇਹ ਕਹਿੰਦਿਆਂ ਜੀਲਭਾ ਘਰ ਵਾਪਸ ਚਲਾ ਗਿਆ ਵੀਰਜੀ ਨੂੰ ਕੰਮ ਕਰਦਿਆਂ ਛੱਡ ਕੇ ਵੀਰਜੀ ਇਕ ਦਮ ਹੇਠਾਂ ਡਿੱਗ ਗਿਆ ਤੇ ਉਸਨੂੰ ਲੱਗ ਰਿਹਾ ਸੀ ਜਿਵੇਂ ਉਸਦਾ ਸਰੀਰ ਜਲ ਰਿਹਾ ਹੋਵੇ। ਉਹ ਪਸ਼ੀਨੋ ਪਸ਼ੀਨੀ ਹੋਇਆ ਸੀ ਤੇ ਉਲਟੀ ਕਰਨ ਲੱਗਾ ਉਸਦੇ ਸਿਰ ਵਿਚ ਹਥੋੜੇ ਚੱਲਣ ਵਰਗਾ ਦਰਦ ਹੋ ਰਿਹਾ ਸੀ। ਉਸ ਦਾ ਸਰੀਰ ਠੰਡਾ ਪਈ ਜਾ ਰਿਹਾ ਸੀ।। ਪਿੰਡ ਵੱਲ ਵੇਖਦਿਆਂ ਰਾਏ ਸਿੰਘ ਨੇ ਕਿਹਾ ਘਰ ਚਲਾ ਜਾ ਵੀਰੂ ਤੈਥੋਂ ਹੋਰ ਕੰਮ ਨਹੀਂ ਹੋਣਾ, ਰੂੜੀ ਵੀ ਥੋੜਾ ਹੋਰ ਕੰਮ ਕਰਕੇ ਤੇਰੇ ਪਿੱਛੇ ਹੀ ਆ ਜਾਵੇਗੀ।"

ਵੀਰਜੀ ਲੜਖੜਾਉਂਦਿਆਂ ਘਰ ਵਾਪਸ ਪਰਤਿਆ। ਜਿਵੇਂ ਹੀ ਉਹ ਆਪਣੇ ਘਰ ਅੰਦਰ ਵੜਿਆ ਤੇ ਉਹ ਮੰਜੇ ਤੇ ਢੇਰੀ ਹੋ ਗਿਆ। ਉਸਨੂੰ ਕੁੱਤਿਆਂ ਦੇ ਭੌਂਕਣ ਦੀ ਆਵਾਜ਼ ਆ ਰਹੀ ਸੀ।

ਉਧਰ ਰੂੜੀ ਵੀਰਜੀ ਲਈ ਫ਼ਿਕਰਮੰਦ ਸੀ ਤੇ ਛੇਤੀ ਕੰਮ ਮੁਕਾ ਕੇ ਵਾਪਸ ਉਸਦੇ ਕੋਲ ਪਰਤਣਾ ਚਾਹੁੰਦੀ ਸੀ। ਉਹ ਛੇਤੀ ਨਾਲ ਕੰਮ ਮੁਕਾ ਕੇ ਘਰ ਵੱਲ ਤੁਰ ਪਈ ਪਰ ਅਜੇ ਉਹ ਮੁਸ਼ਕਲ ਨਾਲ ਥੋੜੀ ਦੂਰ ਹੀ ਗਈ ਸੀ ਕਿ ਉਸਨੇ ਆਪਣੇ ਮੂੰਹ ਤੇ ਬੜੇ ਮਜ਼ਬੂਤ ਜਿਹੇ ਹੱਥ ਮਹਿਸੂਸ ਕੀਤੇ... ਰੂੜੀ ਨੇ ਆਪਣਾ ਆਪ ਛੁਡਾਉਣ ਦੀ ਬੜੀ ਕੋਸ਼ਿਸ਼ ਕੀਤੀ... ਪਰ ਉਸ ਦੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ... ਹਰ ਪਾਸਿਓ ਹਾਸੇ ਦੀ ਆਵਾਜ਼ ਆਉਣ ਲੱਗੀ... ਉਹ ਬੁਰੀ ਤਰ੍ਹਾਂ ਮਸਲ ਦਿੱਤੀ ਗਈ।

ਬੇਹੋਸ਼ੀ ਦੀ ਹਾਲਤ ਵਿਚ ਉਹ ਘਰ ਪਹੁੰਚੀ।

ਵੀਰਜੀ ਦੀ ਮਾਂ ਪਹਿਲਾਂ ਹੀ ਵਿਲਕ ਰਹੀ ਸੀ, "ਓ ਮੇਰੇ ਵੀਰੂ ਨੂੰ ਕੀ ਹੋ ਗਿਆ? "

ਰੂੜੀ ਆਪਣੇ ਆਪ ਨੂੰ ਸੰਭਾਲਦਿਆਂ ਬੜੀ ਮੁਸ਼ਕਲ ਨਾਲ ਮੰਜੇ ਕੋਲ ਪਹੁੰਚੀ ਤੇ ਮੁਸ਼ਕਲ ਨਾਲ ਇਹ ਹੀ ਕਹਿ ਸਕੀ, "ਰਖਵਾਲੇ ਸੱਪ....!" ਤੇ....

**ਕਹਾਣੀਕਾਰ ਭਗਵੰਤ ਰਸੂਲਪੁਰੀ ਦੇ ਦੋ ਕਹਾਣੀ ਸੰਗ੍ਰਹਿ**

**ਕੁਵੇਲੇ ਤੁਰਿਆ ਪਾਂਧੀ ਅਤੇ ਮੈਂ ਸ਼ੈਤਾਨ ਤੇ ਇੰਦੂਮਣੀ**

**ਦਾ ਪੁਨਰ ਪ੍ਰਕਾਸ਼ਨ ਬਹੁਤ ਜਲਦੀ ਛਪ ਕੇ ਆ ਰਿਹਾ ਹੈ।**

## ਗੁਜਰਾਤੀ ਕਹਾਣੀ / **ਬਲਦ ਦੀ ਖੱਲ਼** / ਹਰੀਸ਼ ਮੰਗਲਮ

ਸਵੇਰ ਦੁਪਹਿਰ ਵੱਲ ਵੱਧ ਰਹੀ ਸੀ ਪਰ ਅਜੇ ਵੀ ਕਾਲੇ ਤੇ ਭੂਰੇ ਦਾ ਕੋਈ ਨਾਮੋ-ਨਿਸ਼ਾਨ ਨਹੀਂ ਦਿਸ ਰਿਹਾ ਸੀ। ਉਹਨਾਂ ਨੂੰ ਹਰ ਪਾਸੇ ਲੱਭਿਆ ਜਾ ਸਕਦਾ ਸੀ। ਪੰਡਿਤ ਬਰਿਜ ਮੋਹਣ ਦਾ ਬਲਦ ਰਸਤੇ ਵਿਚ ਖੂਹ ਕੋਲ ਮਰਿਆ ਹੋਇਆ ਸੀ ਜੋ ਪਿੰਡ ਦੇ ਵਿਚਾਲੇ ਸੀ। ਪੰਡਿਤ ਬਿਰਿਜ ਮੋਹਣ ਦਾ ਹਾਲੀ ਬਲਦ ਨੂੰ ਹੱਕਦਿਆਂ ਖੇਤਾਂ ਵੱਲ ਲਿਜਾ ਹੀ ਰਿਹਾ ਸੀ। ਖੂਹ ਦੇ ਕੋਲ ਦੀ ਜ਼ਮੀਨ ਬੜੀ ਤਿਲਕਵੀ ਸੀ। ਉਹਨਾਂ ਵਿਚੋਂ ਇਕ ਬਲਦ ਤਿਲਕ ਕੇ ਡਿੱਗ ਗਿਆ। ਹਾਲੀ ਨੇ ਬਹੁਤ ਮੁਸ਼ਕਲ ਨਾਲ ਉਸਨੂੰ ਖੜੇ ਕੀਤਾ। ਬਲਦ ਬੁੱਢਾ ਅਤੇ ਕਮਜੋਰ ਸੀ। ਉਸ ਦੀਆਂ ਪਸਲੀਆਂ ਕੋਲ ਸੱਟ ਲੱਗੀ ਤੇ ਉਹ ਮਰ ਗਿਆ।

ਪੰਡਿਤ ਬਿਰਿਜ ਮੋਹਨ ਨੂੰ ਜਿਵੇਂ ਹੀ ਪਤਾ ਚੱਲਿਆ, ਉਹ ਭੱਜਿਆ ਭੱਜਿਆ ਆਇਆ। ਹੱਲ ਵਾਹੁਣ ਸਮੇਂ ਇਕ ਬਲਦ ਦਾ ਮਰ ਜਾਣਾ ਕਿਸੇ ਤਬਾਹੀ ਤੋਂ ਘੱਟ ਨਹੀਂ ਸੀ। ਪੰਡਿਤ ਤੇ ਤਾਂ ਜਿਵੇਂ ਬਿਜਲੀ ਡਿੱਗ ਗਈ ਹੋਵੇ।

ਬਲਦ ਨੂੰ ਖੂਹ ਕੋਲੋਂ ਹਟਾਉਣਾ ਜ਼ਰੂਰੀ ਸੀ। ਫਿਰ ਉਸ ਕਾਲੇ ਤੇ ਭੂਰੇ ਨੂੰ ਲੱਭਣਾ ਸ਼ੁਰੂ ਕਰ ਦਿੱਤਾ ਗਿਆ। ਪੂਰੇ ਪਿੰਡ ਵਿਚ ਕੇਵਲ ਇਹ ਦੋ ਜਣੇ ਸੀ। ਜੋ ਮਰੇ ਹੋਏ ਬਲਦ ਨੂੰ ਪਿੰਡੋਂ ਬਾਹਰ ਲੈ ਜਾ ਸਕਦੇ ਹੋਣ।

ਜਦ ਤੱਕ ਬਲਦ ਜਿਉਂਦਾ ਸੀ ਤਾਂ ਕੋਈ ਮੁਸੀਬਤ ਨਹੀਂ ਸੀ। ਜੋ ਬਲਦ ਕੱਲ੍ਹ ਤੱਕ ਅੰਨ ਉਗਾਉਣ ਵਿਚ ਮਦਦਗਾਰ ਸੀ ਮਰਦਿਆਂ ਹੀ ਅਸ਼ੁੱਧ ਹੋ ਗਿਆ। ਸਿਰਫ ਉਸਨੂੰ ਛੂਹਣਾ ਹੀ ਨਹੀਂ ਨੇੜੇ ਖੜ੍ਹਨਾ ਵੀ ਪਾਪ ਸੀ।

ਸੂਰਜ ਕਾਫੀ ਚੜ੍ਹ ਗਿਆ ਸੀ। ਖੂਹ ਕੋਲ ਪਏ ਬਲਦ ਦੇ ਮੁਰਦਾ ਸਰੀਰ 'ਤੇ ਮੱਖੀਆਂ ਭਿਣਭਿਣਾਉਣ ਲੱਗੀਆਂ। ਕਿਸੇ ਨੂੰ ਨਹੀਂ ਪਤਾ ਕਾਲਾ ਤੇ ਭੂਰਾ ਕਿੱਥੇ ਚਲੇ ਗਏ। ਪੰਡਿਤ ਬਰਿਜ ਮੋਹਨ ਆਪ ਉਹਨਾਂ ਦੇ ਘਰ ਤਿੰਨ ਵਾਰ ਜਾ ਚੁੱਕੇ ਸਨ। ਹਰ ਵਾਰ ਜਵਾਬ ਇਕੋ ਸੀ। ਉਹ ਕਿਤੇ ਗਏ ਹੋਏ ਹਨ। ਅਚਾਨਿਕ ਜਿਵੇਂ ਉਹ ਦੋਵੇਂ ਸਾਰੇ ਪਿੰਡ ਲਈ ਬਹੁਤ ਜ਼ਰੂਰੀ ਤੇ ਅਹਿਮ ਹੋ ਗਏ ਸਨ।

ਜਿਵੇਂ ਜਿਵੇਂ ਗਰਮੀ ਵਧਣ ਲੱਗੀ ਬਲਦ ਦੇ ਮੁਰਦਾ ਸਰੀਰ ਵਿਚੋਂ ਬਦਬੋ ਆਉਣੀ ਸ਼ੁਰੂ ਹੋ ਗਈ। ਪੂਰੇ ਪਿੰਡ ਵਿਚ ਸੋਗ ਦੀ ਲਹਿਰ ਸੀ। ਸਾਰੇ ਕਾਲੇ ਤੇ ਭੂਰੇ ਨੂੰ ਕੋਸ ਰਹੇ ਸਨ। ਪਿੰਡ ਵਿਚ ਕੋਈ ਵੀ ਅਜਿਹੀ ਥਾਂ ਨਹੀਂ ਸੀ ਜਿੱਥੇ ਉਹਨਾਂ ਨੂੰ ਲੱਭਿਆ ਨਾ ਹੋਵੇ। ਆਖਿਰ ਉਹ ਗਏ ਕਿੱਥੇ?

ਸਾਰੇ ਪਿੰਡ ਨੂੰ ਉਹਨਾਂ ਦੀ ਅਹਿਮੀਅਤ ਦਾ ਪਤਾ ਲੱਗ ਗਿਆ ਜੇ ਕਿਸੇ ਦਾ ਵੀ ਕੋਈ ਪਸ਼ੂ ਮਰ ਜਾਂਦਾ ਇਹ ਉਹਨਾਂ ਦੀ ਜਿੰਮੇਵਾਰੀ ਹੁੰਦੀ ਉਸਨੂੰ ਚੁੱਕ ਕੇ ਪਿੰਡੋਂ ਬਾਹਰ ਲੈ ਜਾਣ। ਇਸਦੇ ਲਈ ਉਹਨਾਂ ਨੂੰ ਨਾ ਤਾਂ ਪੈਸੇ ਮਿਲਦੇ ਨਾ ਹੀ ਅਨਾਜ ਮਿਲਦਾ। ਇਹ ਕੰਮ ਉਹਨਾਂ ਦੀਆਂ ਕਈ ਪੁਸ਼ਤਾਂ ਬਿਨ੍ਹਾਂ ਕਿਸੇ ਮੁਨਾਫ਼ੇ ਤੋਂ ਕਰ ਰਹੀਆਂ ਸਨ। ਉਹ ਮਰੇ ਹੋਏ ਪਸ਼ੂ ਦੀ ਖ਼ੱਲ ਲਾਹ ਕੇ ਸ਼ਹਿਰ ਨੂੰ ਲੈ ਜਾਂਦੇ ਸਨ। ਖਲ਼ ਦੀ ਸਫ਼ਾਈ, ਧੁਲਾਈ ਤੇ ਰੰਗਾਈ ਦਾ ਕੰਮ ਕਾਫੀ ਵੱਡੇ ਪੱਧਰ 'ਤੇ ਸ਼ਹਿਰ ਵਿਚ ਹੁੰਦਾ ਸੀ। ਕਾਫ਼ੀ ਵਪਾਰੀ ਸ਼ਹਿਰ ਵਿਚ ਇਸ ਕੰਮ ਵਿਚ ਸਨ। ਕਾਲੇ ਤੇ ਭੂਰੇ ਨੂੰ ਜੋ ਖੱਲ਼ ਬਦਲੇ ਥੋੜ੍ਹੇ ਬਹੁਤ ਰੁਪਏ ਮਿਲਦਾ ਸੀ ਉਸ ਉੱਤੇ ਹੀ ਗੁਜ਼ਾਰਾ ਕਰਦੇ ਸਨ।

ਪਿੰਡ ਦੇ ਵਡੇਰਿਆਂ ਨੂੰ ਉਸ ਮੁਰਦਾ ਬਲਦ ਦੀ ਬਹੁਤ ਚਿੰਤਾ ਸੀ। ਕੀ ਹੋਇਆ ਜੇ ਸ਼ਾਮ ਤੱਕ ਕੰਕਾਲ ਇੰਝ ਹੀ ਪਿਆ ਰਿਹਾ। ਸਵੇਰ ਤੋਂ ਕਿਸੇ ਨੇ ਵੀ ਖੂਹ ਤੋਂ ਪੀਣ ਲਈ ਪਾਣੀ ਨਹੀਂ ਭਰਿਆ ਸੀ।

ਦੁਪਹਿਰ ਢੱਲਣ ਵਾਲੀ ਸੀ। ਪਰਛਾਵੇਂ ਫਿੱਕੇ ਹੋ ਰਹੇ ਸਨ। ਜਿਹੜੀ ਆਸ ਬਰਿਜ ਮੋਹਣ ਦੀਆਂ ਅੱਖਾਂ ਵਿਚ ਸੀ। ਉਹ ਹੁਣ ਦੁੱਖ ਦੇ ਰੂਪ ਵਿਚ ਅੱਖਾਂ ਵਿਚੋਂ ਝਲਕ ਰਹੀ ਸੀ। ਗਲੀ ਦੇ ਦੂਜੇ ਪਾਸਿਓ ਕਾਲਾ ਤੇ ਭੂਰਾ ਆ ਰਹੇ ਸਨ। ਉਹਨਾਂ ਦੇ ਚਿਹਰੇ ਮੁਰਝਾਏ ਹੋਏ ਅਤੇ ਅੱਖਾਂ ਵਿਚ ਨੂੰ ਧੱਸੀਆਂ ਹੋਈਆਂ ਨਜ਼ਰ ਆ ਰਹੀਆਂ ਸਨ। ਉਹਨਾਂ ਦੇ ਹੱਥ ਸਖਤ ਚੌੜੇ ਅਤੇ ਸੁੱਕੇ ਹੋਏ ਸਨ। ਇਸ ਕਰਕੇ ਹੱਥਾਂ ਦੀਆਂ ਨਾੜਾਂ ਸਾਫ਼ ਸਾਫ਼ ਦੇਖੀਆਂ ਜਾ ਸਕਦੀਆਂ ਸਨ। ਉਹਨਾਂ ਦੋਹਾਂ ਨੇ ਆਪਣੇ ਤੇੜ ਚਿੱਟੀ ਪੁਰਾਣੀ ਘਸੀ ਹੋਈ ਧੋਤੀ ਪਾਈ ਹੋਈ ਸੀ। ਕਮੀਜ਼ ਦੀ ਬਜਾਇ ਉਹਨਾਂ ਨੇ ਫਟੀਆਂ ਪੁਰਾਣੀਆਂ ਬਨੈਣਾਂ ਪਾਈਆਂ ਹੋਈਆਂ ਸਨ। ਉਹਨਾਂ ਦੇ ਪੂਰੇ ਸਰੀਰ ਤੋਂ ਗਰੀਬੀ ਝਲਕਦੀ ਸੀ। ਉਹ ਸਿੱਧੇ ਬਲਦ ਕੋਲ ਗਏ। ਭੂਰੇ ਦੇ ਹੱਥ ਵਿਚ ਇਕ ਲੰਬਾ ਬਾਂਸ ਸੀ।

"ਹਰਾਮਜ਼ਾਦਿਓ! ਤੁਸੀਂ ਕਿੱਥੇ ਸੀ? ਸਾਡੇ ਪੈਰ ਘਸ ਗਏ ਤੁਹਾਨੂੰ ਲੱਭਦਿਆਂ ਲੱਭਦਿਆਂ... ਹੁਣ ਤੁਸੀਂ ਇੱਥੇ ਮਹਾਰਾਜਿਆਂ ਵਾਂਗ ਆ ਰਹੇ ਹੋ... ਬਲਦ ਨੂੰ ਇੱਥੋਂ ਕੌਣ ਚੁੱਕੇਗਾ... ਤੁਹਾਡਾ ਪਿਓ?" ਪੰਡਿਤ ਬਰਿਜ ਮੋਹਣ ਬਹੁਤ ਗੁੱਸੇ ਵਿਚ ਸੀ।

ਕਾਲੇ ਨੇ ਬਿਨ੍ਹਾ ਜਵਾਬ ਦਿੱਤਿਆਂ ਮੋਟੀ ਰੱਸੀ ਨਾਲ ਬਲਦ ਦੀਆਂ ਅਗਲੀਆਂ ਲੱਤਾਂ ਬੰਨ੍ਹਣੀਆਂ ਸ਼ੁਰੂ ਕਰ ਦਿੱਤੀਆਂ। ਬਲਦ ਦੀਆਂ ਲੱਤਾਂ ਆਕੜ ਗਈਆਂ ਸਨ। ਉਸਨੂੰ ਲੱਤਾਂ ਨੂੰ ਬੰਨ੍ਹਣ ਲਈ ਲੋੜ ਤੋਂ ਵੱਧ ਜ਼ੋਰ ਲਗਾਉਣਾ ਪੈ ਰਿਹਾ ਸੀ। ਲੱਤਾਂ ਨੂੰ ਕੱਸ ਕੇ ਬੰਨ੍ਹਣ ਤੋਂ ਬਾਅਦ ਉਸਨੇ ਰੱਸੀ ਦਾ ਦੂਜਾ ਸਿਰਾ ਭੂਰੇ ਵੱਲ ਸੁੱਟ ਦਿੱਤਾ। ਭੂਰੇ ਨੇ ਪਿਛਲੀਆਂ ਲੱਤਾਂ ਬੰਨ੍ਹ ਦਿੱਤੀਆਂ। ਉਸਨੇ ਕਾਲੇ ਨੂੰ ਹਿਲਾਇਆ ਤੇ ਕਿਹਾ ਕਿ ਬਾਂਸ ਚੁੱਕੇ।

ਸਾਰਾ ਪਿੰਡ ਉਹਨਾਂ ਦੇ ਕੰਮ ਨੂੰ ਦੇਖ ਰਿਹਾ ਸੀ। ਉਹਨਾਂ ਨੇ ਜਲਦੀ ਨਾਲ ਬਾਂਸ ਨੂੰ ਰੱਸੀਆਂ ਵਿਚੋਂ ਕੱਢ ਕੇ ਫਿਰ ਦੋਵੇਂ ਇਕ ਪਾਲਕੀ ਵਾਂਗ ਭਾਰ ਚੁੱਕਣ ਪਿੱਛੋਂ ਹੌਲੀ ਚਾਲੇ ਤੁਰਨ ਲੱਗੇ।

ਸਾਰੇ ਪਿੰਡ ਦੇ ਲੋਕਾਂ ਨੇ ਸੁੱਖ ਦਾ ਸਾਹ ਲਿਆ। ਪਿੰਡ ਦੇ ਦੱਖਣ ਪੱਛਮੀ ਸਿਰੇ 'ਤੇ ਇਕ ਨਹਿਰ ਦਾ ਸੂਆ ਸੀ ਜੋ ਬਰਸਾਤ ਦੇ ਮੌਸਮ ਤੋਂ ਬਿਨ੍ਹਾਂ ਸੁੱਕਾ ਹੀ ਰਹਿੰਦਾ ਸੀ। ਉਹਨਾਂ ਨੇ ਬਲਦ ਨੂੰ ਉਸ ਵਿਚ ਸੁੱਟ ਦਿੱਤਾ। ਉਹ ਬਹੁਤ ਥੱਕ ਗਏ ਸਨ। ਉਹਨਾਂ ਨੇ ਥੋੜ੍ਹੀ ਦੇਰ ਆਰਾਮ ਕੀਤਾ। ਕਾਲੇ ਨੇ ਆਪਣੀ ਜੇਬ ਵਿਚੋਂ ਆਖਰੀ ਬੱਚਦੀ ਬੀੜੀ ਕੱਢੀ। ਫਿਰ ਦੋਵਾਂ ਨੇ ਇਕੱਠਿਆ ਨੇ ਉਹ ਬੀੜੀ ਪੀਤੀ। ਪਿੰਡ ਦੇ ਚਾਰ ਪੰਜ ਕੁੱਤੇ ਵੀ ਉਹਨਾਂ ਪਿੱਛੇ ਆ ਗਏ ਸਨ ਉਹ ਬਲਦ ਦੇ ਦੁਆਲੇ ਮੰਡਰਾਉਣ ਲੱਗੇ। ਭੂਰਾ ਕੁੱਤਿਆਂ ਵੱਲ ਬੜੇ ਧਿਆਨ ਨਾਲ ਦੇਖ ਰਿਹਾ ਸੀ ਕਿ ਕਿਤੇ ਉਹ ਬਲਦ ਦੀ ਖੱਲ਼ 'ਤੇ ਦੰਦ ਮਾਰ ਕੇ ਉਹਨੂੰ ਖਰਾਬ ਹੀ ਨਾ ਕਰ ਦੇਣ। ਕਾਲੇ ਨੇ ਲੱਤਾਂ ਦੀ ਰੱਸੀ ਖੋਲ੍ਹ ਦਿੱਤੀ। ਭੂਰੇ ਦੇ ਮੁੰਡੇ ਰੰਬੀ ਤੇ ਖੰਜ਼ਰ ਲੈ ਕੇ ਆ ਗਏ। ਛੁਟਕੂ ਕੋਲੋਂ ਉਹ ਫੜਦਿਆਂ ਉਸਨੇ ਕਿਹਾ, "ਛੁਟਕੂ ਵਾਪਸ ਘਰ ਚਲੇ ਜਾਓ। ਅਸੀਂ ਇੱਥੋਂ ਸਿੱਧਾ ਸ਼ਹਿਰ ਵੱਲ ਜਾਵਾਂਗੇ। ਸਾਨੂੰ ਵਾਪਸੀ ਤੇ ਦੇਰ ਹੋ ਜਾਵੇਗੀ। ਅਸੀਂ ਘਰ ਦਾ ਸਮਾਨ ਵੀ ਉੱਥੋਂ ਲੈ ਆਵਾਂਗੇ।"

ਕਾਲੇ ਨੇ ਭੂਰੇ ਤੋਂ ਖੰਜ਼ਰ ਫੜਦਿਆਂ ਉਂਗਲੀ ਨਾਲ ਉਸ ਦੀ ਧਾਰ ਦੇਖੀ। ਉਹ ਐਨਾ ਤਿੱਖਾ ਨਹੀਂ ਸੀ ਜਾਪਦਾ। ਉਸਨੇ ਉੱਥੇ ਪਏ ਪੱਥਰ 'ਤੇ ਉਸਨੂੰ ਤਿੱਖਾ ਕਰਨਾ ਸ਼ੁਰੂ ਕਰ ਦਿੱਤਾ।

ਭੂਰੇ ਨੇ ਬਲਦ ਦੇ ਮੂੰਹ ਤੋਂ ਸ਼ੁਰੂ ਕਰਕੇ ਢਿੱਡ ਤੱਕ ਇਕ ਲੰਬਾ ਚੀਰਾ ਦਿੱਤਾ। ਉਹ ਮਰੇ ਹੋਏ ਜਾਨਵਰਾਂ ਦੀ ਖੱਲ਼ ਲਾਹੁਣ ਦੇ ਕੰਮ ਵਿਚ ਮਾਹਰ ਸਨ। ਜਾਨਵਰ ਜਿਹੜਾ ਮਰਜੀ ਹੋਵੇ ਉਹ ਉਸਦੀ ਖ਼ੱਲ ਇਕ ਕੇਲੇ ਦੇ ਛਿੱਲੜ ਵਾਂਗ ਲਾਹ ਦਿੰਦੇ ਸਨ। ਖੱਲ਼ ਐਨੀ ਕਾਰੀਗਰੀ ਨਾਲ ਉਤਾਰੀ ਜਾਂਦੀ ਕਿ ਉਸਦਾ ਜਰਾ ਜਿੰਨਾ ਵੀ ਨੁਕਸਾਨ ਨਹੀਂ ਹੁੰਦਾ। ਖੱਲ਼ ਦੇ ਥੋੜੇ ਹਿੱਸੇ ਖਰਾਬ ਹੋਣ ਦਾ ਮਤਲਬ ਪੂਰੀ ਖੱਲ਼ ਬਰਬਾਦ। ਇਹ ਕਲਾ ਉਹਨਾਂ ਨੇ ਆਪਣੇ ਪਿਤਾ ਤੋਂ ਸਿਖੀ ਸੀ।

ਦੋਹਾਂ ਨੇ ਹੱਥਲੇ ਕੰਮ ਵਿਚ ਆਪਣੇ ਆਪ ਨੂੰ ਮਸਤ ਕਰ ਲਿਆ। ਸੂਰਜ ਦੀ ਤਪਸ਼ ਆਪਣੇ ਜੋਬਨ 'ਤੇ ਸੀ। ਸਰੀਰ ਦਾ ਹਰ ਹਿੱਸਾ ਪਸੀਨੇ ਨਾਲ ਭਰਿਆ ਹੋਇਆ ਸੀ। ਅਜੇ ਅੱਧੀ ਖੱਲ਼ ਹੀ ਲੱਥੀ ਸੀ ਕਿ ਇਕ

ਇੱਲ੍ਹਾਂ ਦਾ ਝੁੰਡ ਅਸਮਾਨੋਂ ਹੇਠਾਂ ਵੱਲ ਨੂੰ ਉਤਰਨ ਲੱਗਾ। ਛੇਤੀ ਹੀ ਸਾਰੀਆਂ ਇੱਲ੍ਹਾਂ ਉਸਦੇ ਦੁਆਲੇ ਘੁੰਮਣ ਲੱਗੀਆਂ। ਕਦੀ ਉਹ ਕੁੱਤਿਆਂ ਨੂੰ ਪਿੱਛੇ ਕਰਦੇ ਅਤੇ ਕਦੇ ਇੱਲ੍ਹਾਂ ਨੂੰ ਪਰ੍ਹਾਂ ਕਰਦੇ ਜਾਂ ਬਹੁਤ ਸਾਰੀਆਂ ਇੱਲ੍ਹਾਂ ਅਚਾਨਿਕ ਹੇਠਾਂ ਇਕੱਠੀਆਂ ਆ ਜਾਂਦੀਆਂ। ਉਸ ਮੁਰਦਾ ਬਲਦ 'ਤੇ ਹਮਲਾ ਕਰਨ ਲਈ ਕੁੱਤੇ ਵੀ ਆਪਣੇ ਮੌਕੇ ਦੀ ਤਾੜ ਵਿਚ ਸਨ। ਉਹ ਅਸਲ ਵਿਚ ਇੱਲ੍ਹਾਂ ਨੂੰ ਹਟਾਉਣ ਵਿਚ ਸਹਾਇਕ ਸਨ। ਜਦੋਂ ਕੋਈ ਕੁੱਤਾ ਕਿਸੇ ਇੱਲ੍ਹ 'ਤੇ ਹਮਲਾ ਕਰਦਾ ਤਾਂ ਇੱਲ੍ਹ ਆਪਣੇ ਪੰਜਿਆਂ ਨਾਲ ਅਜੀਬ ਜਿਹੀ ਆਵਾਜ਼ ਕੱਢ ਕੇ ਪਿਛਾਂਹ ਹੱਟਦੀ।

ਖਲ਼ ਲਾਹੁਣ ਦੇ ਕੰਮ ਨੂੰ ਬਹੁਤ ਸਮਾਂ ਲੱਗ ਗਿਆ। ਅਜੇ ਸ਼ਾਮ ਵੀ ਬਹੁਤ ਦੂਰ ਸੀ। ਤਾਜੀ ਤਾਜੀ ਲਾਹੀ ਹੋਈ ਖੱਲ਼ ਲੈ ਕੇ ਉਹ ਥੋੜ੍ਹਾ ਬਲਦ ਤੋਂ ਪਰਾਂ ਹੋਏ। ਜਿਵੇਂ ਹੀ ਉਹਨਾਂ ਨੇ ਇੰਝ ਕੀਤਾ, ਇੱਲ੍ਹਾਂ ਬਲਦ ਤੇ ਟੁੱਟ ਪਈਆਂ। ਇੱਲ੍ਹਾਂ ਦੀ ਆਵਾਜ਼ ਸਾਰੇ ਮਾਹੌਲ ਨੂੰ ਡਰਾਉਣਾ ਬਣਾ ਰਹੀਆਂ ਸਨ। ਅਜੇ ਵੀ ਕਈ ਇੱਲ੍ਹਾਂ ਅਸਮਾਨ ਤੋਂ ਹੇਠਾਂ ਆ ਰਹੀਆਂ ਸਨ।

ਉਹਨਾਂ ਨੇ ਖਲ਼ ਦਾ ਗਿੱਲਾ ਹਿੱਸਾ ਉੱਪਰ ਵੱਲ ਕਰ ਦਿੱਤਾ ਤੇ ਨਾਲ ਵਗਦੇ ਪਾਣੀ ਦੇ ਨਾਲੇ ਕੋਲ ਵਿਛਾ ਦਿੱਤਾ ਤਾਂ ਕਿ ਉਸ ਤੇ ਲੱਗਾ ਖੂਨ ਸੁੱਕ ਜਾਵੇ।

ਉਹ ਹੁਣ ਬਹੁਤ ਥੱਕ ਗਏ ਸਨ। ਉਹਨਾਂ ਕੋਲ ਹੁਣ ਪੀਣ ਲਈ ਕੋਈ ਬੀੜੀ ਵੀ ਨਹੀਂ ਸੀ। ਇਹਨਾਂ ਦਿਨਾਂ ਵਿਚ ਉਹ ਬਹੁਤ ਆਰਥਿਕ ਮੰਦਹਾਲੀ ਕਾਰਨ ਪਰੇਸ਼ਾਨੀ ਵਿਚ ਰਹਿ ਰਹੇ ਸਨ। ਖੱਲ਼ ਨੂੰ ਇਕੱਠਾ ਕਰਕੇ ਉਹਨਾਂ ਨੇ ਇਕ ਫਟੀ ਪੁਰਾਣੀ ਚਾਦਰ ਵਿਚ ਬੰਨ੍ਹ ਦਿੱਤਾ। ਕਾਲੇ ਨੇ ਗੰਢ ਚੁੱਕੀ ਤੇ ਭੂਰੇ ਦੇ ਸਿਰ ਉੱਤੇ ਰੱਖ ਦਿੱਤੀ। ਉਹ ਸੜਕ ਵੱਲ ਵੱਧਣ ਲੱਗੇ। ਉਥੇ ਇਕ ਛੋਟਾ ਪੁਲ ਸੀ ਜੋ ਪਾਣੀ ਦੇ ਨਾਲੇ ਨੂੰ ਸੜਕ ਨਾਲ ਜੋੜਦਾ ਸੀ। ਉਹ ਨਾਲੇ ਦੇ ਨਾਲ ਨਾਲ ਪੁਲੀ  ਤੇ ਆ ਗਏ। ਖੱਲ਼ ਵਿਚੋਂ ਚੋਂਦਾ ਲਹੂ ਰਲਿਆ ਪਾਣੀ ਭੂਰੇ ਦੇ ਸਿਰ ਉੱਤੋਂ ਹੇਠਾਂ ਵੱਲ ਨੂੰ ਵਗ ਰਿਹਾ ਸੀ।

ਭੂਰੇ ਨੇ ਗੰਢ ਹੇਠਾਂ ਲਾਹ ਕੇ ਪੁਲ 'ਤੇ ਰੱਖ ਦਿੱਤੀ। ਉਹ ਸ਼ਹਿਰ ਪਹੁੰਚਣ ਲਈ ਕਿਸੇ ਸਾਧਨ ਦੀ ਉਡੀਕ ਕਰਨ ਲੱਗੇ। ਇਹ ਦੇਖ ਕੇ ਉਹਨਾਂ ਕੋਲ ਇਕ ਜਾਨਵਰ ਦੀ ਖੱਲ਼ ਹੈ, ਕੋਈ ਉਹਨਾਂ ਨੂੰ ਆਪਣੀ ਬੱਸ ਵਿਚ ਚੜਾਉਣ ਲਈ ਰਾਜੀ ਨਹੀਂ ਸੀ, ਬੱਸ ਦੀਆਂ ਸਵਾਰੀਆਂ ਨੱਕ ਤੇ ਕੱਪੜਾ ਰੱਖ ਦਿਆਂ ਹੀ ਉੱਚੀ ਉੱਚੀ ਬੋਲਣ ਤੇ ਚੀਕਾਂ ਮਾਰਨ ਲੱਗ ਜਾਂਦੀਆਂ। ਉਹਨਾਂ ਨੂੰ ਸ਼ਹਿਰ ਤੱਕ ਕੋਈ ਟਰੱਕ ਜਾਂ ਟਾਂਗਾ ਹੀ ਲਿਜਾ ਸਕਦਾ ਸੀ।

ਸ਼ਾਮ ਹੋਣ ਵਾਲੀ ਸੀ। ਉਹਨਾਂ ਨੇ ਦੂਰੋਂ ਇਕ ਟਰੱਕ ਆਉਂਦਾ ਦੇਖਿਆ। ਪੁਲ ਤੋਂ ਉਹ ਸੜਕ ਵੱਲ ਆ ਰਿਹਾ ਸੀ। ਟਰੱਕ ਬਹੁਤ ਤੇਜ਼ੀ ਨਾਲ ਉਹਨਾਂ ਵੱਲ ਆ ਰਿਹਾ ਸੀ। ਉਹਨਾਂ ਨੇ ਟਰੱਕ ਨੂੰ ਰੁਕਣ ਦਾ ਇਸ਼ਾਰਾ ਕੀਤਾ। ਟਰੱਕ ਧੂੰਆਂ ਛੱਡਦਾ ਹੋਇਆ ਅੱਗੇ ਲੰਘ ਗਿਆ। ਭੂਰੇ ਨੇ ਗਾਲ਼ ਕੱਢੀ ਜੋ ਕਿ ਟਰੱਕ ਦੇ ਸ਼ੋਰ ਵਿਚ ਹੀ ਗੁਆਚ ਗਈ। ਧੂੰਆਂ ਹੱਥਾਂ ਨਾਲ ਪਰ੍ਹਾਂ ਹਟਾਉਣ ਦੀ ਕੋਸ਼ਿਸ਼ ਕਰਨ ਲੱਗਾ।

ਉਹ ਫਿਰ ਪੁਲ 'ਤੇ ਬੈਠ ਗਏ। ਦੂਰੋਂ ਗਾਵਾਂ ਦੇ ਗਲ ਵਿਚ ਪਏ ਘੁੰਗਰੂਆਂ ਦੀ ਆਵਾਜ਼ ਨੇੜੇ ਆ ਰਹੀ ਸੀ। ਗਾਵਾਂ ਪਿੰਡ ਨੂੰ ਵਾਪਸ ਜਾ ਰਹੀਆਂ ਸਨ। ਲਾਲੂ ਕੋਲ ਗਾਂਵਾਂ ਦਾ ਝੁੰਡ ਸਭ ਤੋਂ ਵੱਡਾ ਸੀ। ਲੋਕ ਲਾਲੂ ਕੋਲ ਆਪਣੀਆਂ ਗਾਵਾਂ ਚਰਾਉਣ ਲਈ ਦੇਣ ਵਾਸਤੇ ਜਿਆਦਾ ਵਿਸ਼ਵਾਸ ਰੱਖਦੇ ਸਨ। ਜਦੋਂ ਗਾਵਾਂ ਸੜਕਾਂ ਪਾਰ ਕਰਦੀਆਂ ਹੋਣ ਤਾਂ ਲਾਲੂ ਉਹਨਾਂ ਵੱਲ ਖਾਸ ਧਿਆਨ ਦਿੰਦਾ। ਸੜਕ ਤੇ ਮੋਟਰ ਗੱਡੀਆਂ ਦੀ ਭੀੜ ਵੱਧ ਗਈ ਸੀ। ਉੱਥੇ ਹਰ ਵੇਲੇ ਕੋਈ ਨਾ ਕੋਈ ਘਟਨਾ ਹੋਣ ਦਾ ਡਰ ਬਣਿਆ ਰਹਿੰਦਾ।

ਗਾਵਾਂ ਦੇ ਗਲ ਵਿਚ ਘੁੰਗਰੂਆਂ ਦੀਆਂ ਆਵਾਜ਼ਾਂ ਤੇ ਉੱਡਦੀ ਧੂੜ ਸ਼ਾਮ ਦੇ ਸਮੇਂ ਨੂੰ ਹੋਰ ਧੁੰਦਲਾ ਕਰ ਰਹੀ ਸੀ। ਅਤੇ ਕਾਲਾ ਅਤੇ ਭੂਰਾ ਜੋ ਕਿ ਅਜੇ ਵੀ ਪੁਲ਼ ਤੇ ਬੈਠੇ ਹੋਏ ਸੀ ਉਹਨਾਂ ਦਾ ਫ਼ਿਕਰ ਹੋਰ ਵੀ ਵੱਧ



ਰਿਹਾ ਸੀ। ਉਹਨਾਂ ਨੂੰ ਕਾਹਲ ਸੀ ਕਿ ਜਲਦੀ ਤੋਂ ਜਲਦੀ ਉਹ ਖੱਲ਼ ਵੇਚ ਕੇ ਵੱਟੇ ਪੈਸਿਆਂ ਨਾਲ ਘਰ ਲਈ ਜ਼ਰੂਰੀ ਚੀਜ਼ਾਂ ਖਰੀਦ ਸਕਣ। ਬਹੁਤ ਦਿਨ ਹੋ ਗਏ ਸੀ ਘਰ ਦੇ ਚੁੱਲ੍ਹੇ ਨੂੰ ਚੰਗੀ ਤਰ੍ਹਾਂ ਬਲ਼ਿਆ। ਅਜੇ ਵੀ ਕਿਸੇ ਤਰ੍ਹਾਂ ਉਹ ਸਮਾਂ ਟਪਾ ਰਹੇ ਸਨ। ਦੋ ਮਹੀਨਿਆਂ ਪਿੱਛੋਂ ਇਸ ਮਰੇ ਹੋਏ ਬਦਲ ਦੀ ਖੱਲ਼ ਨੇ ਉਹਨਾਂ ਦੀਆਂ ਡੁੱਬਦੀਆਂ ਉਮੀਦਾਂ ਨੂੰ ਧਰਵਾਸ ਦਿੱਤਾ।

ਕਾਲਾ ਗਾਵਾਂ ਦੇ ਝੁੰਡ ਨੂੰ ਸੜਕ ਪਾਰ ਕਰਦਿਆਂ ਦੇਖਦਾ ਕਹਿਣ ਲੱਗਾ,

"ਇਹ ਕਿੱਦਾ ਦਾ ਸਮਾਂ ਆ ਗਿਆ ਹੈ! ਪਸ਼ੂ ਵੀ ਨਹੀਂ ਮਰਦੇ।"

ਜਦੋਂ ਦਾ ਪਿੰਡ ਵਿਚ ਜਾਨਵਰਾਂ ਦਾ ਡਾਕਟਰ ਆਇਆ ਹੈ, ਉਦੋਂ ਦਾ ਸਾਡਾ ਰੋਟੀ ਟੁਕ ਹੀ ਉਸਨੇ ਖੋਹ ਲਿਆ।

ਜਾਨਵਰਾਂ ਦੇ ਡਾਕਟਰ ਦਾ ਪਿੰਡ ਵਿਚ ਆਉਣਾ ਦਾ ਮਤਲਬ ਉਹਨਾਂ ਦੇ ਧੰਦੇ ਦਾ ਨੁਕਸਾਨ। ਉਹਨਾਂ ਨੂੰ ਕਈ ਵਾਰ ਖਾਣੇ ਤੋਂ ਬਿਨਾਂ ਵੀ ਰਹਿਣਾ ਪੈਂਦਾ। ਉੱਤੋਂ ਪਿੰਡ ਦਾ ਬਾਣੀਆਂ ਉਹਨਾਂ ਨੂੰ ਚੀਜ਼ਾਂ ਵੀ ਉਧਾਰ ਨਹੀਂ ਦਿੰਦਾ ਸੀ। ਉਹ ਕਿਸ ਤੋਂ ਅਨਾਜ ਮੰਗਣ? ਸਾਰੇ ਪਿੰਡ ਦੀਆਂ ਨਜ਼ਰਾਂ ਵਿਚ ਉਹ ਸਭ ਤੋਂ ਘਟੀਆ ਇਨਸਾਨ ਮੰਨੇ ਜਾਂਦੇ ਸਨ। ਜੋ ਮਰੇ ਡੰਗਰਾਂ-ਪਸ਼ੂਆਂ ਦੀ ਖੱਲ਼ ਲਾਹੁੰਦੇ ਸਨ।

ਪੁਲ਼ 'ਤੇ ਬੈਠੇ ਉਹ ਆਪਣੀ ਸੋਚਾਂ ਵਿਚ ਗੁਆਚੇ ਹੋਏ ਸਨ। ਕਾਲੇ ਨੂੰ ਕਈ ਗੱਲਾਂ ਸਮਝ ਨਹੀਂ ਆ ਰਹੀਆਂ ਸਨ। ਜਿੰਨ੍ਹਾਂ ਉਹ ਉਹਨਾਂ ਗੱਲਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਓਨਾਂ ਹੀ ਉਹ ਉਲਝ ਜਾਂਦਾ।

"ਭੂਰੇ, ਸਾਨੂੰ ਇਹ ਕੰਮ ਛੱਡ ਦੇਣਾ ਚਾਹੀਦਾ ਹੈ।"

"ਕਿਉਂ... ਜੇ ਅਸੀਂ ਇਹ ਕੰਮ ਛੱਡ ਦਿੱਤਾ ਤਾਂ ਇਹ ਕੰਮ ਕਰੇਗਾ ਕੌਣ? ਕੀ ਮੁਰਦਾ ਜਾਨਵਰ ਇੰਝ ਹੀ ਪਿੰਡ ਵਿਚ ਗਲਦੇ ਸੜਦੇ ਰਹਿਣਗੇ?

"ਗਲਣ ਦਿਓ! ਇਸ ਬਦਬੋ ਵਿਚ ਅਸੀਂ ਗਲ ਗਲ ਤੱਕ ਖੁੱਭੇ ਹੋਏ ਹਾਂ। ਸਾਡੇ ਕੋਲ ਤਾਂ ਕੋਈ ਬੈਠਣ ਨੂੰ ਤਿਆਰ ਨਹੀਂ ਹੁੰਦਾ।"

ਕਾਲੇ ਨੇ ਥੋੜੀ ਦੇਰ ਬਾਅਦ ਫਿਰ ਕਿਹਾ, "ਤੇ ਉਹ ਸ਼ਹਿਰ ਵਾਲਾ ਲਾਲਾ ਜੋ ਮੂੰਹ ਆਉਂਦਾ ਉਹੀ ਬੋਲਦਾ ਰਹਿੰਦਾ ਹੈ। ਪਿਛਲੀ ਵਾਰ ਜਦੋਂ ਅਸੀਂ ਬੱਕਰੀ ਦੀ ਖੱਲ਼ ਲੈ ਕੇ ਗਏ ਸੀ , ਯਾਦ ਹੈ ਉਸਨੇ ਕੀ ਕਿਹਾ ਸੀ?

ਆਹ ਲਓ ਪੈਕਟ ਤੇ ਕਿਸੇ ਵੀ ਪਸ਼ੂ ਨੂੰ ਇਹ ਦੇ ਦਿਓ ਉਹ ਜ਼ਰੂਰ ਮਰ ਜਾਵੇਗਾ। ਉਹ ਸਰਕਾਰੀ ਡਾਕਟਰ ਵੀ ਉਸਨੂੰ ਠੀਕ ਨਹੀਂ ਕਰ ਸਕੇਗਾ।"

"ਪਾਪੀ ਦੁਸ਼ਟ ਲਾਲਾ, ਬਹੁਤ ਪਾਪੀ ਹੈ।"

ਦੋ ਤਿੰਨ ਟਰੱਕ ਬਿਨਾਂ ਰੁਕੇ ਲੰਘ ਗਏ। ਰਾਤ ਜਿਵੇਂ ਜਿਵੇਂ ਨੇੜੇ ਆ ਰਹੀ ਸੀ। ਉਵੇਂ ਉਵੇਂ ਉਹਨਾਂ ਦਾ ਫ਼ਿਕਰ ਵੀ ਵੱਧ ਰਿਹਾ ਸੀ। ਉਹਨਾਂ ਨੇ ਸ਼ਹਿਰ ਜਾ ਕੇ ਵਾਪਸ ਵੀ ਆਉਣਾ ਸੀ। ਕਾਲਾ ਕਾਫੀ ਖਿੱਝਿਆ ਹੋਇਆ ਸੀ। ਲੰਬੀ ਸੜਕ ਤੇ ਨਜ਼ਰ ਟਿਕਾਏ ਉਸਨੇ ਕਿਹਾ, "ਆ ਜਾ ਭੂਰੇ ਚੱਲ ਕਿਤੇ ਹੋਰ ਚਲੀਏ। ਮੈਂ ਸੁਣਿਆ ਦਿੱਲੀ, ਗਾਜੀਆਬਾਦ ਵਿਚ ਚਮੜੇ ਦੀਆਂ ਬਹੁਤ ਵੱਡੀਆਂ ਫੈਕਟਰੀਆਂ ਹਨ। ਸਾਨੂੰ ਉੱਥੇ ਕਿਤੇ ਨਾ ਕਿਤੇ ਕੰਮ ਮਿਲ ਹੀ ਜਾਵੇਗਾ...। ਤੂੰ ਰਾਮਚੰਦ ਦਾ ਮੁੰਡਾ ਸਲੇਕ ਨਹੀਂ ਦੇਖਿਆ, ਜਦੋਂ ਉਹ ਪਿਛਲੀ ਵਾਰ ਆਇਆ ਸੀ। ਇੱਥੇ ਉਹ ਨੰਗਾ ਹੀ ਘੁੰਮਦਾ ਸੀ। ਅਤੇ ਹੁਣ... ਉਸਨੇ ਪੈਂਟ ਕੋਟ ਪਾਉਣਾ ਸ਼ੁਰੂ ਕਰ ਦਿੱਤਾ ਹੈ। ਅੰਗਰੇਜ਼ਾਂ ਵਾਂਗ ਵਾਲ਼ ਕਟਾਏ ਹੋਏ ਹਨ।  ਤੇ ਹੱਥ ਘੜੀ ਵੀ ਲਗਾਉਂਦਾ ਹੈ। ਉਸ ਘੜੀ ਨੂੰ ਉਹ ਕੀ ਕਹਿੰਦਾ ਸੀ? -ਹੈਮਟੀ ਓਟਮੈਟ" ਉਹ ਆਪਣੇ ਆਪ ਦਿਨ ਰਾਤ ਚੱਲਦੀ ਸੀ... ਤੇ ਆਵਾਜ਼ ਵੀ ਨਹੀਂ ਕਰਦੀ ਸੀ।"

ਭੂਰੇ ਲਈ ਕਾਲੇ ਦੇ ਸ਼ਬਦ ਇੰਝ ਸਨ ਜਿਵੇਂ ਕੋਈ ਮੀਲਾਂ ਦੂਰ ਤੋਂ ਕੋਈ ਬੋਲ ਰਿਹਾ ਹੋਵੇ। ਉਸ ਦੀਆਂ ਸੋਚਾਂ ਉਹਨਾਂ ਬੱਚਿਆਂ ਦੁਆਲੇ ਸਨ ਜੋ ਚੀਕਦੇ ਰੌਲੀ ਪਾਉਂਦੇ ਆਪਣੇ ਬਸਤੇ ਲਈ ਸਕੂਲ ਖੁਸ਼ੀ ਖੁਸ਼ੀ ਜਾ ਰਹੇ ਸਨ। ਬਹੁਤ ਵਾਰ ਉਹ ਸਕੂਲ ਕੋਲ ਖੜਾ ਹੋ ਕੇ ਛੋਟੇ ਬੱਚਿਆਂ ਨੂੰ ਪਹਾੜੇ ਯਾਦ ਕਰਦਿਆਂ ਦੇਖਦਾ ਸੀ। ਉਹ ਸੋਚਦਾ ਕਿ ਕਿਸੇ ਦਿਨ ਉਸਦਾ ਛੁਟਕੂ ਵੀ ਉਹਨਾਂ ਬੱਚਿਆਂ ਵਿਚਾਲੇ ਖੜ੍ਹਾ ਹੋ ਕੇ ਪਹਾੜੇ ਯਾਦ ਕਰੇਗਾ। ਉਸਨੇ ਸਕੂਲ ਦੇ ਅਧਿਆਪਕ ਨਾਲ ਗੱਲ ਵੀ ਕੀਤੀ ਹੋਈ ਸੀ। ਉਸਨੂੰ ਸਿਰਫ਼ ਥੋੜੇ ਪੈਸੇ ਹੀ ਚਾਹੀਦੇ ਸਨ ਤੇ ਉਹ ਛੁਟਕੂ ਨੂੰ ਆਉਂਦੇ ਸਾਲ ਸਕੂਲ ਭੇਜ ਦੇਵੇਗਾ। ਉਸ ਕੋਲ ਤਾਂ ਅਜੇ ਸਕੂਲ ਪਾਉਣ ਲਈ ਕੱਪੜੇ ਵੀ ਨਹੀਂ ਹਨ।

ਉਹਨਾਂ ਨੂੰ ਪੁਲ਼ 'ਤੇ ਬੈਠਿਆ ਹੁਣ ਕਾਫੀ ਦੇਰ ਹੋ ਗਈ ਸੀ। ਅਜੇ ਵੀ ਉਹਨਾਂ ਨੂੰ ਸ਼ਹਿਰ ਜਾਣ ਦਾ ਕੋਈ ਵੀ ਸਾਧਨ ਨਹੀਂ ਮਿਲਿਆ ਸੀ। ਜਿਸ ਗੱਡੀ ਨੂੰ ਵੀ ਉਹ ਰੋਕਣਾ ਚਾਹੁੰਦੇ ਉਹ ਬੱਸ ਛੇਤੀ ਨਾਲ ਉਥੋਂ ਲੰਘ ਜਾਂਦੀ। ਜਿਵੇਂ ਜਿਵੇਂ ਰਾਤ ਨੇੜੇ ਆ ਰਹੀ ਸੀ। ਉਹ ਹੋਰ ਉਦਾਸ ਹੋ ਰਹੇ ਸਨ। ਇਕ ਬਲਦ ਬਹੁਤ ਦਿਨਾਂ ਪਿੱਛੋਂ ਮਰਿਆ। ਜੇ ਉਹ ਸਮੇਂ ਸਿਰ ਸ਼ਹਿਰ ਨਾ ਪਹੁੰਚੇ ਤਾਂ ਖੱਲ਼ ਗਲ਼-ਸੜ ਜਾਏਗੀ। ਜੋ ਵੀ ਥੋੜੇ ਬਹੁਤੇ ਪੈਸੇ ਉਹਨਾਂ ਨੂੰ ਮਿਲਣੇ ਸਨ ਇਸ ਤਰ੍ਹਾਂ ਉਹ ਵੀ ਗੁਆ ਲੈਣਗੇ। ਉਹਨਾਂ ਦਾ ਫ਼ਿਕਰ ਚਾਰ ਚੁਫੇਰੇ ਦੇ ਹਨੇਰੇ ਨਾਲੋਂ ਕਿਤੇ ਗੂੜ੍ਹਾ ਸੀ।

ਪਰ੍ਹੇ ਦੂਰੋਂ ਖੇਤਾਂ ਵਿਚੋਂ ਇਕ ਵੱਛੇ ਦੀ ਮਿਣ ਮਿਣ ਕਰਨ ਦੀ ਆਵਾਜ਼ ਆਈ। ਸ਼ਾਇਦ ਇਹ ਲਾਲੂ ਦੇ ਝੁੰਡ ਵਿਚੋਂ ਪਿੱਛੇ ਰਹਿ ਗਿਆ ਸੀ। ਉਹ ਇਸ ਵੇਲੇ ਪੂਰਾ ਤਣ ਕੇ ਦੌੜ ਰਿਹਾ ਸੀ। ਬੜੀ ਤੇਜੀ ਨਾਲ ਭੱਜਦਾ ਹੋਇਆ ਉਹ ਸੜਕ ਤੇ ਆ ਗਿਆ। ਅੱਖ ਝਪਕਦਿਆਂ ਹੀ ਉਹ ਇਕ ਤੇਜ ਆਉਂਦੇ ਟਰੱਕ ਨਾਲ ਟਕਰਾਇਆ ਤੇ ਉੱਥੇ ਹੀ ਢੇਰੀ ਹੋ ਗਿਆ। ਅਚਾਨਿਕ ਬਰੇਕ ਲਗਾਉਣ ਕਾਰਣ ਟਰੱਕ ਵੀ ਡਗਮਗਾ ਗਿਆ। ਟਰੱਕ ਮਸਾਂ ਉਲਟਣ ਤੋਂ ਬਚਿਆ। ਅਚਾਨਿਕ ਦੋਵੇਂ ਚੀਕੇ।

ਟਰੱਕ ਥੋੜਾ ਰਸਤਾ ਅੱਗੇ ਜਾ ਕੇ ਰੁਕ ਗਿਆ। ਭੂਰਾ ਟਰੱਕ ਵੱਲ ਡਰਾਇਵਰ ਨੂੰ ਗਾਲਾਂ ਕੱਢਦਾ ਹੋਇਆ ਭੱਜਿਆ। ਡਰਾਇਵਰ ਨੂੰ ਆਉਂਦੇ ਖ਼ਤਰੇ ਬਾਰੇ ਪਤਾ ਲੱਗ ਗਿਆ ਤੇ ਉਸਨੇ ਟਰੱਕ ਨੂੰ ਸਪੀਡ ਦਿੱਤੀ ਤੇ ਉਥੋਂ ਭੱਜ ਗਿਆ। ਭੂਰੇ ਨੇ ਟਰੱਕ ਡਰਾਇਵਰ ਲਈ ਗਾਲਾਂ ਦਾ ਮੀਂਹ ਵਰਾ ਦਿੱਤਾ। ਉਸਨੇ ਜਲਦੀ ਨਾਲ ਇਕ ਮਿੱਟੀ ਦੀ ਢੀਮ ਚੁੱਕੀ ਤੇ ਜਾਂਦੇ ਟਰੱਕ ਵੱਲ ਵਗ੍ਹਾ ਕੇ ਮਾਰੀ। ਪਰ ਟਰੱਕ ਤਾਂ ਕਾਫ਼ੀ ਰਫ਼ਤਾਰ ਨਾਲ ਉੱਥੋਂ ਜਾ ਚੁੱਕਾ ਸੀ। ਉਹ ਢੀਮ ਜ਼ਮੀਨ ਤੇ ਡਿੱਗੀ ਤੇ ਖਿਲਰ ਗਈ।

ਉਹ ਵੱਛੀ ਬੜੀ ਦਰਦਨਾਕ ਹਾਲਤ ਵਿਚ ਜ਼ਮੀਨ 'ਤੇ ਪਈ ਹੋਈ ਸੀ। ਕਾਲੇ ਨੇ ਵੱਛੇ ਦੀ ਪਿੱਠ ਪਲੋਸੀ। ਪਿੱਠ ਪਲੋਸਦਿਆਂ ਉਸਨੂੰ ਇੰਝ ਮਹਿਸੂਸ ਹੋਇਆ ਜਿਵੇਂ ਇਹ ਕਿਸੇ ਵੱਛੀ ਦੀ ਪਿੱਠ ਨਹੀਂ ਸਗੋਂ ਕੋਈ ਬੱਚਾ ਦੁੱਖ ਵਿਚ ਹੋਵੇ। ਕਾਲੇ ਨੇ ਭੂਰੇ ਵੱਲ ਦੇਖਿਆ। ਉਹ ਅਜੇ ਵੀ ਥੋੜ੍ਹੀ ਦੂਰ ਖੜਾ ਗਾਲਾਂ ਕੱਢ ਰਿਹਾ ਸੀ।

ਕਾਲੇ ਨੇ ਭੂਰੇ ਨੂੰ ਆਵਾਜ਼ ਮਾਰੀ, "ਭੂਰੇ ਥੋੜਾ ਪਾਣੀ ਲਿਆ, ਜੇ ਕਿਤੋਂ ਮਿਲਦਾ ਹੈ ਤਾਂ ਜਲਦੀ ਕਰ, ਦੇਖ ਇਹ ਤੜ੍ਹਫ ਰਿਹਾ ਹੈ।"

ਭੂਰਾ ਪਾਣੀ ਦੀ ਖੋਜ ਵਿਚ ਇਧਰ ਉਧਰ ਘੁੰਮਣ ਲੱਗਾ। ਉਹ ਇਕ ਸੁੱਕੇ ਜਿਹੇ ਨਾਲੇ ਕੋਲ ਗਿਆ। ਉਥੇ ਦੋ ਤਿੰਨ ਕੁੱਤੇ ਅਜੇ ਵੀ ਬਲਦ ਦੀਆਂ ਬਚੀਆਂ ਹੱਡੀਆਂ ਚਰੂੰਡ ਰਹੇ ਸਨ। ਜਿਵੇਂ ਉਨ੍ਹਾਂ ਨੇ ਭੂਰੇ ਨੂੰ ਆਪਣੇ ਵੱਲ ਆਉਂਦਿਆਂ ਦੇਖਿਆ ਤਾਂ ਉਹ ਬੋਲਣ ਲੱਗੇ। ਉਹ ਉਹਨਾਂ ਨੂੰ ਨਜ਼ਰ ਅੰਦਾਜ਼ ਕਰਦਿਆਂ ਸੂਏ ਤੋਂ ਖੇਤਾਂ ਵੱਲ ਵੱਧਣ ਲੱਗਾ ਖੇਤ ਵੀ ਸੁਕੇ ਸਨ। ਪਾਣੀ ਦਾ ਕਿਤੇ ਨਾਂ ਨਿਸ਼ਾਨ ਵੀ ਨਹੀਂ ਸੀ। ਉਸ ਵੱਛੀ ਨੂੰ ਤਕਲੀਫ਼ ਵਿਚ ਦੇਖਦਿਆਂ ਕਾਲੇ ਨੂੰ ਸਮਝ ਨਹੀਂ ਆ ਰਹੀ ਸੀ ਕਿ ਉਹ ਕੀ ਕਰੇ। ਅਚਾਨਿਕ



ਉਸਦੇ ਦਿਮਾਗ਼ 'ਚ ਡੰਗਰ ਡਾਕਟਰ ਦਾ ਖਿਆਲ ਆਇਆ ਤੇ ਉਸਨੇ ਭੂਰੇ ਨੂੰ ਕਿਹਾ, "ਜਲਦੀ ਆ, ਭੂਰੇ ਸਾਨੂੰ ਡਾਕਟਰ ਨੂੰ ਇਥੇ ਲਿਆਉਣਾ ਪਵੇਗਾ। ਇਹ ਵੱਛੀ ਬੁਰੀ ਤਰ੍ਹਾਂ ਜ਼ਖ਼ਮੀ ਹੈ...।"

ਭੂਰਾ ਖਾਲੀ ਹੱਥ ਵਾਪਸ ਆ ਗਿਆ। ਉਹ ਪਸ਼ੀਨੇ ਨਾਲ ਲੱਥ-ਪੱਥ ਸੀ। ਉਹ ਭੱਜਣ ਕਾਰਣ ਹੱਫ਼ ਰਿਹਾ ਸੀ। ਤੇਜ਼ੀ ਨਾਲ ਸਾਹ ਲੈਂਦਿਆਂ ਉਸਨੇ ਕਿਹਾ,

"ਕਿਤੇ ਵੀ ਪਾਣੀ ਨਹੀਂ ਹੈ।"

ਕਾਲਾ ਅਜੇ ਵੀ ਵੱਛੀ ਦੀ ਪਿੱਠ ਪਲੋਸ ਰਿਹਾ ਸੀ ਜਿਵੇਂ ਉਹ ਉਸ ਵਿਚ ਹੌਸਲਾ ਭਰ ਰਿਹਾ ਹੋਵੇ। ਵੱਛੀ ਦੇ ਮੂੰਹ ਵਿਚਲਾ ਲਹੂ ਜ਼ਮੀਨ 'ਤੇ ਵੱਗਣ ਲੱਗਾ। ਹਨੇਰੇ ਵਿਚ ਲਹੂ ਬਹੁਤ ਗੂੜ੍ਹਾ ਲੱਗ ਰਿਹਾ ਸੀ।

"ਕਾਲੇ, ਡਾਕਟਰ ਆ ਕੇ ਕੀ ਕਰੇਗਾ? ... ਦੇਖ ਕਿੰਨਾ ਲਹੂ ਤਾਂ ਵਹਿ ਚੁੱਕਾ ਹੈ।"

"ਭੂਰੇ ਜਿਆਦਾ ਚਲਾਕ ਨਾ ਬਣ... ਤੂੰ ਇੱਥੇ ਰਹਿ.... ਮੈਂ ਡਾਕਟਰ ਨੂੰ ਬੁਲਾ ਕੇ ਲਿਆਉਂਦਾ ਹਾਂ।" ਉਸਦੀ ਅਵਾਜ਼ ਵਿਚ ਬੜੀ ਕਾਹਲ ਸੀ।

ਕਾਲਾ ਪਿੰਡ ਵੱਲ ਜਾਣ ਲਈ ਤੁਰ ਪਿਆ। ਪਿੰਡ ਉਥੋਂ ਕੋਈ ਇਕ ਕੋਹ ਦੂਰ ਸੀ। ਹਨੇਰਾ ਇਕ ਹਨੇਰੀ ਚਾਦਰ ਵਾਂਗ ਫੈਲਿਆ ਹੋਇਆ ਸੀ। ਕੁਝ ਕੁ ਰੌਸ਼ਨੀਆਂ ਦਿਖਾਈ ਦੇ ਰਹੀਆਂ ਸਨ। ਕਾਲਾ ਬੜੀ ਤੇਜ਼ੀ ਨਾਲ ਕਦਮ ਪੁੱਟ ਰਿਹਾ ਸੀ। ਅਜੇ ਉਹ ਦਸ ਬਾਰਾਂ ਕਦਮ ਹੀ ਅੱਗੇ ਵਧਿਆ ਹੋਣਾ ਕਿ ਭੂਰੇ ਨੇ ਉਸਨੂੰ ਆਵਾਜ਼ ਮਾਰ ਕੇ ਕਿਹਾ, "ਕਾਲੇ, ਛੇਤੀ ਵਾਪਸ ਆ ਜਾ।"

ਕਾਲਾ ਛੇਤੀ ਨਾਲ ਮੁੜਿਆ।

"ਕੀ ਹੋਇਆ? " ਕਾਲੇ ਨੇ ਮੁੜਦਿਆਂ ਪੁੱਛਿਆ।

"ਜਰਾ ਦੇਖ ਤਾਂ... ਇਹ ਤਾਂ ਹਿਲਜੁਲ ਨਹੀਂ ਰਿਹਾ।" ਭੂਰੇ ਨੇ ਦੁੱਖੀ ਹੋ ਕੇ ਕਿਹਾ।

ਵੱਛੇ ਦਾ ਸਰੀਰ ਸਖਤ ਤੇ ਸਥਿਰ ਹੋ ਗਿਆ ਸੀ। ਕੋਈ ਵੀ ਹਿਲਜੁਲ ਨਹੀਂ ਹੋ ਰਹੀ ਸੀ। ਉਹ ਦੋਵੇਂ ਇਕ ਦੂਜੇ ਵੱਲ ਵੇਖਣ ਲੱਗੇ ਇਕ ਦਮ ਚੁੱਪ ਪਸਰ ਗਈ।


ਕਾਲੇ ਨੇ ਉੱਠਦਿਆਂ ਚੁੱਪ ਤੋੜਦਿਆਂ ਕਿਹਾ, "ਇਥੇ ਰਹਿ ਭੂਰੇ, ਮੈਂ ਪਿੰਡ ਵਿਚ ਖ਼ਬਰ ਦੇ ਕੇ ਆਉਂਦਾ ਹਾਂ। ਉਸਦੀ ਆਵਾਜ਼ ਦੁੱਖ ਭਰੀ ਸੀ। ਅਚਾਨਿਕ ਇਸ ਤਰ੍ਹਾਂ ਉਸ ਵੱਛੀ ਦੇ ਮਰਨ 'ਤੇ ਉਹਨਾਂ ਨੂੰ ਬਹੁਤ ਧੱਕਾ ਲੱਗਾ।

ਕਾਲੇ ਨੇ ਇਕ ਨਜ਼ਰ ਬਲਦ ਦੀ ਖੱਲ਼ ਵਾਲੀ ਗੰਢ ਵੱਲ ਵੇਖਿਆ। ਚਾਦਰ ਵਿਚ ਲਪੇਟੀ ਖੱਲ਼ ਮੁਸ਼ਕ ਮਾਰਨ ਲੱਗ ਗਈ ਸੀ। ਉਸਨੇ ਹਉਂਕਾ ਭਰਿਆ ਤੇ ਪਿੰਡ ਵੱਲ ਚੱਲ ਪਿਆ। ਪਿੰਡ ਵਾਲਿਆਂ ਨੂੰ ਵੱਛੀ ਦੇ ਮਰਨ ਦੀ ਖ਼ਬਰ ਦੇਣ ਲਈ।

ਚਰਚਿਤ ਕਹਾਣੀਕਾਰ
ਗੁਰਪਾਲ ਸਿੰਘ ਲਿੱਟ ਦਾ
ਨਵਾਂ ਕਹਾਣੀ ਸੰਗ੍ਰਹਿ

**ਦੁਰਗ ਟੁੱਟਦੇ ਨੇ**

ਪ੍ਰਕਾਸ਼ਕ
ਸੰਗਮ ਪਬਲੀਕੇਸ਼ਨ, ਸਮਾਣਾ
ਮੁੱਲ :175, ਪੰਨੇ :175



## ਗੁਜਰਾਤੀ ਕਹਾਣੀ / ਜਮਾਂਦਰੂ ਨਿਸ਼ਾਨ / ਮਧੁਕਾਂਤ ਕਲਪਿਤ

ਕਾਲੀ ਸਰਦਲ ਤੇ ਇਕ ਫਿੰਨਸੀ ਨੂੰ ਫੇਹਣ ਲਈ ਖੜੀ ਸੀ। ਉਸਨੇ ਧੁੰਦਲੇ ਜਿਹੇ ਸ਼ੀਸ਼ੇ ਨੂੰ ਆਪਣੇ ਸਰੀਰ ਪਿਛਲੇ ਪਾਸੇ ਨਾਲ ਘੁਮਾ ਕੇ ਸਾਫ਼ ਕੀਤਾ ਤੇ ਮੁੜ ਅੱਖਾਂ ਸਾਹਮਣੇ ਕਰ ਲਿਆ। ਸ਼ੀਸ਼ੇ ਦਾ ਕੋਈ ਵੀ ਪਾਸਾ ਅਜਿਹਾ ਨਹੀਂ ਸੀ ਜਿਸ ਵਿਚੋਂ ਸਾਫ਼ ਸਾਫ਼ ਦੇਖਿਆ ਜਾ ਸਕੇ। ਸ਼ੀਸ਼ੇ ਨੂੰ ਇਧਰ ਉਧਰ ਕਰਕੇ ਜਦੋਂ ਉਸਨੇ ਕੋਸ਼ਿਸ਼ ਕਰਕੇ ਦੇਖਿਆ ਤਾਂ ਥੋੜੇ ਜਿਹੇ ਹਿੱਸੇ ਤੋਂ ਉਸਨੂੰ ਆਪਣਾ ਚਿਹਰਾ ਥੋੜਾ ਜਿਹਾ ਦਿਖਾਈ ਦਿੱਤਾ। ਕਾਲੀ ਨੇ ਆਪਣੇ ਚਿਹਰੇ ਵੱਲ ਬੜੀ ਹੈਰਾਨੀ ਨਾਲ ਦੇਖਿਆ ਜਿਵੇਂ ਕੋਈ ਆਪਣੇ ਹੀ ਚਿਹਰੇ ਨੂੰ ਕਦੇ ਕਦੇ ਦੇਖਦਾ ਹੋਵੇ। ਅੱਖਾਂ, ਬੁੱਲ੍ਹਾਂ, ਗੱਲ੍ਹਾਂ ਤੋਂ ਦੇਖਦਿਆਂ ਉਸ ਦੀਆਂ ਅੱਖਾਂ ਇਕ ਫਿੰਨਸੀ 'ਤੇ ਆ ਕੇ ਟਿਕ ਗਈਆਂ। ਉਹ ਅੰਦਰੋਂ ਅੰਦਰੋਂ ਸ਼ਰਮਾ ਗਈ।

'ਤੇਰੀ ਫਿੰਨਸੀ ਤੇਰੀ ਖੂਬਸੂਰਤੀ ਨੂੰ ਹੋਰ ਵਧਾ ਰਹੀ ਹੈ।" ਇਸ ਗੱਲ ਨਾਲ ਉਸਦੇ ਅੰਦਰ ਸ਼ਰਮ ਨਾਲ ਇਕ ਝੁਣਝੁਣੀ ਜਿਹੀ ਦੌੜ ਗਈ। ਉਸਨੇ ਆਪਣੀਆਂ ਉਂਗਲਾਂ ਨਾਲ ਉਸ ਫਿਨਸੀ ਨੂੰ ਦੋ ਤਿੰਨ ਵਾਰ ਇੰਝ ਥਪਥਪਾਇਆ ਜਿਵੇਂ ਕੋਈ ਦਰਵਾਜ਼ਾ ਹੌਲੀ ਜਿਹੇ ਖੜਕਾ ਰਿਹਾ ਹੋਵੇ। ਉਸੇ ਫਿਨਸ਼ੀ ਨੂੰ ਛੇੜਦਿਆਂ ਉਹ ਖਿਆਲਾਂ ਵਿਚ ਗੁਆਚ ਗਈ ਤੇ ਇਹ ਭੁੱਲ ਗਈ ਕਿ ਉਹ ਸ਼ੀਸ਼ਾ ਦੇਖ ਰਹੀ ਸੀ।

... ਜਦੋਂ ਸਵੇਰੇ ਗਾਵਾਂ-ਮੱਝਾਂ ਦੀ ਆਵਾਜ਼ ਆਉਂਦੀ ਤਾਂ ਉਸਦੇ ਦਿਨ ਦੀ ਸ਼ੁਰੂਆਤ ਹੁੰਦੀ। ਇਕ ਨਿੰਮ ਦੇ ਰੁੱਖ ਦੇ ਨਾਲ ਦੋ ਇਮਲੀ ਦੇ ਰੁੱਖ ਵੀ ਵਿਹੜੇ 'ਚ ਲੱਗੇ ਸਨ। ਉਹ ਇਹਨਾਂ ਦੀ ਛਾਵੇਂ ਹਮੇਸ਼ਾਂ ਪਸ਼ੂਆਂ ਨੂੰ ਬੰਨ੍ਹਦੇ ਸਨ। ਗਾਵਾਂ-ਮੱਝਾਂ ਕਿੱਲੇ ਨਾਲ ਬੰਨ੍ਹੀਆਂ ਹੁੰਦੀਆਂ ਸਨ। ਥੋੜੇ ਕਿੱਲੇ ਖਾਲ੍ਹੀ ਵੀ ਸਨ। ਕੰਡਿਆਲੀਆਂ ਝਾੜੀਆਂ ਦੀ ਬਣੀ ਹੋਈ ਇਕ ਛੱਤ ਉਥੋਂ ਸ਼ੁਰੂ ਹੋ ਕੇ ਦਮੂੰਹੇ ਜਿਹੇ ਰਸਤੇ ਤੇ ਮੁੱਕਦੀ ਸੀ, ਇਕ ਰਸਤਾ ਪਿੰਡ ਵੱਲ ਜਾਂਦਾ ਸੀ ਤੇ ਦੂਜਾ ਜੰਗਲ ਵੱਲ। ਮੱਝਾਂ ਛੱਪੜ ਦੇ ਪਾਣੀ ਨਾਲ ਭਿੱਜ ਕੇ ਸਿਰ ਛੰਡਦੀਆਂ ਬਾਹਰ ਆ ਰਹੀਆਂ ਸਨ। ਕਾਲੀ ਦੀਆਂ ਅੱਖਾਂ ਚੁੰਧਿਆ ਗਈਆਂ, ਜਦੋਂ ਉਸਨੇ ਮੱਝਾਂ ਦੇ ਸਰੀਰ ਤੇ ਪੈਂਦੀ ਤਿੱਖੀ ਧੁੱਪ ਨੂੰ ਦੇਖਿਆ।

ਕਾਲੀ ਨੇ ਸ਼ੀਸ਼ਾ ਥੋੜਾ ਕੱਸ ਕੇ ਫੜਿਆ। ਉਸਨੇ ਆਪਣੀ ਜੀਭ ਨਾਲ ਗੱਲ੍ਹ ਬਾਹਰ ਵੱਲ ਕਰਕੇ ਉਹ ਫਿਨਸੀ ਫਿਹਣ ਦੀ ਕੋਸ਼ਿਸ਼ ਕੀਤੀ ਤਾਂ ਉਸ ਵਿਚੋਂ ਲਹੂ ਤੇ ਥੋੜ੍ਹੀ ਜਿਹੀ ਪੀਕ ਨਿਕਲੀ। ਉਹ ਆਪਣੇ ਪੇਟੀਕੋਟ ਨਾਲ ਪੀਕ ਪੂੰਝਣ ਲਈ ਝੁਕੀ। ਉਸਨੇ ਆਪਣੇ ਆਪ ਸ਼ੀਸ਼ੇ ਵਿਚ ਦੇਖਿਆ। ਉਹ ਆਪਣੇ ਆਪ ਨੂੰ ਜਵਾਨ ਦੇਖ ਕੇ ਖੁਸ਼ ਹੋ ਰਹੀ ਸੀ ਤੇ ਆਪਣੇ ਆਪ ਨੂੰ ਧੌਣ ਤੋਂ ਹੇਠਾਂ ਵੇਖਣ ਲੱਗੀ।

"ਉਏ ਤੂੰ ਕੀ ਕਰਦੀ ਪਈ ਏਂ? " ਕਿਸੇ ਨੇ ਆ ਕੇ ਅਚਾਨਿਕ ਆਵਾਜ਼ ਮਾਰੀ। ਉਸਨੇ ਸ਼ੀਸ਼ਾ ਦੋਹਾਂ ਹੱਥਾਂ ਵਿਚ ਲੈ ਛਾਤੀ ਨਾਲ ਘੁੱਟ ਕੇ ਰਾਮਤੁਦੋ ਵੱਲ ਅਜੀਬ ਜਿਹੇ ਤਰੀਕੇ ਨਾਲ ਵੇਖਿਆ। ਉਸਦੀਆਂ ਅੱਖਾਂ ਵਿਚ ਅਜੀਬ ਜਿਹੀ ਸ਼ਰਮ ਸੀ ਤੇ ਮੂੰਹ ਤੇ ਇਕ ਸ਼ੈਤਾਨ ਜਿਹੀ ਮੁਸਕਰਾਹਟ। ਵਿਹੜਾ ਖਾਲੀ ਸੀ। ਸਭ ਵੱਡੇ ਛੋਟੇ ਆਪਣੇ ਆਪਣੇ ਕੰਮਾਂ ਤੇ ਗਏ ਹੋਏ ਸਨ। ਸੰਨਾਟੇ ਦੀ ਸਾਂ ਸਾਂ ਦੀ ਆਵਾਜ਼ ਤੋਂ ਬਿਨ੍ਹਾਂ ਕੋਈ ਵੀ ਆਵਾਜ਼ ਨਹੀਂ ਸੁਣਾਈ ਦਿੰਦੀ ਸੀ। ਵਿਹੜੇ ਵਿਚ ਉਦੋਂ ਹੀ ਚਹਿਲ ਪਹਿਲ ਹੁੰਦੀ ਜਦੋਂ ਖੇਤਾਂ ਵਿਚ ਕੰਮ ਕਰਦੇ ਹੱਥ ਮੁੜ ਵਾਪਸ ਆ ਜਾਂਦੇ। ਰਾਮਤਦੋ ਨੇ ਦਾਤੀ ਪਾਸੇ ਰੱਖ ਕੇ ਬੀੜੀ ਫੂਕਦਿਆਂ ਇਕ ਤਿੱਖੀ ਤੇ ਅਜੀਬ ਜਿਹੀ ਨਜ਼ਰ ਨਾਲ ਦੇਖਦਿਆਂ ਪੁੱਛਿਆ, "ਹਰੀਜੀ ਘਰ ਹੈ? "

" ਤੈਨੂੰ ਉਸ ਨਾਲ ਕੋਈ ਕੰਮ ਹੈ? " ਕਾਲੀ ਨੇ ਔਖੀ ਜਿਹੀ ਹੋ ਕੇ ਪੁੱਛਿਆ। ਉਸਨੇ ਉਸਦੀਆਂ ਮਾੜੀਆਂ ਨਜ਼ਰਾਂ ਆਪਣੇ 'ਤੇ ਪੈਂਦੀਆਂ ਮਹਿਸੂਸ ਕੀਤੀਆਂ ਤੇ ਉਹ ਜਲਦੀ ਨਾਲ ਅੰਦਰ ਚਲੀ ਗਈ।



ਅੰਦਰੋਂ ਉਸਨੇ ਕੱਪੜਿਆਂ ਵਿਚੋਂ ਆਪਣੀ ਚੁੰਨੀ ਚੁੱਕੀ ਤੇ ਆਪਣੇ ਆਪ ਨੂੰ ਚੱਕ ਕੇ ਫਿਰ ਬਾਹਰ ਆ ਗਈ।

"ਮੈਨੂੰ ਤਾਂ ਉਸ ਨਾਲ ਬਹੁਤ ਕੰਮ ਨੇ ਪਰ...।" ਰਾਮਤਦੋ ਨੇ ਬੀੜੀ ਆਪਣੇ ਪੈਰ੍ਹਾਂ ਹੇਠ ਮਸਲ ਦਿੱਤੀ। ਉਸ ਦੀ ਧੋਤੀ ਦੇ ਵਲ੍ਹ ਉਸ ਵੇਲੇ ਇਧਰ ਉਧਰ ਹੋਏ ਤਾਂ ਕਾਲੀ ਜਲਦੀ ਨਾਲ ਹੋਰ ਪਾਸੇ ਦੇਖਣ ਲੱਗੀ। ਦੂਜੇ ਪਾਸੇ ਇਕ ਕਤਾਰ ਵਿਚ ਘਰ ਹੀ ਘਰ ਸਨ ਤੇ ਕੁਝ ਟੀਨਾਂ ਵਾਲੇ ਤੇ ਕੁਝ ਟਾਇਲਾਂ ਦੀਆਂ ਛੱਤਾਂ ਵਾਲੇ ਜਿਨ੍ਹਾਂ 'ਤੇ ਕੰਡੇ ਲਗਾਏ ਹੋਏ ਸਨ ਤਾਂ ਜੋ ਬਾਂਦਰਾਂ ਤੋਂ ਬਚਾਅ ਹੋ ਸਕੇ। ਤੇ ਕੁਝ ਘਰ ਗਾਰੇ ਮਿੱਟੀ ਦੇ ਮੁਸ਼ਕਲ ਨਾਲ ਹੀ ਖੜ੍ਹੇ ਸਨ। ਕਾਲੀ ਕਿਸੇ ਅਜੀਬ ਜਿਹੇ ਡਰ ਨੇ ਘੇਰਿਆ ਹੋਇਆ ਸੀ। ਇਮਲੀ ਦੇ ਰੁੱਖ ਤੋਂ ਕਾਂ ਉੱਡ ਕੇ ਨਿੰਮ ਦੇ ਦਰਖਤ 'ਤੇ ਗਏ। ਨਿੰਮ ਦੇ ਰੁੱਖ ਤੇ ਕਾਂ ਕਾਂ ਹੋਣ ਲੱਗੀ ਤੇ ਉਸਦੀ ਟਾਹਲੀ ਭਾਰ ਨਾਲ ਹੇਠਾਂ ਝੁਕਣ ਲੱਗੀ। ਇਕ ਕਾਂ ਆ ਕੇ ਗਾਂ ਦੀ ਗਰਦਨ 'ਤੇ ਬੈਠ ਗਿਆ ਜਦੋਂ ਉਸਨੇ ਸਿਰ ਹਿਲਾਇਆ ਤਾਂ ਕਾਂ ਵੀ ਇਧਰ ਉਧਰ ਫੜਫੜਾਉਣ ਲੱਗ ਪਏ। ਰਾਮਤਦੋ ਨੇ ਇਕ ਹੋਰ ਬੀੜੀ ਲਾ ਲਈ। ਕਾਲੀ ਤਾਂ ਹੈਰਾਨ ਹੋ ਗਈ, ਪਿਛਲੇ ਸਾਲ ਦੀ ਯਾਦ ਅਜੇ ਵੀ ਉਸਦੇ ਦਿਮਾਗ਼ ਵਿਚ ਤਾਜ਼ੀ ਸੀ। ਪਿਛਲੇ ਸਾਲ ਉਸ ਸਮੇਂ ਰਾਮਤੁਦੋ ਉਥੇ ਆ ਗਿਆ। ਰਾਤ ਹੋ ਗਈ ਤੇ ਲਾਲਟੇਨ ਦੀ ਸੁਨਹਿਰੀ ਰੌਸ਼ਨੀ ਵਰਾਡੇ ਵਿਚ ਫੈਲ ਗਈ। ਇਕ ਟੁੱਟੀ ਜਿਹੀ ਮੰਜੀ 'ਤੇ ਬਾਪੂ ਇਕੱਠਾ ਜਿਹਾ ਹੋ ਕੇ ਲੇਟਿਆ ਹੋਇਆ ਸੀ। ਉਸਦੇ ਉਲਟ ਰਾਮਤੁਦੋ ਬੈਠਾ ਇਕ ਕੰਨ ਵਿਚ ਤੀਲ ਮਾਰ ਰਿਹਾ ਸੀ ਤੇ ਕੂਹਣੀ ਨੂੰ ਗੋਡੇ ਤੇ ਟਿਕਾਈ ਬੈਠਾ ਹੋਇਆ ਸੀ, "ਪਨੀਰੀ ਤਾਂ ਲਾਉਣੀ ਹੈ ਅਜੇ, ਹਰਜੀ, ਤੁਹਾਨੂੰ ਮੇਰੇ ਲਈ ਖੇਤਾਂ ਵਿਚ ਕੰਮ ਕਰਨ ਵਾਲੇ ਬੰਦਿਆਂ ਦਾ ਪ੍ਰਬੰਧ ਕਰਨਾ ਪਵੇਗਾ..." ਗੱਲ ਅੱਧ ਵਿਚਕਾਰ ਛੱਡਦਿਆਂ ਰਾਮਤੁਦੋ ਨੇ ਤੀਲ੍ਹੀ ਸੁੱਟ ਦਿੱਤੀ ਤੇ ਉਂਗਲ ਕੰਨ 'ਚ ਗੋਲ ਗੋਲ ਘੁਮਾਉਣ ਲੱਗਾ। ਉਸ ਦਾ ਸਿਰ ਸਾਰਾ ਹਿੱਲ ਗਿਆ ਤੇ ਪੱਗ ਵੀ ਢਿੱਲੀ ਜਿਹੀ ਹੋ ਗਈ। ਪੱਗ ਲਾਹ ਕੇ ਉਸਨੇ ਆਪਣੇ ਗੋਡੇ ਤੇ ਰੱਖ ਲਈ। ਆਪਣੀ ਦਾੜ੍ਹੀ ਨੂੰ ਖੁਰਕਦਿਆਂ ਉਸ ਨੇ ਹਰਜੀ ਵੱਲ ਦੇਖਿਆ ਅਤੇ ,"ਕੱਲ ਤੈਨੂੰ ਕਾਲੀ ਨੂੰ ਪਨੀਰੀ ਲਾਉਣ ਲਈ ਭੇਜਣਾ ਪਵੇਗਾ? ਸੁਣਿਆ? " ਹਰਜੀ ਨੂੰ ਪਤਾ ਸੀ ਕਿ ਰਾਮਤੁਦੋ ਆਪਣੇ ਮਾਲਕ ਦੇ ਸਿਰ ਤੇ ਉਸ ਨਾਲ ਔਖਾ ਹੋ ਰਿਹਾ ਸੀ। ਮੁੱਖੀਆ ਥੋੜਾ ਚਿੜਚਿੜਾ ਸੀ। ਉਪਰੋਂ ਕਿਸੇ ਪੁਰਾਣੇ ਗਾਹਕ ਨੂੰ ਕੋਈ ਕਿਵੇਂ ਮਨ੍ਹਾ ਕਰ ਸਕਦਾ ਸੀ। ਭਾਵੇਂ ਹਰਜੀ ਨੇ ਆਪਣੇ ਆਪ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ, "ਉਹ ਇਕੱਲੀ ਇੰਨੀ ਦੂਰ ਕਿਵੇਂ ਜਾਏਗੀ ਤੇ ਆਏਗੀ? ਅਤੇ ਤੁਹਾਨੂੰ ਪਤਾ ਹੈ ਕਿ ਉਸਦਾ ਦਿਲ ਕਿੰਨਾ ਕਮਜ਼ੋਰ ਹੈ।" ਬੋਲਦਿਆਂ ਬੋਲਦਿਆਂ ਉਸਨੂੰ ਖੰਘ ਆ ਗਈ।

ਆਪਣੇ ਪਿਤਾ ਦੀ ਗੱਲ ਸੁਣ ਕੇ ਕਾਲੀ ਦਾ ਹਾਸਾ ਨਿਕਲ ਗਿਆ। ਸ਼ਰਮਾਉਂਦਿਆਂ ਉਹ ਉੱਠੀ ਤੇ ਪਾਣੀ ਲੈਣ ਚਲੀ ਗਈ। ਰਾਮਤੁਦੋ ਨੂੰ ਪਾਣੀ ਦੇ ਕੇ ਉਹ ਆਪਣੇ ਪਿਤਾ ਦੀ ਪਿੱਠ ਖੁਰਕਣ ਲੱਗੀ। ਰਾਮਤੁਦੋ ਨੇ ਪੱਗ ਸਿਰ ਤੇ ਰੱਖੀ ਖਿੱਝ ਕੇ ਉੱਤਰ ਦਿੱਤਾ, ਕੰਮ ਤਾਂ ਢਾਈ ਵਜੇ ਖਤਮ ਹੋ ਜਾਣਾ। ਏਹੋ ਸਟੇਸ਼ਨ 'ਚ ਬੀਜ ਦੇਣ ਆ ਜਾਏਗਾ ਤੇ ਤੁਹਾਡਾ ਘਰ ਵੀ ਸਟੇਸ਼ਨ ਕੋਲ ਹੀ ਹੈ। ਫਿਰ ਕੀ ਮੁਸ਼ਕਲ ਹੈ? " ਬਾਪੂ ਜੀ ਅਣਮੰਨੇ ਜਿਹੇ ਦਿੱਲ ਨਾਲ ਕਹਿਣ ਲੱਗੇ।

ਸਵੇਰੇ ਆ ਜਾਈਂ ਬਹੁਤ ਦਿਹਾੜੀਦਾਰ ਮਿਲਣਗੇ ਜਿਵੇਂ ਮੇਲਾ ਲੱਗਾ ਹੋਵੇ। ਆਪਣਾ ਖਾਣਾ ਲੈ ਕੇ ਜਾਂਦਿਆਂ ਉਹ ਨਾਲੇ ਤੋਂ ਲੰਘਣਗੇ ਜਿਹੜਾ ਤੇਜੀ ਨਾਲ ਵਗ ਰਿਹਾ ਹੋਵੇਗਾ। ਅੰਦਰ ਮੰਜੇ ਕੋਲ ਖੜੀ ਕਾਲੀ ਨੇ ਪਾਣੀ ਪੀਤਾ। ਜਿਵੇਂ ਹੀ ਉਹ ਆਪਣੇ ਪੁੱਠੇ ਹੱਥ ਨਾਲ ਮੂੰਹ ਸਾਫ਼ ਕਰਦੀ ਬਾਹਰ ਆਈ ਤਾਂ ਬਾਪੂ ਜੀ ਨੇ ਉਸਨੂੰ ਯਾਦ ਦਵਾਇਆ, "ਬਿਜਾਈ ਵਾਲਾ ਖੇਤ ਰਾਮਵਡੀ ਵਿਖੇ ਹੈ ਤੇ ਬੋਰ ਦੇ ਨੇੜੇ ਧਿਆਨ ਨਾਲ ਕੰਮ ਕਰਨਾ ਨਹੀਂ, ਤਾਂ ਕਿਸੇ ਨੂੰ ਵੀ ਤੈਨੂੰ ਝਿੜਕਣ ਦਾ ਮੌਕਾ ਮਿਲ ਜਾਵੇਗਾ।

"ਠੀਕ ਹੈ...।" ਕਾਲੀ ਦੀ ਆਵਾਜ਼ ਬਹੁਤ ਦੂਰ ਤੱਕ ਆਈ। ਉਹ ਇਸ ਕੰਮ ਵਿਚ ਨਵੀਂ ਨਹੀਂ ਸੀ।

ਉਸਨੂੰ ਯਾਦ ਆਇਆ ਕਿ ਇਕ ਵਾਰ ਉਸਦੀ ਸਾੜੀ ਦਾ ਪੱਲਾ ਨਰਸੰਭਾ ਨਾਲ ਛੋਹਿਆ ਗਿਆ ਤੇ ਉਹ ਥੋੜਾ ਗੁੱਸੇਖੋਰ ਸੀ, "ਇਹ ਕੌਣ ਗਧੀ ਹੈ? " ਇਹ ਕਹਿੰਦਿਆਂ ਉਸਨੇ ਇਕ ਥੱਪੜ ਉਸਦੇ ਜੜ ਦਿੱਤਾ। ਜਿਸ ਨਾਲ ਉਸਦਾ ਤੇਲ ਵਾਲਾ ਡਰੰਮ ਡੁਲਕਣ ਲੱਗ ਪਿਆ। ਉਹ ਰੋਂਦੀ ਰੋਂਦੀ ਘਰ ਗਈ ਤੇ ਬਾਬੂ ਜੀ ਨੂੰ ਕਹਿਣ ਲੱਗੀ, "ਭੱਪਾ ਜਦੋਂ ਨਰਸੰਭਾ ਨੇ ਮੈਨੂੰ ਮਾਰਨ ਲਈ ਫੜਿਆ ਸੀ। ਫੇਰ ਕੀ ਉਹ ਭਿੱਟਿਆ ਨਹੀਂ ਗਿਆ? "

ਬਾਪੂ ਜੀ ਹੈਰਾਨ ਹੋ ਕੇ ਬੋਲੇ, "ਤੇਰੀ ਜ਼ੁਬਾਨ ਬਹੁਤ ਲੰਮੀ ਹੋ ਗਈ ਹੈ, ਕੁੜੀਏ। ਉਹ ਉੱਚੀ ਜਾਤ ਦੇ ਨੇ ਤੇ ਸਾਡੀ ਛੋਹ ਨਾਲ ਹੀ ਭਿੱਟੇ ਜਾਂਦੇ ਨੇ।"

ਇਹ ਗੱਲ ਕਾਲੀ ਦੀ ਸਮਝ ਤੋਂ ਬਾਹਰ ਸੀ। ਆਪਣੇ ਵਿਹਲੇ ਸਮੇਂ ਵਿਚ ਉਹ ਇਹਨਾਂ ਗੱਲਾਂ ਦੀ ਜੜ੍ਹ ਬਾਰੇ ਸੋਚਦੀ। ਉਸਨੂੰ ਸਭ ਵੱਡੀਆਂ ਤੇ ਛੋਟੀਆਂ ਘਟਨਾਵਾਂ ਯਾਦ ਆਉਂਦੀਆਂ। ਇਕ ਵਾਰ ਰਾਮਤੁਦੋ ਜੀ ਇਕ ਉੱਚੇ ਜਿਹੇ ਮੇਜ਼ 'ਤੇ ਚੜ੍ਹ ਕੇ ਦਾਣੇ ਛੱਟ ਰਿਹਾ ਸੀ ਤੇ ਕਾਲੀ ਦਾਣਿਆਂ ਦੀਆਂ ਟੋਕਰੀਆਂ ਭਰ ਭਰ ਕੇ ਉਸਨੂੰ ਫੜਾ ਰਹੀ ਸੀ। ਕਾਹਲੀ ਕਾਹਲੀ ਵਿਚ ਟੋਕਰੀ ਫੜਾਉਂਦਿਆਂ ਉਸਦਾ ਹੱਥ ਕਾਲੀ ਦੇ ਹੱਥ ਨਾਲ ਛੋਹਿਆ ਗਿਆ। ਗੱਲ ਹੋਰ ਵਿਗੜ ਗਈ ਜਦੋਂ ਮੁੱਖੀਆ ਜੀ ਨੇ ਵੀ ਇਹ ਦੇਖਿਆ। ਉਸਦਾ ਗੁੱਸਾ ਭਾਂਬੜ ਬਣ ਗਿਆ , "ਏ ਕੁੜੀਏ ਇਹ ਕਿਵੇਂ ਹੋ ਗਿਆ ਕਿ ਤੇਰਾ ਹੱਥ ਉਸਨੂੰ ਛੋਹ ਜਾਵੇ? ਹੈਂ ! ਮੂਰਖ ਕਿਤੋ ਦੀ।" ਫਿਰ ਉਹ ਇਕ ਲੋਟੇ ਵਿਚ ਪਾਣੀ ਲੈ ਕੇ ਆਇਆ ਤੇ ਉਸਦੇ ਛਿੱਟੇ ਰਾਮਤੁਦੋ ਜੀ 'ਤੇ ਮਾਰੇ ਤਾਂ ਜੋ ਮੁੜ ਪਵਿੱਤਰ ਹੋ ਜਾਵੇ। ਜਦੋਂ ਮੁੱਖੀ ਚਲਾ ਗਿਆ ਤੇ ਰਾਮਤੁਦੋ ਜੀ ਮੁੱਖੀਏ ਨੂੰ ਦਿਲੋਂ ਕੋਸਣ ਲੱਗਾ। ਕਾਲੀ ਨੇ ਸੋਚਿਆ , "ਰਾਮਤੁਦੋ ਜੀ ਇਕ ਚੰਗਾ ਬੰਦਾ ਹੈ...।"

ਸੋਚਾਂ ਵਿਚ ਡੁੱਬੀ ਹੋਈ ਕਾਲੀ ਬੋਰ ਕੋਲ ਪਹੁੰਚ ਗਈ। ਉਸਨੇ ਪਾਣੀ ਦੇਖਿਆ ਉਸਦਾ ਚਿਹਰੇ ਦਾ ਪਰਛਾਵਾਂ ਪਾਣੀ ਵਿਚ ਲੰਬਾ ਤੇ ਚੌੜ੍ਹਾ ਹੋ ਰਿਹਾ ਸੀ ਉਸਨੇ ਇਕ ਪੱਥਰ ਚੁੱਕ ਕੇ ਪਾਣੀ ਵਿਚ ਸੁੱਟਿਆ ਤੇ ਕੁਝ ਡੱਡੂ ਜੋ ਪਾਣੀ ਤੋਂ ਬਾਹਰ ਆਏ ਹੋਏ ਸਨ ਫਿਰ ਪਾਣੀ ਵਿਚ ਚਲੇ ਗਏ। ਕੁਝ ਪੱਥਰ ਹੇਠਾਂ ਚਲਾ ਗਏ। ਖੇਤਾਂ ਦੀ ਵੱਟ ਦੇ ਨਾਲ ਨਾਲ ਜਾਂਦਿਆਂ ਉਹ ਬਿਜਾਈ ਵਾਲੇ ਖੇਤ ਵਿਚ ਪਹੁੰਚ ਗਈ।

ਰਾਮਤੁਦੋ ਪਨੀਰੀ ਪੁੱਟਣ ਵਿਚ ਰੁੱਝਿਆ ਹੋਇਆ ਸੀ। ਕਾਲੀ ਵੀ ਆ ਕੇ ਉਸ ਨਾਲ ਕੰਮ ਲੱਗ ਗਈ ਦੋਵੇਂ ਬਿਨ੍ਹਾਂ ਬੋਲੇ ਕੰਮ ਕਰਦੇ ਗਏ। ਜਦੋਂ ਉਹਨਾਂ ਨੇ ਕਾਫ਼ੀ ਕੰਮ ਕਰ ਲਿਆ ਤੇ ਰਾਮਤੁਦੋ ਨੇ ਉਸਨੂੰ ਪਨੀਰੀ ਫੜਾਉਂਦਿਆਂ ਕਿਹਾ ਕਿ ਬੋਰ ਵਾਲੇ ਕਮਰੇ ਵਿਚ ਇਹ ਰੱਖ ਦੇ ਅਤੇ ਉੱਪਰ ਕੋਈ ਗਿੱਲਾ ਜਿਹਾ ਬੋਰਾ ਦੇ ਦਈਂ , ਨਹੀਂ ਤਾਂ ਇਹ ਮੁਰਝਾ ਜਾਵੇਗੀ।

ਕਾਲੀ ਉੱਠ ਬੈਠੀ ਤੇ ਰਾਮਤੁਦੋ ਨੇ ਉਸਦੀਆਂ ਬਾਹਾਂ ਵਿਚ ਉਹ ਬੂਟੇ ਰੱਖ ਦਿੱਤੇ। ਕਾਲੀ ਨੇ ਥੋੜਾ ਝਿਜਕ ਕੇ ਕਿਹਾ, "ਤੁਸੀਂ ਅਰਾਮ ਨਾਲ ਬੈਠ ਜਾਓ ਮੈਂ ਆਪੇ ਚੁੱਕ ਲਵਾਂਗੀ। ਤੁਸੀਂ ਮੈਨੂੰ ਹੁਣ ਤੱਕ ਬਹੁਤ ਵਾਰ ਛੂਹ ਚੁੱਕੇ ਹੋ।" ਇਹ ਕਹਿੰਦਿਆਂ ਉਹ ਹੱਸ ਪਈ।

"ਤੂੰ ਮੂਰਖਾਂ ਵਰਗੀਆਂ ਗੱਲਾਂ ਕਿਉਂ ਕਰ ਰਹੀ ਏ? ਸਿਰਫ ਛੂਹਣ ਨਾਲ ਕੋਈ ਅਪਵਿੱਤਰ ਕਿਵੇਂ ਹੋ ਜਾਵੇਗਾ।" ਰਾਮਤੁਦਾ ਜੀ ਗੱਲਾਂ ਨੂੰ ਖਤਮ ਕਰਕੇ ਕੰਮ ਕਰਨ ਲੱਗਾ। ਉਸ ਦੀਆਂ ਉਂਗਲਾਂ ਕਾਲੀ ਦੀ ਗਰਦਨ ਨੂੰ ਛੂਹੀਆਂ, "ਓ ਹੋ !! ਕਾਲੀ ਨੇ ਮੂੰਹ ਵਿਚ ਬੁੜ ਬੁੜ ਕਰਨ ਲੱਗੀ। ਕਾਲੀ ਬੋਰ ਵਾਲੇ ਕਮਰੇ ਵਿਚੋਂ ਵਾਪਸ ਆ ਗਈ। ਦਿਮਾਗ਼ ਵਿਚ ਚੱਲਦਾ ਤੁਫਾਨ ਅਜੇ ਠੰਡਾ ਨਹੀਂ ਹੋਇਆ। ਦਿਮਾਗ਼ ਵਿਚ ਬਹੁਤ ਸੋਚਾਂ ਘੁੰਮਦੀਆਂ ਸਨ। ਲੋਕਾਂ ਸਾਹਮਣੇ ਇਹ ਅਪਵਿੱਤਰ ਹੋ ਜਾਂਦੇ ਨੇ ਤੇ ਅੰਦਰ ਖਾਤੇ ਸਭ ਕੁਝ ਕਰਨ ਲਈ ਤਿਆਰ ਹੋ ਜਾਂਦੇ ਨੇ। ਇਕ ਕਿੱਦਾਂ ਦੇ ਲੋਕ ਹਨ? ਜਿੰਨ੍ਹਾ ਉਹ ਜਿਆਦਾ ਸੋਚਦੀ,ਉੱਨੀ ਹੀ ਪਰੇਸ਼ਾਨ ਹੁੰਦੀ ਆਪਣੇ ਆਪ ਨੂੰ ਤਸੱਲੀ ਦਿੰਦਿਆਂ ਉਸਨੇ ਕਿਹਾ, "ਰਾਮਤੁਦਾ ਇਕ ਚੰਗਾ ਬੰਦਾ ਹੈ। ਉਸਨੇ



ਇਹ ਸਭ ਜਾਣ ਕੇ ਨਹੀਂ ਕੀਤਾ... ।" ਉਸਦੇ ਦਿਮਾਗ਼ ਵਿਚ ਨਰਸੰਭਾ ਦੇ ਖੱਪੜ ਵਾਲੀ ਘਟਨਾ ਆਈ।

"ਇਕ ਵਾਰ ਫੇਰ ਕਾਲੀ ਪਨੀਰੀ ਲੈਣ ਆਈ। ਅੱਜ ਰਾਮਤੁਦੋ ਗੱਲਾਂ ਕਰਨ ਵਿਚ ਮਸਤ ਸੀ... ਘਰ ਦੇ ਝਮੇਲੇ, ਗੁੱਸੇਖੋਰ ਪਤਨੀ, ਗੰਦੀਆਂ ਆਦਤਾ ਆਦਿ ਬਾਰੇ। ਕਾਲੀ ਆਰਾਮ ਨਾਲ ਉਸ ਦੀਆਂ ਗੱਲਾਂ ਸੁਣਦੀ ਗਈ ਤੇ ਹੂੰ-ਹਾਂ ਕਰਦੀ ਰਹੀ। ਅਚਾਨਿਕ ਰਾਮਤੁਦਜੀ ਨੇ ਕਿਹਾ, "ਏ ਇਹ ਤੇਰੇ ਪੈਰ ਤੇ ਕੀ ਹੋਇਆ ਏ? " ਕਾਲੀ ਡਰ ਗਈ ਤੇ ਫਟਾਫ਼ਟ ਆਪਣੀ ਸਾੜੀ ਨਾਲ ਆਪਣੀ ਲੱਤ 'ਤੇ ਪੈਰ ਢੱਕਣ ਲੱਗੀ।

"ਇਹ ਤਾਂ ਜਮਾਂਦਰੂ ਨਿਸ਼ਾਨ ਹੈ...।" ਉਸਨੇ ਇਕ ਲੰਮਾ ਸਾਹ ਲਿਆ ਤੇ ਫਿਰ ਕਿਹਾ, "ਇਹ ਮੇਰੇ ਜਨਮ ਤੋਂ ਹੀ ਹੈ।" ਰਾਮਤੁਦੋ ਹੱਸਿਆ। ਉਹ ਪਨੀਰੀ ਦਾ ਗੁੱਛਾ ਇਕ ਪਾਸੇ ਰੱਖ ਕੇ ਉਹ ਕਾਲੀ ਵੱਲ ਹੋਇਆ।

"ਮੈਨੂੰ ਦੇਖ ਲੈਣ ਦੇ ਜਰਾ ਚੰਗੀ ਤਰ੍ਹਾਂ...।"

ਰਾਮਤੁਦਾ ਅੱਖਾਂ ਇਧਰ ਉਧਰ ਘੁਮਾਉਣ ਲੱਗਾ। ਕਾਲੀ ਉਸ ਵੱਲ ਘੂਰ ਕੇ ਵੇਖਣ ਲੱਗੀ।

"ਜਮਾਂਦਰੂ ਨਿਸ਼ਾਨ ਦਾ ਕੀ ਦੇਖਣਾ ਹੈ? ਉਹਦੇ 'ਤੇ ਕਿਹੜੇ ਹੀਰੇ ਜਵਾਹ-ਮੋਤੀ ਰਾਤ ਲੱਗੇ ਨੇ? " ਬਿਨਾਂ ਸੋਚੇ ਸਮਝੇ ਉਸਨੇ ਆਪਣੀ ਲੱਤ ਤੋਂ ਸਾੜੀ ਦਾ ਪੱਲਾ ਚੁੱਕਿਆ।

"ਜਮਾਂਦਰੂ ਨਿਸ਼ਾਨ ਹੋਣਾ ਤਾਂ ਵਧੀਆ ਗੱਲ ਹੈ। ਤੂੰ ਤਾਂ ਬੜੀ ਕਿਸਮਤ ਵਾਲੀ ਏ। ਉਦੋਂ ਹੀ ਉਸਦੀ ਜੁੱਤੀ ਵਿਚ ਇਕ ਪੱਥਰ ਜਿਹਾ ਵੱਜਿਆ। ਉਸਨੇ ਆਪਣਾ ਬੂਟ ਪਾਉਣ ਤੋਂ ਪਹਿਲਾਂ ਲਾਹ ਦਿੱਤਾ ਤੇ ਜ਼ੋਰ ਨਾਲ ਜਮੀਨ 'ਤੇ ਸੁੱਟਿਆ। ਕਾਲੀ ਦਾ ਧਿਆਨ ਆਪਣੇ ਜਮਾਂਦਰੂ ਨਿਸ਼ਾਨ ਤੇ ਹੀ ਸੀ। ਉਸਦਾ ਮਨ ਖੁਸ਼ੀ ਨਾਲ ਭਰ ਗਿਆ। ਜਦੋਂ ਉਸਨੂੰ ਪਤਾ ਚੱਲਿਆ ਕਿ ਜਮਾਂਦਰੂ ਨਿਸ਼ਾਨ ਬਹੁਤ ਵਧੀਆ ਹੁੰਦੇ ਹਨ ਤਾਂ ਉਸਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। "ਅੱਜ ਘਰ ਜਾ ਕੇ ਸਭ ਤੋਂ ਪਹਿਲਾਂ ਕੰਮ ਮੈਂ ਇਹ ਕਰਾਂਗੀ ਕਿ ਬਾਪੂ ਆਪਣਾ ਜਮਾਂਦਰੂ ਨਿਸ਼ਾਨ ਦਿਖਾਵਾਂਗੀ। ਕੀ ਉਸਨੇ ਹੁਣ ਤੱਕ ਇਹ ਦੇਖਿਆ ਨਹੀਂ ਹੋਵੇਗਾ? " ਕਾਲੀ ਬੜੀ ਖੁਸ਼ ਸੀ। ਉਸਨੂੰ ਇਸ ਗੱਲ ਦਾ ਪਛਤਾਵਾ ਹੋਇਆ ਕਿ ਉਸਨੂੰ ਅੱਜ ਤੱਕ ਆਪਣੀ ਖੁਸ਼ਕਿਸਮਤੀ ਬਾਰੇ ਪਹਿਲਾਂ ਪਤਾ ਹੀ ਨਹੀਂ ਸੀ। ਉਸਨੇ ਦੇਖਿਆ ਕਿ ਰਾਮਤੁਦੋ ਉਸਦਾ ਜਮਾਂਦਰੂ ਨਿਸ਼ਾਨ ਪਲੋਸ ਰਿਹਾ ਸੀ ਜਦ ਕਿ ਉਹ ਆਪ ਅਜਿਹਾ ਕਰਨਾ ਚਾਹੁੰਦੀ ਸੀ।

ਕਾਲੀ ਸ਼ਰਮਾ ਗਈ ਤੇ ਉਸਨੇ ਆਪਣੀ ਲੱਤ ਪਿੱਛੇ ਕਰ ਗਈ।

ਕਾਲੀ ਦੀ ਇਹ ਗੱਲ ਵੱਲ ਤਾਂ ਰਾਮਤੁਦੋ ਦਾ ਧਿਆਨ ਹੀ ਨਹੀਂ ਸੀ। ਕਾਲੀ ਨੇ ਸ਼ਰਮਾ ਕੇ ਆਪਣੀ ਲੱਤ ਢੱਕ ਲਈ। ਉਸਦੇ ਸਰੀਰ ਵਿਚੋਂ ਇਕ ਬਿਜਲੀ ਜਿਹੀ ਦੌੜ ਗਈ ਤੇ ਉਹ ਖੜੀ ਹੋ ਗਈ। ਉਹ ਪਨੀਰੀ ਦੀਆਂ ਗੁੱਛੀਆਂ ਲੈ ਕੇ ਬੋਰ ਵਾਲੇ ਕਮਰੇ ਵਿਚ ਆ ਗਈ। ਉਸਨੇ ਬੋਰੀ ਜਿਹੀ ਚੁੱਕੀ ਤੇ ਉਹਨਾਂ ਗੁੱਛਿਆ ਨੂੰ ਸਾਫ਼ ਸਾਫ਼ ਤੇ ਢੰਗ ਨਾਲ ਰੱਖਣ ਲੱਗੀ।

ਜਦੋਂ ਉਹ ਬਾਹਰ ਜਾਣ ਲੱਗੀ ਤਾਂ ਉਸਨੇ ਦੇਖਿਆ ਕਿ ਰਾਮਤੁਦੋ ਉਸ ਦਾ ਰਾਹ ਰੋਕ ਰਿਹਾ ਸੀ। ਉਹ ਬੜੀ ਹੈਰਾਨੀ ਜਿਹੀ ਨਾਲ ਹੱਸੀ, "ਤੂੰ ਇਥੇ ਕਿਉਂ ਆਇਆ ਏ? " ਉਸਨੇ ਪੁੱਛਿਆ। ਰਾਮਤੁਦੋ ਨੇ ਕੋਈ ਉੱਤਰ ਨਹੀਂ ਦਿੱਤਾ। ਕਾਲੀ ਨੇ ਉਸਦਾ ਚਿਹਰਾ ਧਿਆਨ ਨਾਲ ਦੇਖਿਆ ਤੇ ਉਸ ਨੇ ਉਹਦੇ ਚਿਹਰੇ ਤੇ ਡਰ ਜਿਹਾ ਦੇਖਿਆ। ਪਹਿਲਾਂ ਤਾਂ ਕਾਲੀ ਨੇ ਚਾਹਿਆ ਕਿ ਉਹ ਇਕ ਦਮ ਕਮਰੇ ਵਿਚੋਂ ਭੱਜ ਜਾਏ। ਜਿਵੇਂ ਹੀ ਉਸਨੇ ਭੱਜਣ ਲਈ ਪੈਰ ਬਾਹਰ ਕੱਢਿਆ ਤਾਂ ਉਸਨੇ ਇਕ ਦਮ ਆਪਣੇ ਆਪ ਨੂੰ ਰਾਮਤੁਦੋ ਦੀਆਂ ਬਾਹਾਂ ਵਿਚ ਜਕੜਿਆ ਪਾਇਆ। ਕਾਲੀ ਹੈਰਾਨ ਹੋ ਗਈ। ਡਰ ਨਾਲ ਸਾਹੋ ਸਾਹੀ ਹੋਈ ਉਸਨੇ ਤਰਲਾ ਕੀਤਾ, "ਰੱਬ ਦਾ ਵਾਸਤਾ ਰਾਮਤੁਦੋ, ਮੈਨੂੰ ਜਾਣ ਦੇ ਤੈਨੂੰ ਪਤਾ ਹੈ ਮੈਨੂੰ ਛੂਹਣਾ ਨਹੀਂ ਚਾਹੀਦਾ ਤੂੰ ਭਿੱਟਿਆ ਜਾਵੇਗਾ।" ਰਾਮਤੁਦੋ ਨੇ ਕਾਲੀ ਦੀਆਂ ਅੱਖਾਂ ਵਿਚ ਬੜੇ ਧਿਆਨ ਨਾਲ ਦੇਖਿਆ, "ਮੈਂ ਵੇਖਣਾ ਚਾਹੁੰਦਾ

ਹਾਂ ਤੇਰੇ ਸਰੀਰ ਦਾ ਕਿਹੜਾ ਹਿੱਸਾ ਮੈਨੂੰ ਅਪਵਿੱਤਰ ਕਰਦਾ ਹੈ।" ਜਿੰਨਾ ਕਾਲੀ ਆਪਣੇ ਆਪ ਨੂੰ ਛੁਡਾਉਣਾ ਚਾਹੁੰਦੀ ਓਨਾ ਹੀ ਰਾਮਤੁਦ ਜੀ ਉਸਨੂੰ ਜਕੜ ਲੈਂਦਾ। ਉਸਨੇ ਕਾਲੀ ਦੀ ਠੋਡੀ ਇਕ ਹੱਥ ਨਾਲ ਉੱਪਰ ਨੂੰ ਚੁੱਕੀ। ਉਸਦਾ ਸਾਹ ਘੁੱਟ ਹੋ ਰਿਹਾ ਸੀ। ਉਹ ਪੂਰੀ ਤਰ੍ਹਾਂ ਕੋਸ਼ਿਸ਼ ਵਿਚ ਸੀ ਆਪਣੇ ਆਪ ਨੂੰ ਉਸਤੋਂ ਛੁਡਾਉਣ ਲਈ। ਉਸਨੇ ਰਾਮਤੁਦ ਨੂੰ ਜੋਰ ਨਾਲ ਧੱਕਾ ਮਾਰਿਆ। ਰਾਮਤੁਦਜੀ ਕੋਲੋਂ ਉਹ ਛੁੱਟ ਗਈ। ਕਾਲੀ ਆਪਣੀ ਜ਼ਿੰਦਗੀ ਤੇ ਇੱਜ਼ਤ ਬਚਾਉਣ ਲਈ ਭੱਜੀ, ਵਰਾਂਡੇ ਤੇ ਖੇਤਾਂ ਵਿਚੋਂ ਦੀ ਹੁੰਦੀ ਹੋਈ। ਉਹ ਪਨੀਰੀ ਦੇ ਢੇਰ 'ਤੇ ਡਿੱਗ ਗਈ। ਚਿੱਕੜ ਵਿਚ ਡਿੱਗਣ ਪਿੱਛੋਂ ਉਹ ਗੁੱਸੇ ਵਿਚ ਭੜਕੀ।

ਕਾਲੀ ਕਿੰਨਾ ਚਿਰ ਚੀਕਦੀ ਤੇ ਰੌਲੀ ਪਾਉਂਦੀ ਰਹੀ ਪਰ ਰਾਮਤੁਦਜੀ ਆਪਣਾ ਸਿਰ ਖੁਰਕਦਾ ਉਸ ਵੱਲ ਵੱਧਦਾ ਰਿਹਾ। ਕਾਲੀ ਨੇ ਖੜੇ ਹੋ ਕੇ ਇੰਝ ਭੱਜਣ ਦੀ ਕੋਸ਼ਿਸ਼ ਕੀਤੀ ਜਿਵੇਂ ਉਹ ਕਿਸੇ ਕੋਬਰੇ ਸੱਪ ਕੋਲੋਂ ਡਰ ਕੇ ਭੱਜ ਰਹੀ ਹੋਵੇ। ਸੂਰਜ ਸਿਰ 'ਤੇ ਸੀ ਤੇ ਕਾਲੀ ਸੁੰਨ ਹੋਈ ਪਈ ਸੀ। ਉਹ ਕਾਫ਼ੀ ਦੂਰ ਤਕ ਭੱਜ ਆਈ ਸੀ। ਉਸ ਦੀਆਂ ਲੱਤਾਂ ਅੱਗੇ ਵੱਧਣ ਤੋਂ ਇਨਕਾਰੀ ਹੋ ਗਈਆਂ। ਉਸਨੂੰ ਚੱਕਰ ਆ ਰਹੇ ਸਨ ਪਰ ਦੂਰ ਉਸਨੂੰ ਧੁੰਦਲੇ ਜਿਹੇ ਪਿੰਡ ਦੇ ਕੁਝ ਘਰ ਦਿਸੇ। ਉਸਨੂੰ ਸੁੱਖ ਦਾ ਸਾਹ ਆਇਆ। ਉਹ ਥੱਕੀ ਹਾਰੀ ਵਿਹੜੇ ਵਿਚ ਪਏ ਮੰਜੇ 'ਤੇ ਡਿੱਗ ਪਈ 'ਤੇ ਉਸ ਦੀਆਂ ਲੱਤਾਂ ਗੋਡਿਆਂ ਤੱਕ ਨੰਗੀਆਂ ਹੋ ਗਈਆ।

ਉਸਦਾ ਜਮਾਂਦਰੂ ਨਿਸ਼ਾਨ ਲੱਤ ਤੇ ਸਾਫ਼ ਨਜ਼ਰ ਆ ਰਿਹਾ ਸੀ। ਇੰਨੀ ਦੁੱਖੀ ਹੋਣ ਦੇ ਬਾਵਜੂਦ ਵੀ ਉਸਦੇ ਚਿਹਰੇ ਤੇ ਮੁਸਕਾਨ ਆਈ ਆਪਣੇ ਜਮਾਂਦਰੂ ਨਿਸ਼ਾਨ ਤੇ ਹੱਥ ਫੇਰਦਿਆਂ ਉਸਨੂੰ ਇੰਝ ਲੱਗਾ ਜਿਵੇਂ ਉੱਥੇ ਕੰਡਾ ਚੁੱਭਿਆ ਹੋਵੇ। 'ਤੂੰ ਬਹੁਤ ਕਿਸਮਤ ਵਾਲੀ ਏਂ'। ਉਸਨੇ ਇਹ ਆਵਾਜ਼ ਚੇਤੇ ਕਰਦਿਆਂ ਆਪਣੀਆਂ ਅੱਖਾਂ ਨਫ਼ਰਤ ਨਾਲ ਘੁੱਟ ਕੇ ਬੰਦ ਕਰ ਲਈਆਂ।

0 0 0

ਸਾਲ ਬੀਤ ਚੁੱਕਾ ਸੀ ਪਰ ਕਾਲੀ ਨੂੰ ਕੁਝ ਵੀ ਨਹੀਂ ਭੁੱਲਿਆ ਸੀ। ਉਹ ਸੱਚਮੁੱਚ ਆਪਣੀ ਬਦਕਿਸਮਤੀ ਤੇ ਦੁੱਖੀ ਸੀ। ਉਸਨੇ ਸੁੰਨਾ ਜਿਹਾ ਵਿਹੜਾ ਦੇਖਿਆ। ਰਾਮਤੁਦੋ ਉੱਥੇ ਬੈਠਾ ਸ਼ੈਤਾਨੀ ਜਿਹਾ ਹਾਸਾ ਹੱਸਿਆ ਤੇ ਬੋਲਿਆ, "ਕਾਲੀ ਅੱਜ ਤੱਕ ਵੀ ਤੇਰਾ ਜਮਾਂਦਰੂ ਨਿਸ਼ਾਨ ਵੇਖਣ ਲਈ ਜੀਅ ਕਰ ਰਿਹਾ ਹੈ।" ਇਹ ਕਹਿੰਦਿਆਂ ਉਹ ਉੱਠਿਆ, ਕਾਲੀ ਸੜ ਕੇ ਸੁਆਹ ਹੋ ਗਈ। ਉਹ ਚੀਕੀ, "ਉੱਥੇ ਰੁਕ ਜਾ ਰਾਮਤੁਦਜੀ , ਇਕ ਕਦਮ ਵੀ ਅੱਗੇ ਨਾ ਪੁੱਟੀ?" ਪਰ ਰਾਮਤੁਦ ਜੀ ਤਾਂ ਇਕ ਸ਼ੈਤਾਨ ਤੇ ਪਾਗਲ ਹਾਥੀ ਵਾਂਗ ਅੱਗੇ ਵਧ ਰਿਹਾ ਸੀ। ਕਾਲੀ ਤੇ ਉਸਨੂੰ ਹੁਣ ਬਿਲਕੁਲ ਵੀ ਭਰੋਸਾ ਨਹੀਂ ਸੀ। ਉਹ ਹੁਣ ਚੁੱਪ ਕਰਕੇ ਵੀ ਨਹੀਂ ਬੈਠੀ ਰਹਿ ਸਕਦੀ ਸੀ। ਉਹ ਹੁਣ ਬਹੁਤ ਘਬਰਾ ਗਈ ਸੀ। ਉਸਨੂੰ ਪਤਾ ਹੀ ਨਹੀਂ ਚੱਲਿਆ ਉਸਨੇ ਕਦੋਂ ਵਰਾਂਡੇ ਤੋਂ ਨਿਕਲ ਕੇ ਦਾਤੀ ਹੱਥਾਂ ਵਿਚ ਕਸ ਕੇ ਫੜ ਲਈ।

ਉਸ ਦੀਆਂ ਲੱਤਾਂ ਵਿਚ ਅਜੀਬ ਜਿਹੀ ਜਾਨ ਆ ਗਈ ਹੱਥਾਂ ਵਿਚ ਦਾਤੀ ਚੁੱਕੀ ਉਹ ਅੱਗੇ ਵਧੀ। ਕਾਲੀ ਹੁਣ ਉਹ ਮਾਂ ਦੁਰਗਾ ਕਾਲੀ ਦੇ ਰੂਪ ਵਿਚ ਆ ਗਈ ਜਿਵੇਂ ਖੂਨ ਨਾਲ ਲੱਥ ਪਥ ਕੱਟੇ ਹੋਏ ਲਹੂ ਨਾਲ ਲਿੱਬੜੇ ਸਿਰ ਉਸਨੇ ਗਲੇ ਵਿਚ ਹਾਰ ਵਾਂਗ ਪਾਏ ਹੋਣ। ਕਾਲੀ ਦੇ ਜਮਾਂਦਰੂ ਨਿਸ਼ਾਨ ਵਾਂਗ ਹੁਣ ਉਹਦੇ ਹੱਥ ਵਿਚ ਫੜੀ ਦਾਤੀ ਚਮਕ ਰਹੀ ਸੀ।



## ਤੈਲਗੂ ਕਹਾਣੀ / **ਕਾਲੀ ਸਿਆਹੀ** / **ਵਿਨੋਦਿਨੀ**

ਘਰਾਂ ਦੀਆਂ ਛੱਤਾਂ ਫੁੱਲਾਂ ਦੀਆਂ ਕਿਆਰੀਆਂ ਵਾਂਗ ਲੱਗ ਰਹੀਆਂ ਸਨ। ਪੰਛੀਆਂ ਦੇ ਚਹਿਚਹਾਉਣ ਦੇ ਨਾਲ ਨਾਲ ਖੇਡ ਰਹੇ ਬੱਚਿਆਂ ਦੀਆਂ ਕਿਲਕਾਰੀਆਂ ਹਵਾ ਵਿਚ ਇਕ ਅਜੀਬ ਹਲਚਲ ਕਰ ਰਹੀਆਂ ਸਨ। ਛੋਟੇ ਛੋਟੇ ਸਾਇਕਲ ਖਿਡੋਣਿਆ ਵਰਗੇ ਲੱਗ ਰਹੇ ਸਨ ਅਤੇ ਉਹਨਾਂ ਤੇ ਚੜ੍ਹੇ ਹੋਏ ਬੱਚੇ ਤਿੱਤਲੀਆਂ ਵਰਗੇ। ਹਵਾ ਵੀ ਪੂਰੇ ਜੋਸ਼ੋ-ਖਰੋਸ਼ ਵਿਚ ਸੀ। ਬੱਚਿਆਂ ਦੀ ਖੁਸ਼ੀ ਹਾਸੇ ਤੇ ਉਹਨਾਂ ਦੇ ਸਾਇਕਲਾਂ ਦੇ ਚੱਲਣ ਤੇ ਰੁਕਣ ਦੀ ਆਵਾਜ਼ ਨਾਲ ਬੱਚਿਆਂ ਦੇ ਚਿਹਰੇ ਫੁੱਲ੍ਹਾਂ ਵਾਂਗ ਖਿੜੇ ਹੋਏ ਸਨ। ਉਹਨਾਂ ਦੇ ਚਿਹਰਿਆਂ ਦਾ ਨੂਰ ਇਵੇਂ ਲੱਗ ਰਿਹਾ ਸੀ ਜਿਵੇਂ ਫੁੱਲਾਂ ਨਾਲੋਂ ਪਰਾਗ ਝੜ ਰਹੇ ਹੋਣ।

ਜਦੋਂ ਮੇਰੀ ਚਾਹ ਰਿਝਣੀ ਸ਼ੁਰੂ ਹੋਈ ਤਾਂ ਮੈਂ ਸਟੋਵ ਬੰਦ ਕਰ ਦਿੱਤਾ। ਮੈਂ ਇਕ ਹੱਥ ਵਿਚ ਚਾਹ ਦਾ ਕੱਪ ਤੇ ਦੂਜੇ ਹੱਥ ਵਿਚ ਟੀ. ਵੀ. ਦਾ ਰਿਮੋਟ ਫੜਦਿਆਂ, ਇਕ ਨਾਇਕ ਨੂੰ ਟੀ. ਵੀ. ਵਿਚ ਬੱਚਿਆਂ ਨਾਲ ਗਾਣਾ ਗਾਉਂਦਿਆਂ ਦੇਖਿਆ। ਫਿਰ ਮੈਂ ਦਰਵਾਜ਼ੇ 'ਤੇ ਠਕ ਠਕ ਦੀ ਆਵਾਜ਼ ਸੁਣੀ। ਘੰਟੀ ਦੀ ਬਜਾਇ ਕਿਸੇ ਨੇ ਉਂਗਲੀਆਂ ਦੇ ਪੋਟਿਆਂ ਨਾਲ ਦਰਵਾਜ਼ਾਂ ਖੜਕਾਇਆ। ਟੀ. ਵੀ. ਦੀ ਆਵਾਜ਼ ਬੰਦ ਕਰਕੇ ਮੈਂ ਦਰਵਾਜ਼ਾ ਖੋਲਿਆ ਤਾਂ ਮੈਂ ਇਕ ਛੋਟੀ ਜਿਹੀ ਬੱਚੀ ਦੇਖੀ ਜੋ ਇੰਝ ਲੱਗ ਰਹੀ ਸੀ ਜਿਵੇਂ ਤਿੱਤਲੀਆਂ ਦੇ ਖੰਭਾਂ ਨਾਲ ਬਣਾਈ ਗਈ ਹੋਵੇ। ਉਸਦੀ ਉਮਰ ਅੱਠ ਸਾਲ ਦੇ ਲਗਭਗ ਹੋਵੇਗੀ। ਉਸ ਦੀਆਂ ਅੱਖਾਂ ਵਿਚੋਂ ਅਜੀਬ ਜਿਹੀ ਖੁਸ਼ੀ ਝਲਕ ਰਹੀ ਸੀ। ਉਸਦੇ ਚਿਹਰੇ ਤੇ ਮੁਸਕਰਾਹਟ ਸੀ ਅਤੇ ਥੋੜ੍ਹਾ ਹਾਸਾ ਜਿਵੇਂ ਉਸਨੇ ਬੁੱਲ੍ਹਾਂ ਵਿਚ ਲੁਕੋਇਆ ਹੋਵੇ। ਜਦੋਂ ਉਸਨੇ ਆਪਣਾ ਅੰਗੂਠਾ ਬੁੱਲ੍ਹਾਂ ਉੱਤੇ ਰੱਖਿਆ ਤਾਂ ਇੰਝ ਲੱਗਾ ਜਿਵੇਂ ਫੁੱਲਾਂ ਤੇ ਪਾਣੀ ਦਾ ਛਿੜਕਾਅ ਕੀਤਾ ਹੋਵੇ ਤਾਂ ਜੋ ਉਹ ਨਰੋਏ ਤੇ ਤਾਜ਼ੇ ਰਹਿਣ। ਉਸਨੂੰ ਅੰਦਰ ਆਉਂਦਿਆਂ ਦੇਖਦਿਆਂ ਮੈਂ ਫਰਿੱਜ ਵੱਲ ਗਈ। ਜਦੋਂ ਉਹ ਮੇਰੇ ਪਿੱਛੇ ਪਿੱਛੇ ਆ ਰਹੀ ਸੀ ਤਾਂ ਉਸਦੀਆਂ ਝਾਂਜਰਾਂ ਇਵੇਂ ਝਣਕ ਰਹੀਆਂ ਸੀ ਜਿਵੇਂ ਉਸਨੇ ਫੁੱਲਾਂ ਦੀਆਂ ਪੱਤੀਆਂ ਪੈਰਾਂ ਵਿਚ ਪਾਈਆਂ ਹੋਣ।

"ਆਂਟੀ ਕੀ ਤੁਸੀਂ ਮੈਨੂੰ ਇਕ ਪਾਣੀ ਦਾ ਗਲਾਸ ਦੇਵੋਗੇ? " ਇਕ ਫੁੱਲਾਂ ਦੀ ਟੋਕਰੀ ਵਿਚੋਂ ਇਕ ਫੁੱਲ ਨੇ ਹੱਸ ਕੇ ਕਿਹਾ। ਉਸਦੀ ਬੇਨਤੀ ਵਿਚ ਥੋੜ੍ਹੀ ਜਿਹੀ ਇੱਛਾ ਤੇ ਥੋੜਾ ਜਿਹਾ ਪਿਆਰ ਸ਼ਾਮਿਲ ਸੀ। ਉਸ ਵੇਲੇ ਜੇਕਰ ਮੈਨੂੰ ਇਕ ਕਿਲੋਮੀਟਰ ਦੂਰ ਤੋਂ ਪਾਣੀ ਲਿਆਉਣਾ ਪੈਂਦਾ ਜਾਂ ਪਥਰੀਲੇ ਰਸਤੇ ਤੇ ਨੰਗੇ ਪੈਰੀ ਚੱਲਣਾ ਪੈਂਦਾ ਤਾਂ ਵੀ ਮੈਂ ਪਾਣੀ ਲਿਆਉਣ ਤੋਂ ਨਾ ਕਤਰਾਉਂਦੀ। ਉਸਨੇ ਇਕ ਤੋਂ ਬਾਅਦ ਦੂਜਾ ਕਰਕੇ ਕਈ ਪਾਣੀ ਦੇ ਗਲਾਸ ਡਕਾਰ ਲਏ। ਉਸਨੇ ਆਪਣੇ ਛੋਟੇ ਛੋਟੇ ਪੈਰ ਜੋ ਕਿ ਇਕ ਛੋਟੀ ਜਿਹੀ ਘੁੱਗੀ ਵਾਂਗ ਲੱਗ ਰਹੇ ਸਨ, ਜਿਨ੍ਹਾਂ ਵਿਚ ਉਸਨੇ ਅੱਡੀ ਵਾਲੇ ਸੈਂਡਲ ਪਾਏ ਹੋਏ ਸਨ। ਇਕ ਖੰਭਾ ਵਾਲੀ ਡਾਲਫ਼ਿਨ ਮੱਛੀ ਵਾਂਗ ਅੱਗੇ ਨੂੰ ਉੱਛਲਦਿਆਂ ਅਤੇ ਗਲਾਸ ਮੇਜ 'ਤੇ ਰੱਖਦਿਆਂ ਉਸਨੇ ਕਿਹਾ, "ਸ਼ੁਕਰੀਆ ਆਂਟੀ, ਓ ਮੈਂ ਆਪਣੀ ਖੇਡ ਵਿਚੇ ਹੀ ਛੱਡ ਕੇ ਆ ਗਈ।" ਮੈਂ ਗਲਾਸ ਚੁੱਕਿਆ ਜੋ ਚਾਹ ਦੇ ਕੱਪ ਕੋਲ ਪਿਆ ਸੀ ਅਤੇ ਟੀ. ਵੀ. ਦਾ ਚੈਨਲ ਬਦਲਿਆ ਜਿਸ ਉੱਤੇ ਇਕ ਬੱਚਿਆਂ ਵਰਗਾ ਮਸੂਮ ਚਿਹਰਾ ਆ ਗਿਆ ਜੋ ਕਿਸੇ ਵੀ ਛੱਲ-ਕਪਟ ਤੋਂ ਵਾਂਝਾ ਸੀ। ਮੇਰੀ ਚਾਹ ਠੰਡੀ ਹੋ ਗਈ ਸੀ। ਪੀਣ ਲਈ ਉਹ ਗਰਮ ਕਰਨੀ ਪੈਣੀ ਸੀ। ਫਿਰ ਮੈਂ ਹੋਰ ਤਾਜ਼ੀ ਚਾਹ ਬਣਾ ਲਈ। ਜਿਵੇਂ ਹੀ ਮੈਂ ਚਾਹ ਲੈ ਕੇ ਬੈਠਣ ਲੱਗੀ ਤਾਂ ਦਰਵਾਜੇ ਤੇ ਫਿਰ ਉਹੀ ਉਂਗਲੀਆਂ ਦੇ ਪੋਟਿਆਂ ਨਾਲ ਖੜਕਾਉਣ ਵਾਲੀ ਆਵਾਜ਼ ਆਈ। ਇਹ ਤਾਂ ਫਿਰ ਉਹੀ ਚੰਨ ਸੀ ਚਿਹਰੇ 'ਤੇ ਮੁਸਕਰਾਹਟ ਲੈ ਕੇ ਆਇਆ। ਆਪਣੀ ਛੋਟੀ ਉਂਗਲ ਅੱਖਾਂ ਵਿਚਾਲੇ ਕਰਦਿਆਂ, ਜਿਸਦਾ ਨੌਂਹ ਮੇਰੇ ਵੱਲ ਸੀ ਉਸਨੇ ਇਸ਼ਾਰਾ ਕੀਤਾ ਕਿ ਉਹ ਗੁਸਲਖਾਨੇ ਨੂੰ ਹੱਗਣ ਲਈ ਵਰਤਣਾ ਚਾਹੁੰਦੀ ਹੈ। "ਅੱਛਾ ਇਹ ਗੱਲ ਹੈ।" ਮੇਰਾ ਹਾਸਾ ਨਿਕਲਣ ਵਾਲਾ ਸੀ। ਮੈਂ ਉਸਨੂੰ ਗੁਸਲਖਾਨੇ ਦਾ ਰਸਤਾ ਦਿਖਾਇਆ।

ਮੇਰੀ ਮਾਤਾ ਨੇ ਕਿਹਾ ਸੀ ਕਿ ਹੱਗਣ ਲਈ ਇਸ਼ਨਾਨ ਘਰ ਨਹੀਂ ਪਖਾਨਾ ਹੀ ਵਰਤਣਾ ਚਾਹੀਦਾ ਹੈ

ਇਸ ਲਈ ਮੈਂ ਸਿਰਫ਼ ਪਖ਼ਾਨੇ ਵਿਚ ਹੀ ਜਾਵਾਂਗੀ। ਉਸ ਦੀਆਂ ਅੱਖਾਂ ਚੰਨ ਦੀ ਰੌਸ਼ਨੀ ਵਿਚ ਸ਼ਹਿਦ ਦੀਆਂ ਉਨ੍ਹਾਂ ਬੂੰਦਾਂ ਵਰਗੀਆਂ ਲੱਗਦੀਆਂ ਸਨ ਜੋ ਰੌਸ਼ਨੀ ਨਾਲ ਭਰੇ ਪੱਤਿਆਂ ਤੇ ਲਟਕੀਆਂ ਹੋਣ। ਉਸਦਾ ਚਿਹਰਾ ਮੁਸਕਰਾਹਟ ਤੇ ਪਸੀਨੇ ਨਾਲ ਭਰਿਆ ਹੋਇਆ ਸੀ। ਕੀ ਇਹ ਇਸੇ ਤਰ੍ਹਾਂ ਹੱਸਦੀ ਰਹਿੰਦੀ ਹੈ? ਉਸਦਾ ਨਾਂਅ ਕੀ ਹੋਏਗਾ? ਹੱਸਮੁੱਖੀ? ਖ਼ੁਸ਼ੀ? ਹਾਸਿਆ ਦੀ ਪਟਾਲੀ? ਸਮਾਇਲੀ? ਇਨ੍ਹਾਂ ਸਭ ਦਾ ਅਰਥ , ਮੁਸਕਰਾਹਟ ਹੈ, ਮੈਂ ਆਪਣੇ ਮਨ ਵਿਚ ਉਸਦੇ ਨਾਂ ਬਾਰੇ ਸੋਚਣ ਲੱਗੀ।

"ਆਂਟੀ ਕੀ ਮੈਂ ਥੋੜਾ ਸਮਾਂ ਤੁਹਾਡੇ ਨਾਲ ਬਿਤਾ ਸਕਦੀ ਹਾਂ?" ਮੈਂ ਆਪਣੇ ਮਨ ਵਿਚ ਸੋਚਿਆ ਕਿ ਕੀ ਉਦੋਂ ਜਵਾਬ 'ਨਾਹ' ਵਿਚ ਦਿੱਤਾ ਜਾ ਸਕਦਾ ਹੈ ਜਦੋਂ ਇਕ ਘੀਏ ਦੀ ਵੇਲ ਤੇ ਚੜ੍ਹਦਾ ਇਕ ਪੀਲੇ ਰੰਗ ਦਾ ਪਿਆਰਾ ਜਿਹਾ ਫੁੱਲ ਆਪ ਚੱਲ ਕੇ ਆਵੇ, ਮੇਰੇ ਨਾਲ ਸਮਾਂ ਬਿਤਾਉਣ ਲਈ ਤੇ ਆਪਣੇ ਪਰਾਗ ਕਣ ਮੇਰੇ ਵਿਹੜੇ ਖਿਲਾਰਨਾ ਚਾਹਵੇ।

"ਬੈਠੋ ਕੀ ਨਾਂ ਹੈ ਤੁਹਾਡਾ?"

"ਸ਼੍ਰੇਆ, ਫੋਰਥ ਬੀ।"

"ਕਿਹੜੇ ਮਕਾਨ 'ਚ ਰਹਿੰਦੇ ਹੋ?"

"ਮੈਂ ਗਾਂਧੀ ਨਗਰ ਤੋਂ ਹਾਂ, ਆਂਟੀ। ਅਸੀਂ 202 ਨੰਬਰ ਮਕਾਨ ਵਿਚ ਦੂਜੀ ਮੰਜਲ ਤੇ ਰਹਿੰਦੇ ਹਾਂ। ਮੋਹਨ ਰਾਓ ਮੇਰੇ ਛੋਟੇ ਦਾਦਾ ਹਨ। ਅੱਜ ਅਤੇ ਕੱਲ੍ਹ ਦੀ ਛੁੱਟੀ ਹੈ ਤਾਂ ਪਿਤਾ ਜੀ ਮੈਨੂੰ ਇਥੇ ਛੱਡ ਕੇ ਗਏ ਹਨ।"

ਉਸਦੀ ਗੱਲਬਾਤ ਇਕ ਕੇਬਲ ਟੀ. ਵੀ. ਵਾਂਗ ਸੀ ਜੋ ਲਗਾਤਾਰ ਸੌ ਚੈਨਲ ਚਲਾ ਰਿਹਾ ਹੋਵੇ।

"ਆਂਟੀ ਕੀ ਤੁਸੀਂ ਨੌਕਰੀ ਕਰਦੇ ਹੋ?"

ਫਿਰ ਮੈਂ ਉਸਨੂੰ ਆਪਣੇ ਬਾਰੇ ਦੱਸਿਆ।

"ਇਹ ਮੇਰਾ ਸਕੂਲ ਤੋਂ ਵਾਪਸ ਆਉਣ ਦਾ ਸਮਾਂ ਹੁੰਦਾ ਹੈ। ਜਦ ਤੱਕ ਮੈਂ ਘਰ ਪਹੁੰਚਦੀ ਹਾਂ ਚਾਰ ਸਵਾ ਚਾਰ ਹੋ ਜਾਂਦੇ ਸਨ। ਉਦੋਂ ਮੰਮੀ ਮੈਨੂੰ 'ਹਾਰਲਿਕਸ' ਦਿੰਦੇ ਹਨ।" ਇੰਝ ਉਸ ਲੜਕੀ ਨੇ ਚੇਤੇ ਕਰਾਇਆ ਕਿ ਉਹ ਕੀ ਚਾਹੁੰਦੀ ਹੈ।

ਚਾਹ ਪੀ ਕੇ ਮੈਂ ਉਸ ਲਈ 'ਹਾਰਲਿਕਸ' ਤਿਆਰ ਕੀਤਾ। ਉਹ ਇਸ ਤਰ੍ਹਾਂ ਮੁਸਕਰਾਈ ਜਿਵੇਂ ਉਸਦੀ ਮੁਸਕਰਾਹਟ ਚਾਕਲੇਟ ਵਿਚ ਲਪੇਟੀ ਹੋਈ ਹੋਵੇ। ਉਸਨੇ ਦੋਹਾਂ ਹੱਥਾਂ ਵਿਚ ਗਲਾਸ ਫੜ ਕੇ ਹਾਰਲਿਕਸ ਪੀਤਾ। ਲੱਕ ਨੂੰ ਘੁਮਾਉਂਦਿਆਂ ਉਸਨੇ ਕੱਪ ਨੂੰ ਹੱਥਾਂ ਵਿਚ ਲੈਂਦਿਆਂ ਕਿਹਾ, "ਅਪਾਂਗ, ਜਾਪਾਂਗ, ਬਾਪਾਂਗ!!!" ਜਿਵੇਂ 'ਹਾਰਲਿਕਸ' ਦੀ ਮਸ਼ਹੂਰੀ ਵਿਚ ਆਉਂਦਾ ਹੈ। ਮੈਂ ਬਿਨਾਂ ਰੁਕੇ ਬਹੁਤ ਹੱਸੀ। ਉਸਨੇ ਮੇਰਾ ਕੱਪ ਤੇ ਆਪਣਾ ਗਲਾਸ ਰਸੋਈ ਵਿਚ ਰੱਖ ਦਿੱਤਾ।

"ਤੁਸੀਂ ਇੰਝ ਕਿਉਂ ਦੇਖ ਰਹੇ ਹੋ? ਮੈਂ ਵਿਹਲੀ ਨਹੀਂ ਰਹਿ ਸਕਦੀ। ਮੈਂ ਹਮੇਸ਼ਾਂ ਕੁਝ ਨਾ ਕੁਝ ਕਰਦੀ ਰਹਿੰਦੀ ਹਾਂ ਤੇ ਆਪਣੀ ਮੰਮੀ ਦੀ ਵੀ ਮਦਦ ਕਰਦੀ ਹਾਂ। ਇਸ ਲਈ ਮੈਨੂੰ ਕੋਈ ਕੰਮ ਕਰਨ ਲਈ ਕਹੋ।" ਉਸਨੇ ਕਿਹਾ।

"ਜ਼ਰੂਰ ਪਰ ਪਹਿਲਾਂ ਇਧਰ ਆ ਕੇ ਬੈਠੋ। ਕੀ ਤੁਹਾਡੇ ਘਰ ਵੱਲ ਤੁਹਾਡੇ ਦੋਸਤ ਵੀ ਹਨ?

"ਓ ਹਾਂ ਜੀ, ਤਰੁਣ, ਅਸ਼ਤੋਸ਼ ਅਤੇ ਲਾਲਾਸਾ। ਆਂਟੀ ਕੀ ਇਹ ਸਬਜ਼ੀਆਂ ਫਰਿਜ ਵਿਚ ਰੱਖਣ ਲਈ ਹਨ? ਉਸਨੇ ਇਹ ਉਹਨਾਂ ਲਿਫ਼ਾਫ਼ਿਆਂ ਵੱਲ ਦੇਖਦਿਆਂ ਕਿਹਾ ਜੋ ਮੈਂ ਰਿਲਾਇੰਸ ਦੀ ਦੁਕਾਨ ਤੋਂ ਲੈ ਕੇ ਆਈ ਸੀ। ਅਸੀਂ ਦੋਵੇਂ ਉੱਥੇ ਚੌਕੜੀ ਮਾਰ ਕੇ ਬੈਠ ਗਏ। ਉਹ ਇਕੱਲੀਆਂ ਗੱਲਾਂ ਹੀ ਨਹੀਂ ਕਰ ਰਹੀ ਸੀ ਆਪਣੀ ਗੱਲਬਾਤ ਆਪਣੀ ਮੁਸਕਰਾਹਟ ਨਾਲ ਗੱਲ ਅੱਗੇ ਤੋਰ ਰਹੀ ਸੀ। ਉਹ ਸਬਜ਼ੀਆਂ ਨੂੰ ਕਦੇ ਗਹਿਣੇ ਬਣਾ ਲੈਂਦੀ, ਕਦੇ ਬੜੀ ਮੁਸ਼ਕਿਲ ਨਾਲ ਕੋਸ਼ਿਸ਼ ਕਰਦੀ ਉਹਨਾਂ ਦਾ ਕੋਈ ਪੰਛੀ ਬਣਾ ਲੈਂਦੀ, ਕਦੇ ਫੁੱਲ ਬਣਾ ਲੈਂਦੀ ਉਹ ਇਹ ਸਭ ਇਕ ਚਾਕੂ ਨਾਲ ਕਰ ਰਹੀ ਸੀ। ਜਦੋਂ ਉਹ ਇਹ ਸਭ ਕਰਦਿਆਂ ਹਾਰ ਜਾਂਦੀ ਜਾਂ ਨਾ ਕਰ ਸਕਦੀ ਤਾਂ ਮਜ਼ਾਕ ਨਾਲ ਆਪੇ ਕਹਿੰਦੀ, "ਇਸਦਾ ਇਕ ਹੱਥ ਨਹੀਂ ਹੈ, ਇਸ ਦੀ ਬਾਂਹ



ਇਸਦੇ ਪੇਟ ਵਿਚ ਸੀ ਜਨਮ ਸਮੇਂ, ਅਤੇ ਇਹ ਅਪਰੇਸ਼ਨ ਨਾਲ ਕੱਢਣੀ ਪਵੇਗੀ। ਜਿਵੇਂ ਦੱਸ ਰਹੀ ਸੀ, "ਮੈਨੂੰ ਬਹੁਤ ਹਾਸਾ ਆ ਰਿਹਾ ਸੀ। ਫਰਿਜ਼ ਵਿਚ ਸਬਜ਼ੀਆਂ ਰੱਖਣ ਦਾ ਕੰਮ ਖ਼ਤਮ ਹੋਇਆ। ਖੜੇ ਹੋਣ ਤੇ ਉਸਨੇ ਮੈਨੂੰ ਉਠਾਉਣ ਲਈ ਮੇਰੇ ਵੱਲ ਆਪਣਾ ਹੱਥ ਵਧਾਇਆ। ਉਸ ਦੀਆਂ ਨਰਮ, ਮੁਲਾਇਮ ਸਾਫ਼ ਸੁਥਰੀਆਂ ਉਂਗਲਾ ਜਿਵੇਂ ਮਲਾਈ ਦੀਆਂ ਬਣੀਆਂ ਹੋਣ, ਮੇਰੇ ਹੱਥਾਂ ਨੂੰ ਛੂਹ ਰਹੀਆਂ ਸਨ। ਉਸਨੇ ਆਪਣੀਆਂ ਬਾਹਵਾਂ ਮੇਰੇ ਲੱਕ ਦੁਆਲੇ ਲਪੇਟ ਲਈਆਂ ਤੇ ਮੇਰੇ ਚਿਹਰੇ ਵੱਲ ਵੇਖਣ ਲੱਗੀ। ਉਹ ਇਕ ਵੇਲ ਦੀ ਤਰ੍ਹਾਂ ਲੱਗ ਰਹੀ ਸੀ ਜਿਸ ਉੱਤੇ ਚਿੱਟੇ ਫੁੱਲ ਲੱਗੇ ਹੋਣ। ਮੇਰਾ ਦਿਲ ਉਨ੍ਹਾਂ ਫੁੱਲ੍ਹਾਂ ਦੀਆਂ ਪੰਖੜੀਆਂ ਦੇਖ ਕੇ ਹੜ੍ਹ ਗਿਆ। ਉਸ ਲੜਕੀ ਨੇ ਜੋ ਮੇਰੀ ਛਾਤੀ ਤੱਕ ਸੀ ਆਪਣੇ ਪੈਰਾਂ ਦੀਆਂ ਉਂਗਲੀਆਂ ਤੇ ਚੜ੍ਹ ਕੇ ਮੇਰੀਆਂ ਗੱਲਾਂ ਤੇ ਇਕ ਪਿਆਰ ਭਰਿਆ ਚੁੰਮਣ ਦਿੱਤਾ। ਇੰਝ ਲੱਗ ਰਿਹਾ ਸੀ ਜਿਵੇਂ ਮੇਰਾ ਦਿਮਾਗ਼ ਤੇ ਸਰੀਰ ਦੋਵੇਂ ਰੂੰ ਵਰਗੇ ਬੱਦਲਾਂ ਨੂੰ ਫਾੜ ਕੇ ਆਪਣਾ ਰਸਤਾ ਬਣਾ ਕੇ ਚੰਨ੍ਹ ਤੇ ਝੂਲਾ ਝੂਲਣ ਜਾ ਰਹੇ ਹੋਣ। ਮੇਰੀਆਂ ਬਾਹਵਾਂ ਉਸਦੇ ਮੋਢਿਆ ਤੇ ਉਸਦੀਆਂ ਬਾਹਵਾਂ ਮੇਰੇ ਲੱਕ ਦੁਆਲੇ। ਅਸੀਂ ਦੋਵੇਂ ਇਸੇ ਤਰ੍ਹਾਂ ਦੂਜੇ ਕਮਰੇ ਵਿਚ ਚਲੇ ਗਏ। ਮੈਂ ਪੁੱਛਿਆ, "ਹੁਣ ਸਾਨੂੰ ਕੀ ਕਰਨਾ ਚਾਹੀਦਾ ਹੈ?"

ਉਸਨੇ ਕਿਹਾ, "ਚਲੋ, ਕੁਝ ਵੀ ਕਰਦੇ ਹਾਂ।"

ਫਿਰ ਅਸੀਂ ਸੁੱਕੇ ਹੋਏ ਕੱਪੜੇ ਸੋਫ਼ੇ 'ਤੇ ਰੱਖੇ ਤੇ ਇਕ ਇਕ ਕਰਕੇ ਉਨ੍ਹਾਂ ਦੀ ਤੈਹ ਲਗਾਉਣ ਲੱਗੇ। ਉਸਨੇ ਇਕ ਰੁਮਾਲ ਦੀ ਤੈਹ ਇਕ ਤਿਕੋਣੇ ਆਕਾਰ ਵਿਚ ਸਮੋਸੇ ਵਾਂਗ ਲਗਾ ਕੇ ਉਸਨੂੰ ਵੇਚਣ ਦਾ ਨਾਟਕ ਕਰਦੀ, ਸਾਰੇ ਕਮਰੇ ਵਿਚ ਚੱਕਰ ਕੱਢਣ ਲੱਗੀ। ਮੈਂ ਇਕ ਸਮੋਸਾ ਥੋੜ੍ਹੇ ਚੁੰਮਣਾਂ ਬਦਲੇ ਖਰੀਦ ਲਿਆ। ਉਸਨੂੰ ਮੈਂ ਪੁੱਛਿਆ, "ਕੀ ਤੁਸੀਂ ਬਾਹਰ ਖੇਡਣ ਨਹੀਂ ਜਾਓਗੇ?"

ਹੱਸਦਿਆਂ ਉਸਨੇ ਕਿਹਾ, "ਨਹੀਂ ਮੈਂ ਤੁਹਾਡੇ ਨਾਲ ਹੀ ਰਹਾਂਗੀ।"

ਉਸਦੇ ਚਿਹਰੇ ਤੇ ਇਕ ਮੁਸਕਰਾਹਟ ਸੀ ਤੇ ਮੈਂ ਕਿਹਾ, "ਅੱਛਾ, ਠੀਕ ਹੈ।"

ਉਸਨੇ ਕਿਹਾ, "ਕੀ ਅਸੀਂ ਕੁਝ ਹੋਰ ਕਰੀਏ?"

"ਜ਼ਰੂਰ ਚਲੋ ਕੁਝ ਖਾਈਏ।" ਮੈਂ ਰਸੋਈ ਵਿਚ ਗਈ ਤੇ 'ਗਵਾਲੂ' ਇਕ ਮਿਠਾਈ ਲੈ ਆਈ। ਉਸਨੇ ਮੈਨੂੰ ਇਕ ਚੁਟਕਲਾ ਸੁਣਾਇਆ ਅਤੇ ਅਸੀਂ ਬਹੁਤ ਹੱਸੇ। ਫਿਰ ਉਸਨੇ ਆਪਣੀ ਪਸੰਦੀ ਦੀਆਂ ਚੀਜ਼ਾਂ ਦੀ ਇਕ ਸੂਚੀ ਬਣਾਉਣੀ ਸ਼ੁਰੂ ਕਰ ਦਿੱਤੀ। ਫਿਰ ਉਸਨੇ ਫੁੱਲਾਂ ਵਰਗੇ ਹਾਸੇ ਦੇ ਢੇਰ ਲਗਾ ਦਿੱਤੇ, ਬਜ਼ਾਰ ਵਿਚ ਵਿਕਣ ਵਾਲੇ ਰੰਗ-ਬਰੰਗੇ ਫੁੱਲ੍ਹਾਂ ਵਰਗੇ। ਉਸਦੀਆਂ ਗੱਲਾਂ ਹਵਾ ਵਿਚ ਇੰਝ ਝੂਮ ਰਹੀਆਂ ਸਨ ਜਿਵੇਂ ਰੰਗ ਬਰੰਗੇ ਕਾਗਜ਼ ਕ੍ਰਿਸਮਿਸ ਵਾਲੇ ਦਿਨ ਕੰਧਾਂ, ਦਰਵਾਜਿਆਂ ਤੇ ਖਿੜਕੀਆਂ ਉੱਤੇ ਫੜਫੜਾ ਰਹੇ ਹੋਣ।

"ਆਂਟੀ ਇਹ ਆਵਾਜ਼ ਕਿਹੋ ਜਿਹੀ ਹੈ?" ਉਸਨੇ ਆਪਣੇ ਭਰਵੱਟੇ ਉੱਪਰ ਚੁੱਕਦਿਆਂ ਬੜੀ ਹੈਰਾਨੀ ਨਾਲ ਪੁੱਛਿਆ, ਜਦੋਂ ਗੁਆਂਢ ਵਿਚ ਕੋਈ ਬੜੇ ਜ਼ੋਰ ਨਾਲ ਦਰਵਾਜ਼ਾਂ ਭੰਨ੍ਹ ਰਿਹਾ ਸੀ।

ਮੈਂ ਉਸਨੂੰ ਦੱਸਿਆ, "ਇਹ ਆਵਾਜ਼ ਗੁਆਂਢ ਵਿਚੋਂ ਆ ਰਹੀ ਹੈ, ਕੋਈ ਵੀ ਯਕੀਨ ਨਹੀਂ ਕਰੇਗਾ ਕਿ ਇਸ ਤਰ੍ਹਾਂ ਦਰਵਾਜ਼ਾਂ ਇਕ ਕੁੱਤਾ ਭੰਨ੍ਹ ਰਿਹਾ ਹੈ, ਗੁਆਂਢੀ ਉਸਨੂੰ ਅੰਦਰ ਡੱਕ ਜਾਂਦੇ ਹਨ, ਕਿਤੇ ਵੀ ਬਾਹਰ ਜਾਣ ਲੱਗਿਆ।"

"ਅਫ਼ਸੋਸ! ਉਹ ਇਕ ਜਾਨਵਰ ਨੂੰ ਏਨਾ ਦੁੱਖੀ ਕਿਉਂ ਕਰਦੇ ਹਨ।"

ਮੈਨੂੰ ਨਹੀਂ ਪਤਾ ਲੱਗ ਰਿਹਾ ਸੀ ਮੈਂ ਉਸਨੂੰ ਕੀ ਕਹਾਂ।

"ਮੇਰੇ ਕੋਲੋਂ ਇਹ ਬਰਦਾਸਤ ਨਹੀਂ ਹੁੰਦਾ ਜਦੋਂ ਜਾਨਵਰਾਂ ਨੂੰ ਇੰਝ ਦੁੱਖ ਝੱਲਣਾ ਪਵੇ। ਮੈਂ ਤੁਹਾਨੂੰ ਦੱਸਾਂ ਆਂਟੀ ਕਿ ਇਕ ਵਾਰ ਕੀ ਹੋਇਆ ਸੀ? ਥੋੜ੍ਹਾ ਰੁਕ ਕੇ ਉਹ ਬੋਲੀ, "ਮੈਂ ਆਟੋ ਤੇ ਬੈਠ ਕੇ ਸਕੂਲ ਤੋਂ ਆਪਣੇ ਘਰ ਜਾ ਰਹੀ ਸੀ। ਡਰਾਈਵਰ ਅੰਕਲ ਸਭ ਬੱਚਿਆਂ ਨੂੰ ਇਕ ਇਕ ਕਰਕੇ ਉਨ੍ਹਾਂ ਦੇ ਘਰ ਛੱਡ ਚੁੱਕੇ ਸੀ। ਮੈਂ ਆਖਰੀ ਬੱਚਾ ਸੀ ਆਟੋ ਵਿਚ। ਅਜੇ ਪੰਜ ਕੁ ਮਿੰਟ ਦਾ ਰਸਤਾ ਹੋਰ ਪਿਆ ਸੀ। ਜਾਂਦਿਆਂ ਰਸਤੇ ਵਿਚ ਇਕ ਸੂਰ ਦਾ ਬੱਚਾ ਆਟੋ ਹੇਠਾਂ ਆ ਗਿਆ ਤੇ ਉਸਦੀ ਇਕ ਲੱਤ ਟੁੱਟ ਗਈ। ਮੈਂ ਡਰਾਇਵਰ ਨੂੰ ਆਟੋ ਰੋਕਣ ਲਈ ਕਿਹਾ ਪਰ ਉਸਨੇ ਆਟੋ ਨਹੀਂ ਰੋਕਿਆ। ਮੈਂ ਉਸ ਨਾਲ ਲੜ੍ਹ ਕੇ ਆਟੋ ਰੁਕਵਾਇਆ ਤੇ ਉਸ

ਸੂਰ ਦੇ ਬੱਚੇ ਨੂੰ ਆਪਣੀ ਗੋਦ ਵਿਚ ਰੱਖਿਆ। ਫਿਰ ਅਸੀਂ ਉਸਨੂੰ ਇਕ ਕਲੀਨਿਕ ਵਿਚ ਲੈ ਗਏ, ਉਸਦੀ ਮਲ੍ਹਮ ਪੱਟੀ ਪਿਛੋਂ ਅਸੀਂ ਵਾਪਸ ਉਸਨੂੰ ਉਸੇ ਥਾਂ ਤੇ ਛੱਡ ਦਿੱਤਾ ਤਾਂ ਜੋ ਉਹ ਆਪਣੇ ਮਾਪਿਆ ਨੂੰ ਮਿਲ ਸਕੇ।" ਉਹ ਇਸ ਤਰ੍ਹਾਂ ਬੋਲਦੀ ਜਿਵੇਂ ਜਗਦੀ ਮੋਮਬੱਤੀ ਹੋਵੇ।

"ਫਿਰ ਤੁਹਾਡੇ ਮੰਮੀ ਫ਼ਿਕਰਮੰਦ ਨਹੀਂ ਹੋਏ, ਜਦੋਂ ਤੁਸੀਂ ਘਰ ਪਹੁੰਚਣ ਤੋਂ ਲੇਟ ਹੋ ਗਏ? " ਮੈਂ ਪੁੱਛਿਆ।

"ਨਹੀਂ ਮੈਂ ਉਹਨਾਂ ਨੂੰ ਡਰਾਈਵਰ ਦੇ ਮੋਬਾਇਲ ਤੋਂ ਇਤਲਾਹ ਕਰ ਦਿੱਤੀ ਸੀ। ਘਰ ਪਹੁੰਚਣ ਤੇ ਵੀ ਮੈਨੂੰ ਉਸ ਸੂਰ ਬਾਰੇ ਹੀ ਖਿਆਲ ਆ ਰਿਹਾ ਸੀ।

ਇਹ ਸਭ ਮੈਂ ਆਪਣੀ ਇਕ ਡਾਇਰੀ ਵਿਚ ਲਿਖਿਆ।" ਜਦੋਂ ਉਹ ਕੁਝ ਹੋਰ ਦੱਸਣ ਲੱਗੀ ਤਾਂ ਮੈਂ ਉਸਨੂੰ ਟੋਕਦਿਆਂ ਹੈਰਾਨੀ ਨਾਲ ਪੁੱਛਿਆ,

"ਕੀ ਤੁਸੀਂ ਕੋਈ ਡਾਇਰੀ ਵੀ ਲਿਖਦੇ ਹੋ? "

"ਹਾਂ ਜੀ। ਆਂਟੀ ਮੈਂ ਹਰ ਰੋਜ ਡਾਇਰੀ ਲਿਖਦੀ ਹਾਂ। ਰਾਘਵ ਅੰਕਲ ਨੇ ਮੈਨੂੰ ਡਾਇਰੀ ਲਿਖਣਾ ਸਿਖਾਇਆ। ਬਿਨਾਂ ਭੈਣ ਜਾਂ ਭਰਾ ਦੇ ਹੋਣ ਕਰਕੇ ਮੈਂ ਹਰ ਗੱਲ ਡਾਇਰੀ ਨਾਲ ਸਾਂਝੀ ਕਰਦੀ ਹਾਂ।

ਬਾਹਰ ਹਨ੍ਹੇਰਾ ਹੋਣ ਵਾਲਾ ਸੀ ਪਰ ਇਹ ਤਿੰਨ ਫੁੱਟ ਦਾ ਚੰਨ੍ਹ ਅਜੇ ਵੀ ਆਪਣੀ ਰੌਸਨੀ ਮੇਰੇ ਘਰ ਵਿਚ ਫੈਲਾਅ ਰਿਹਾ ਸੀ। ਹਨੇਰੇ ਨੂੰ ਉਸਦੇ ਹਾਸੇ ਦੀਆਂ ਜਾਦੂਮਈ ਛੜੀਆਂ ਰੋਕ ਰਹੀਆਂ ਸਨ। ਉਸਨੂੰ ਸੁਣਦਿਆਂ ਸੁਣਦਿਆਂ ਗਾਜਰ ਦੀ ਸਬਜ਼ੀ 'ਰਸਮ' ਅਤੇ ਥੋੜ੍ਹੀ ਜਿਹੀ ਦਾਲ ਵੀ ਬਣਾ ਲਈ ਅਤੇ ਉਸ ਬੱਚੀ ਨੂੰ ਸਭ ਚੀਜ਼ਾਂ ਸੁਆਦ ਲੱਗੀਆਂ।

"ਅਸੀਂ ਹੁਣ ਚੌਲ ਖਾਈਏ? " ਮੈਂ ਪੁੱਛਿਆ।

"ਐਨੀ ਜਲਦੀ? " ਫਿਰ ਮੈਨੂੰ ਆਪਣੀ ਦਾਦੀ ਨੂੰ ਦੱਸਣਾ ਪਏਗਾ ਕਿ ਮੈਂ ਰਾਤ ਦਾ ਖਾਣਾ ਤੁਹਾਡੇ ਘਰ ਖਾਣਾ ਹੈ।

"ਦੱਸ ਕੇ ਜਲਦੀ ਆ ਜਾਣਾ।" ਮੈਂ ਕਿਹਾ।

ਥੋੜੇ ਚਿਰ ਬਾਅਦ ਉਹ ਹੱਸਦੀ ਹੋਈ ਇਕ ਸਤਰੰਗੀ ਪੀਂਘ ਵਾਂਗ ਅੰਦਰ ਆਈ। ਆਪਣਾ ਅੰਗੂਠਾ ਜਿੱਤ ਦੇ ਤੌਰ ਤੇ ਦਿਖਾਉਂਦੀ ਹੋਈ ਉਸਨੇ ਮੈਨੂੰ ਜੱਫੀ ਪਾ ਕੇ ਕਿਹਾ, " ਮੈਂ ਤੁਹਾਡੇ ਨਾਲ ਰਾਤ ਦਾ ਖਾਣਾ ਖਾਵਾਂਗੀ।"

ਉਸ ਤੋਂ ਇਕ ਮਿੱਠੀ ਜਿਹੀ ਖ਼ੁਸ਼ਬੂ ਮੇਰੇ ਚਾਰੇ ਪਾਸੇ ਫੈਲ ਗਈ। ਉਸਦਾ ਪੂਰਾ ਸਰੀਰ ਅਜੀਬ ਜਿਹੀ ਖ਼ੁਸ਼ਬੂ ਨਾਲ ਭਰਿਆ ਹੋਇਆ ਸੀ। ਮੈਨੂੰ ਲੱਗਾ ਬੱਚਿਆਂ ਦੇ ਸਰੀਰ ਵਿਚੋਂ ਆਉਂਦੀ ਇਹ ਸੋਹਣੀ ਖ਼ੁਸ਼ਬੂ ਹੀ ਸ਼ਾਇਦ ਸਾਰਿਆਂ ਦਾ ਮਨ ਜਿੱਤ ਲੈਂਦੀ ਹੈ। ਪਿਆਰ ਨਾਲ ਉਸਦਾ ਮੱਥਾ ਚੁੰਮਦਿਆਂ ਮੈਂ ਜੀਅ ਭਰ ਕੇ ਉਹ ਖੁਸ਼ਬੂ ਮਾਣੀ। ਫਿਰ ਅਸੀਂ ਦੋਵੇਂ ਰਸੋਈ ਵਿਚ ਗਏ। ਉਹ ਭਾਂਢੇ ਛੋਟੇ ਮੇਜ਼ ਤੇ ਰੱਖ ਰਹੀ ਸੀ।

"ਜਦੋਂ ਮੈਂ ਕੱਲ੍ਹ ਘਰ ਜਾਵਾਂਗੀ ਤਾਂ ਮੈਂ ਆਪਣੀ ਡਾਇਰੀ ਵਿਚ ਤੁਹਾਡੇ ਬਾਰੇ ਲਿਖਾਂਗੀ। ਭਾਂਢਿਆ ਦੀ ਚਮਕ ਦੇਖਦਿਆਂ ਉਸਨੇ ਕਿਹਾ, "ਅਸਲ ਵਿਚ ਮੈਂ ਤੁਹਾਨੂੰ ਦੱਸਾਂ ਇਕ ਗੱਲ ਆਪਣੀ ਡਾਇਰੀ ਬਾਰੇ? "

"ਉਹ ਕੀ ਹੋ ਸਕਦੀ ਹੈ? " ਪਾਣੀ ਦੀ ਬੋਤਲ ਉਸਨੂੰ ਫੜਾਉਂਦਿਆਂ ਮੈਂ ਪੁੱਛਿਆ।

"ਮੈਂ ਨੀਲੀ ਸਿਆਹੀ ਨਾਲ ਉਹ ਸਭ ਕੁਝ ਲਿਖਦੀ ਹਾਂ ਜੋ ਮੈਨੂੰ ਪਸੰਦ ਹੁੰਦਾ ਹੈ ਅਤੇ ਜੋ ਬਿਲਕੁਲ ਵੀ ਪਸੰਦ ਨਹੀਂ ਹੁੰਦਾ ਉਸ ਨੂੰ ਮੈਂ ਕਾਲੀ ਸਿਆਹੀ ਨਾਲ ਲਿਖਦੀ ਹਾਂ।"

"ਇਸ ਦਾ ਮਤਲਬ ਸੂਰ ਦੇ ਬੱਚੇ ਵਾਲੀ ਘਟਨਾ ਤੂੰ ਕਾਲੀ ਸਿਆਹੀ ਨਾਲ ਲਿਖੀ ਹੋਵੇਗੀ।"

"ਨਹੀਂ ਨਹੀਂ... ਉਹ ਘਟਨਾ ਤਾਂ ਮੈਨੂੰ ਪਸੰਦ ਸੀ। ਇਕ ਵਾਰ ਮੈਂ ਆਪਣੀ ਸਹੇਲੀ ਮਹਿਮਾ ਦੇ ਘਰ ਕੁਝ ਖਾ ਰਹੀ ਸੀ, ਉਸਦੀ ਮੰਮੀ ਖਾਣ ਪੀਣ ਲਈ ਕੁਝ ਦੇ ਰਹੀ ਸੀ। ਉਹ ਗੱਲ ਤਾਂ ਮੈਂ ਕਾਲੀ ਸਿਆਹੀ ਵਿਚ ਲਿਖੀ ਸੀ। ਪਰ ਇਸ ਭਾਂਢਿਆਂ ਵਿਚ ਕੀ ਹੈ? " ਉਸਨੇ ਬਰਤਨ ਵੱਲ ਇਸ਼ਾਰਾ ਕਰਦਿਆਂ ਪੁੱਛਿਆ।

"ਇਹ ਕੱਲ੍ਹ ਦਾ ਬਚਿਆ ਹੋਇਆ ਚਿਕਨ ਹੈ ਮੈਂ ਫਰਿਜ਼ ਵਿਚੋਂ ਕੱਢ ਕੇ ਰੱਖਿਆ ਹੈ।"



"ਤੁਸੀਂ ਵੀ ਮੀਟ ਖਾ ਲੈਂਦੇ ਹੋ? ਉਸਨੇ ਬੜੇ ਹੀ ਸ਼ੱਕੀ ਤੇ ਹੈਰਾਨੀ ਵਾਲੇ ਨਜ਼ਰੀਏ ਨਾਲ ਪੁੱਛਿਆ। ਮੈਂ ਉਸਨੂੰ ਚਾਵਲ, ਦਾਲ ਅਤੇ ਗਾਜ਼ਰ ਖਾਣ ਲਈ ਦਿੱਤੀ।

"ਹਾਂ ਫਿਰ ਕੀ? " ਅਤੇ ਮੈਂ ਆਪਣੇ ਲਈ ਚਾਵਲ, ਥੋੜੀ ਜਿਹੀ ਚਟਨੀ ਤੇ ਥੋੜੇ ਚਿਕਨ ਦੇ ਟੁੱਕੜੇ ਲਏ।

"ਕੀ ਤੁਸੀਂ ਬ੍ਰਾਹਮਣ ਨਹੀਂ ਹੋ?? " ਉਹਦੇ ਚਿਹਰੇ 'ਤੇ ਹਰ ਵੇਲੇ ਰਹਿਣ ਵਾਲੀ ਮੁਸਕਰਾਹਟ, ਇਸ ਸਵਾਲ ਨਾਲ ਉਸਦੇ ਮੂੰਹ ਤੋਂ ਅਚਾਨਿਕ ਗਾਇਬ ਹੋ ਗਈ।

"ਨਹੀਂ। " ਮੈਂ ਕਿਹਾ।

"ਕੀ ਤੁਸੀਂ ਚੌਧਰੀ ਹੋ? "

"ਨਹੀਂ !!"

"ਕੀ ਤੁਸੀਂ ਰੇਡੀਜ਼ ਹੋ? "

"ਨਹੀਂ !!!"

"ਫਿਰ ਤੁਸੀਂ ਕੌਣ ਹੋ? "

ਮਹਾਰ.... ਮਹਾਰ ਹਾਂ !!!" ਮੈਂ ਇਸ ਹਾਲਤ ਵਿਚ ਨਹੀਂ ਸੀ ਕਿ ਉਸਨੂੰ ਇਸ ਬਾਰੇ ਕੁਝ ਦੱਸ ਸਕਾਂ।

"ਇਸ ਦਾ ਮਤਲਬ ਤੁਸੀਂ ਕੋਈ ਹੋਰ ਹਿੰਦੂ ਹੋ? "

"ਨਹੀਂ, ਅਸੀਂ ਕ੍ਰਿਸਚੀਅਨ ਹਾਂ।"

"ਇਸਦਾ ਮਤਲਬ ਹਰੀਜਨ, ਮਹਿਮਾ ਵਾਂਗ?? "

ਜਦੋਂ ਮੈਂ ਛੇਵੀਂ ਵਿਚ ਸੀ ਤਾਂ ਮੇਰੀ ਸਰੀਰਿਕ ਸਿੱਖਿਆ ਦੀ ਅਧਿਆਪਕ ਨੇ ਮੈਨੂੰ ਦੌੜ ਵਿਚ ਭਾਗ ਲੈਣ ਲਈ ਕਿਹਾ ਸੀ। ਮੇਰੇ ਪੈਰ ਦੀ ਚੀਚੀ ਵਿਚ ਉਂਗਲ ਜਿੱਡਾ ਕੰਡਾ ਚੁੱਭ ਗਿਆ ਸੀ। ਉਸ ਤੋਂ ਦੁਗਣਾ ਕੰਡਾ ਹੁਣ ਮੈਨੂੰ ਮੇਰੇ ਦਿਲ ਵਿਚ ਖੁੱਭਿਆ ਮਹਿਸੂਸ ਹੋਇਆ।

ਆਪਣੀ ਦਾਲ ਚਾਵਲ ਮਿਲਾਉਂਦਿਆਂ, ਮੈਂ ਉਸਨੂੰ ਕਿਹਾ ਕਿ ਪਹਿਲਾਂ ਆਪਣੇ ਚਾਵਲ ਖਾ ਲਓ।

"ਕੀ ਤੁਸੀਂ ਸੱਚਮੁੱਚ ਹਰੀਜਨ ਹੋ ! ਪਹਿਲਾਂ ਮੈਨੂੰ ਸੱਚ ਸੱਚ ਦੱਸੋ?? " ਉਸਦੇ ਚਿਹਰੇ ਦਾ ਰੰਗ ਉੱਡ ਗਿਆ।

"ਹਾਂ ! ਪਰ ਤੁਸੀਂ ਇਹ ਕਿਉਂ ਜਾਨਣਾ ਚਾਹੁੰਦੇ ਹੋ? ਅਸੀਂ ਦੋਵੇਂ ਦੋਸਤ ਹਾਂ। ਅਤੇ ਇਹ ਸਭ ਜਾਨਣਾ ਜ਼ਰੂਰੀ ਨਹੀਂ ਹੈ। "

"ਮੇਰੇ ਮੰਮੀ-ਡੈਡੀ ਦਾ ਕੋਈ ਦੋਸਤ ਛੋਟੀ ਜਾਤੀ ਦਾ ਨਹੀਂ ਹੈ ਤੇ ਮੇਰਾ ਵੀ ਕੋਈ ਦੋਸਤ ਛੋਟੀ ਜਾਤੀ ਜਾਂ ਹਰੀਜਨ ਨਹੀਂ ਹੈ। ਮੈਨੂੰ ਹਰੀਜਨ ਲੋਕਾਂ ਨੂੰ ਆਪਣਾ ਦੋਸਤ ਬਣਾਉਣਾ ਚੰਗਾ ਨਹੀਂ ਲੱਗਦਾ। ਮੇਰੇ ਸਾਰੇ ਦੋਸਤ ਬ੍ਰਾਹਮਣ, ਰੈਡੀਜ਼, ਚੌਧਰੀ ਜਾਂ ਹਿੰਦੂ ਹਨ।" ਮੈਨੂੰ ਅਚਾਨਿਕ ਅਜੀਬ ਜਿਹੀ ਆਵਾਜ਼ ਆਈ।

"ਪਿਆਰੀ ਬੱਚੀ, ਕੀ ਤੁਸੀਂ ਮੈਨੂੰ ਪਸੰਦ ਕਰਦੇ ਹੋ? ਕੀ ਅਜਿਹਾ ਨਹੀਂ ਹੈ? ਮੇਰੇ ਹੱਥਾਂ ਦੇ ਚੌਲ ਠੰਢੇ ਹੋ ਗਏ।

"ਹਾਂ ਕਰਦੀ ਹਾਂ।" ਉਸ ਦਾ ਮੂੰਹ ਇੰਝ ਸੀ ਜਿਵੇਂ ਕਿਸੇ ਨੇ ਉਲਟੀ ਰੋਕ ਕੇ ਰੱਖੀ ਹੋਵੇ।

ਮੈਂ ਕਿਹਾ, "ਫਿਰ ਬੈਠੋ, ਆਓ ਚੌਲ ਖਾਈਏ।"

ਪਰ ਉਸਦਾ ਬੈਠਣ ਵੱਲ ਧਿਆਨ ਨਹੀਂ ਸੀ ਉਹ ਮੇਰੇ ਵੱਲ ਬਿਨਾਂ ਅੱਖ ਝਪਕਾਏ ਨਫ਼ਰਤ ਨਾਲ ਦੇਖ ਰਹੀ ਸੀ, ਜਿਵੇਂ ਕੋਈ ਬਹੁਤ ਸਾਰੇ ਕੀੜ੍ਹੇ ਵੇਖ ਰਿਹਾ ਹੋਵੇ।

"ਮੇਰੀ ਦਾਦੀ ਮੈਨੂੰ ਬੁਲਾ ਰਹੇ ਹਨ।" ਉਹ ਸੈਂਡਲ ਪਾ ਕੇ ਬੜੀ ਤੇਜ਼ੀ ਨਾਲ ਭੱਜੀ ਗਈ ਭਾਵੇਂ ਡਿੱਗ ਹੀ ਪੈਂਦੀ। ਕਮਰੇ ਵਿਚੋਂ ਗੋਲ ਆਕਾਰ ਵਿਚ ਧੁੱਪ ਆ ਰਹੀ ਸੀ, ਇੰਝ ਲੱਗ ਰਿਹਾ ਸੀ ਜਿਵੇਂ ਸੂਖ਼ਮਦਰਸ਼ੀ ਰਾਹੀਂ ਮੇਰੇ ਦਿਲ ਵਿਚੋਂ ਲੰਘ ਰਹੀ ਹੋਵੇ। ਤਿਤਲੀਆਂ ਜੋ ਕਮਰੇ ਵਿਚ ਉੱਡ ਰਹੀਆਂ ਸਨ ਅਚਾਨਿਕ ਭੂੰਡ ਬਣ ਕੇ ਮੇਰੇ ਇਰਦ ਗਿਰਦ ਮੰਡਰਾਉਣ ਲੱਗੀਆਂ।

## ਤੇਲਗੂ ਕਹਾਣੀ / **ਹੰਝੂ** / ਪ੍ਰੋ. ਕੋਲਾਕਾਲਾਓਰੀ ਏਨਕ

ਦੋ ਹੰਝੂ ਸਿੱਧੇ ਖੂਹ ਵਿਚ ਡਿੱਗੇ।

ਮਥੱਮਾ ਛੋਟੀ ਜਿਹੀ ਕੰਧ ਤੋਂ ਪੁਲੀ ਨੂੰ ਫੜਦਿਆਂ, ਝੁਕੀ ਹੋਈ ਖੂਹ ਵਿਚ ਝਾਕਦੀ ਦੇਖੀ ਜਾ ਸਕਦੀ ਸੀ। ਉਸਦੀਆਂ ਅੱਖਾਂ ਵਿਚ ਹੰਝੂ ਆਉਂਦੇ ਤੇ ਪਰਲ ਪਰਲ ਵਗਣ ਲੱਗਦੇ, ਜਿਵੇਂ ਛੋਟਾ ਬੱਚਾ ਸਿਸਕੀਆਂ ਲੈਂਦਾ ਹੋਵੇ, ਜਿਸ ਦੀਆਂ ਨਾਸਾਂ ਵਗ ਰਹੀਆਂ ਹੋਣ। ਉਸਦੇ ਹੰਝੂ ਖੂਹ ਵਿਚ ਡਿੱਗ ਰਹੇ ਸਨ।

ਮਥੱਮਾ ਆਪਣੀਆਂ ਅੱਖਾਂ ਤੇ ਨੱਕ ਪੂੰਝਦੀ। ਫਿਰ ਵੀ ਉਸਦੀ ਨਜ਼ਰ ਧੁੰਦਲਾ ਰਹੀ ਸੀ। ਵਾਰ ਵਾਰ ਅੱਖਾਂ ਮਲਦਿਆਂ ਉਹ ਆਪਣੇ ਹੰਝੂ ਪੂੰਝਦੀ। ਉਸਨੂੰ ਕੁਝ ਵੀ ਨਜ਼ਰ ਨਹੀਂ ਆ ਰਿਹਾ ਸੀ।

ਉਹ ਖੂਹ ਜੋ ਸਭ ਨੂੰ ਪੀਣ ਲਈ ਪਾਣੀ ਦਿੰਦਾ ਸੀ ਅੱਜ ਹੰਝੂ ਪੀ ਕੇ ਆਪਣਾ ਮੂੰਹ ਬੰਦ ਕਰਦਾ ਪ੍ਰਤੀਤ ਹੁੰਦਾ ਸੀ। ਹੰਝੂ ਵਗ ਵਗ ਖੂਹ 'ਚ ਡਿੱਗੀ ਜਾ ਰਹੇ ਸਨ ਤੇ ਖੂਹ ਦਾ ਪਾਣੀ ਵੱਧ ਰਿਹਾ ਜਾਪਦਾ ਸੀ। ਅੱਖਾਂ ਦਾ ਪਾਣੀ ਹੇਠਾਂ ਤੱਕ ਪਹੁੰਚਦਾ ਜਾਂਦਾ ਪਰ ਸੀ ਤਾਂ ਦੋਵੇਂ ਪਾਣੀ।

ਮੱਥਮਾ ਨੇ ਆਪਣਾ ਨੱਕ ਸਿਣਕਿਆ। ਆਪਣਾ ਝਾੜੂ ਘਸੀਟਦੀ ਹੋਈ ਖੂਹ ਤੋਂ ਆਪਣੀ ਝੋਪੜੀ ਅੰਦਰ ਚਲੀ ਗਈ। ਥੋੜੀ ਦੇਰ ਪਹਿਲਾਂ ਹੀ ਉਹ ਖੂਹ ਦੇ ਆਲੇ ਦੁਆਲੇ ਦੀ ਥਾਂ ਸਾਫ਼ ਕਰ ਕੇ ਹਟੀ ਸੀ। ਸੂਰਜ ਅਜੇ ਚੜ੍ਹਿਆ ਨਹੀਂ ਸੀ। ਜਿਸ ਦਿਨ ਕੰਮ ਨਹੀਂ ਹੁੰਦਾ ਪਿੰਡ ਵਾਲੇ ਥੋੜੇ ਆਲਸ ਨਾਲ ਉੱਠਦੇ। ਉਹ ਝਾੜੂ ਦਰਵਾਜ਼ੇ ਕੋਲ ਰੱਖ ਕੇ ਕੰਧ ਨਾਲ ਢੋਅ ਲਗਾ ਕੇ ਇੰਝ ਬੈਠ ਗਈ ਜਿਵੇਂ ਝਾੜੂ ਰੱਖਿਆ ਹੋਵੇ। ਉਸਨੇ ਘਰ ਝਾੜੂ ਨਹੀਂ ਲਗਾਇਆ। ਨਾ ਹੀ ਉਸਨੇ ਦਰਵਾਜਾ ਲਗਾਇਆ। ਉਹ ਲੱਤਾਂ ਜ਼ਮੀਨ ਤੇ ਪਸਾਰ ਕੇ ਬੈਠ ਗਈ। ਮੱਥਮਾਂ ਆਪਣੀ ਜਗ੍ਹਾ ਤੇ ਬੈਠੀ ਖੂਹ ਵੱਲ ਇੰਝ ਦੇਖ ਰਹੀ ਸੀ ਜਿਵੇਂ ਕੋਈ ਆਪਣੇ ਗੁਆਚੇ ਹੋਏ ਪੈਸੇ ਲੱਭ ਰਿਹਾ ਹੋਵੇ। ਖੂਹ ਵੱਲ ਧਿਆਨ ਨਾਲ ਦੇਖਦਿਆਂ ਵੀ ਉਸਨੂੰ ਖੂਹ ਚੰਗੀ ਤਰ੍ਹਾਂ ਨਹੀਂ ਦਿਖ ਰਿਹਾ ਸੀ। ਉਹ ਆਪਣੇ ਆਪ ਨੂੰ ਖੂਹ ਕੋਲ ਬਣੀ ਪੱਟੜੀ ਤੇ ਰੋਂਦਿਆਂ ਮਹਿਸੂਸ ਕਰ ਰਹੀ ਸੀ। ਜੇ ਕਿਸੇ ਨੇ ਉਸ ਖੂਹ ਤੋਂ ਪਾਣੀ ਲੈਣਾ ਹੁੰਦਾ ਤਾਂ ਘਰੋਂ ਹੀ ਉਸਨੂੰ ਘੜਾ ਤੇ ਰੱਸੀ ਲੈ ਕੇ ਆਉਣਾ ਪੈਂਦਾ ਥੜ੍ਹੇ ਤੇ ਰੱਸੀ ਬੰਨ੍ਹ ਕੇ ਉਸ ਨਾਲ ਪਾਣੀ ਕੱਢਿਆ ਜਾਂਦਾ ਤੇ ਫਿਰ ਉਹ ਰੱਸੀ ਤੇ ਘੜਾ ਘਰ ਲਜਾਇਆ ਜਾਂਦਾ। ਏਨੇ ਛੋਟੇ ਜਿਹੇ ਕੰਮ ਲਈ ਇਹ ਸਭ ਕਰਨਾ ਪੈਂਦਾ। ਮਥੱਮਾ ਦੀਆਂ ਅੱਖਾਂ ਤਾਂ ਪਾਣੀ ਦੇ ਝਰਨੇ ਬਣ ਚੁੱਕੀਆਂ ਸਨ, ਜਦੋਂ ਵੀ ਉਹ ਵਿਹਲੀ ਬੈਠਦੀ, ਅੱਖਾਂ ਵਿਚ ਪਾਣੀ ਭਰ ਆਉਂਦਾ ਭਾਵੇਂ ਉਸਦੇ ਹੰਝੂਆਂ ਨਾਲ ਪਤੀਲੇ ਭਰ ਲਓ। ਉਸਦੀਆਂ ਅੱਖਾਂ ਵਾਰ ਵਾਰ ਹੰਝੂਆਂ ਨਾਲ ਭਰਦੀਆਂ ਤੇ ਉਹ ਵਾਰ ਵਾਰ ਅੱਖਾਂ ਸਾਫ਼ ਕਰਦੀ।

ਉਹ ਖੂਹ ਦੀ ਪੁਲੀ ਦੀ ਅਵਾਜ਼ ਸੁਣ ਕੇ ਤ੍ਰਬਕੀ। ਇਕ ਔਰਤ ਖੂਹ ਵਿਚ ਉਸਦੇ ਹੰਝੂਆਂ ਮਿਲਿਆ ਪਾਣੀ ਕੱਢ ਰਹੀ ਸੀ। ਉਹ ਸਭ ਉਸੇ ਖੂਹ ਤੋਂ ਪਾਣੀ ਪੀਂਦੇ ਸਨ। ਲਗਭਗ ਇਕ ਸਾਲ ਤੋਂ ਉਹ ਇਹ ਪਾਣੀ ਪੀ ਰਹੇ ਸਨ ਕੀ ਉਹ ਜ਼ਹਿਰ ਦੀਆਂ ਬੂੰਦਾਂ ਸਨ? ਉਸਨੂੰ ਇਹ ਨਹੀਂ ਪਤਾ। ਕੋਈ ਵੀ ਉਹਨਾਂ ਨਾਲ ਮਰਿਆ ਤਾਂ ਨਹੀਂ। ਅਤੇ ਜੋ ਮਰ ਗਏ ਉਹ ਕਦੇ ਮੁੜੇ ਨਹੀਂ।

"ਮੱਥੂ! ਕੀ ਕਰ ਰਹੀ ਏ?"

ਨੂੰਹ ਆਪਣੀ ਸੱਸ ਜੋ ਕਿ ਉਸਦੀ ਮਾਸੀ ਸੀ ਦੀਆਂ ਆਵਾਜ਼ਾਂ ਸੁਣ ਕੇ ਤ੍ਰਬਕੀ। ਆਵਾਜ਼ ਸੁਣਦਿਆਂ ਉਸਨੇ ਆਪਣੀਆਂ ਲੱਤਾਂ ਇਕੱਠੀਆਂ ਕਰ ਲਈਆਂ। ਜਿਵੇਂ ਉਸ ਨੇ ਬਿਨ੍ਹਾਂ ਬੋਲੇ ਉਸਦੇ ਸਵਾਲ ਦਾ ਉੱਤਰ ਦਿੱਤਾ ਹੋਵੇ। ਮਥੱਮਾ ਨੂੰ ਨਾ ਤਾਂ ਗੁੱਸਾ ਚੜ੍ਹਿਆ ਤੇ ਨਾ ਹੀ ਉਹ ਉਦਾਸ ਹੋਈ। ਉਸਨੇ ਲੱਤਾਂ



ਇਕੱਠੀਆਂ ਕੀਤੀਆਂ। ਇਹ ਦਰਸਾਉਣ ਲਈ ਕਿ ਉਸਨੂੰ ਉਸਦੀ ਸੱਸ ਦੇ ਆਉਣ ਦਾ ਪਤਾ ਚੱਲ ਗਿਆ ਹੈ।

'ਅੱਤਾ' ਆਈ ਤੇ ਪਾਣੀ ਭਰ ਕੇ ਚਲੀ ਗਈ।

ਮਥੱਮਾ ਨੇ ਸਾਰਾ ਦਿਨ ਹੀ ਉੱਥੇ ਕੰਧ ਨਾਲ ਢੋਅ ਲਗਾ ਕੇ ਕੱਢ ਦੇਣਾ ਸੀ। ਕੋਈ ਕਹਿ ਨਹੀਂ ਸਕਦਾ ਕਿ ਉਹ ਸੌਂ ਰਹੀ ਹੈ ਜਾਂ ਹੱਸਦੀ ਹੈ। ਉਹ ਬੱਸ ਖੂਹ ਵੱਲ ਹੀ ਵੇਖੀ ਜਾਂਦੀ ਸੀ।

ਉਹ ਖੂਹ ਦੇ ਆਸੇ ਪਾਸੇ ਹੀ ਘੁੰਮਦੀ ਫਿਰਦੀ ਨਜ਼ਰ ਆਉਂਦੀ ਇਕ ਵਾਰ ਸਵੇਰ ਵੇਲੇ ਤੇ ਇਕ ਵਾਰ ਸ਼ਾਮ ਵੇਲੇ। ਕਿਸੇ ਨੇ ਵੀ ਉਸਨੂੰ ਕੁਝ ਹੋਰ ਕਰਦਿਆਂ ਨਹੀਂ ਦੇਖਿਆ ਸੀ।

ਦਸ ਸਾਲ ਪਹਿਲਾਂ 'ਅੱਤਾ' ਨੂੰ ਮਥੱਮਾ ਮਿਲੀ ਜੋ ਕਿ ਉਸਦੇ ਮੁੰਡੇ ਨਾਲ ਵਿਆਹੀ ਉਸਦੇ ਭਰਾ ਦੀ ਹੀ ਧੀ ਸੀ। ਉਹ ਨਾਲ ਦੇ ਪਿੰਡ ਤੋਂ ਵਿਆਹੀ ਆਈ। ਉਹਨਾਂ ਦਿਨ੍ਹਾਂ ਵਿਚ ਮਥੱਮਾ ਬਹੁਤ ਚਹਿਕੀ-ਚਹਿਕੀ ਸੀ ਇਕ ਥਾਂ ਤੋਂ ਦੂਜੇ ਥਾਂ ਬੱਸ ਘੁੰਮਦੇ ਫਿਰਦੇ ਰਹਿਣਾ। ਪਰ ਹੁਣ ਤਾਂ ਉਹ ਜਿੱਥੇ ਇਕ ਵਾਰ ਬੈਠ ਜਾਂਦੀ ਉਥੋਂ ਹਿਲਦੀ ਹੀ ਨਹੀਂ। ਐਨਾ ਬਦਲਾਅ।

ਉਹ ਕੁੜੀ ਜੋ ਕਦੇ ਇਕ ਥਾਂ ਖੜਦੀ ਨਹੀਂ ਸੀ ਹੁਣ ਇਕ ਥਾਂ ਖੜ੍ਹੀ ਹੈ ਤੇ ਇਧਰ ਉਧਰ ਭੱਜਦੀ ਰਹਿੰਦੀ ਸੀ ਹੁਣ ਇਕ ਥਾਂ ਬੈਠੀ ਹੈ। ਉਹ ਜੋ ਹਵਾ ਵਿਚ ਛਾਲਾਂ ਮਾਰਦੀ ਸੀ ਹੁਣ ਜ਼ਮੀਨ ਤੇ ਢੇਰੀ ਢਾਹ ਕੇ ਬੈਠੀ ਹੋਈ ਹੈ। ਇਕ ਜਿਉਂਦਾ ਜਾਗਦਾ ਇਨਸਾਨ ਜੋ ਅਸਲ ਵਿਚ ਜਿੰਦਾ ਨਹੀਂ ਸੀ। ਕੋਈ ਵੀ ਉਸਨੂੰ ਆਪਣੇ ਘਰ ਆਉਣ ਲਈ ਕਹਿਣ ਵਾਲਾ ਨਹੀਂ ਸੀ। ਨਾ ਹੀ ਕੋਈ ਉਸਨੂੰ ਕੋਈ ਕੰਮ ਕਹਿੰਦਾ ਸੀ। ਉਹ ਇਕੱਲੀ ਸੀ। ਇਕ ਇਕੱਲੀ ਰੂਹ! ਉਸ ਕੋਲ ਖਾਣ ਲਈ ਤੇ ਰਹਿਣ ਲਈ ਇਕ ਥਾਂ ਤਾਂ ਸੀ। ਪਰ ਉਹ ਕਿਹਦੇ ਲਈ ਖਾਵੇ-ਪੀਵੇ? ਅਤੇ ਕਿਹਦੇ ਲਈ ਜਿਉਂਦੀ ਰਹੇ? ਉਸਨੂੰ ਕੋਈ ਵੀ ਪਿਆਰ ਨਹੀਂ ਕਰਦਾ। ਤੇ ਨਾ ਉਹ ਕਿਸੇ ਨੂੰ ਪਿਆਰ ਕਰਦੀ, ਆਪਣੇ ਆਪ ਨੂੰ ਵੀ ਨਹੀਂ।

ਹੁਣ ਉਸ ਵਿਚ ਜਾਨ ਨਹੀਂ ਰਹੀ ਸੀ ਪਰ ਤਿੰਨ ਸਾਲ ਪਹਿਲਾਂ ਉਹ ਬਹੁਤ ਚੁਸਤ ਸੀ, ਖਾਣਾ ਬਣਾਉਂਦੀ ਤੇ ਸਾਰੇ ਪਰਿਵਾਰ ਨੂੰ ਖਾਣਾ ਖਵਾਉਂਦੀ ਵੀ। ਉਹ ਆਪਣੇ ਪੂਰੇ ਘਰ ਨੂੰ ਗੋਹਾ ਮਿੱਟੀ ਕਰਦੀ ਅਤੇ ਘਰ ਵਿਚ ਬੜੇ ਵਧੀਆ ਰੰਗਾਂ ਦੀ ਰੰਗੋਲੀ ਵੀ ਬਣਾਉਂਦੀ ਸਾਰੇ ਘਰ ਦੀ ਸਫ਼ਾਈ ਕਰਕੇ ਉਹ ਆਪਣੇ ਘਰ ਦੇ ਵਿਹੜੇ ਵਿਚ ਖੂਹ ਤੋਂ ਪਾਣੀ ਲਿਆ ਕੇ ਉਸਦਾ ਛਿੜਕਾਅ ਵੀ ਕਰਦੀ। ਉਹ ਕਦੀ ਵੀ ਟਿਕ ਕੇ ਨਹੀਂ ਬੈਠ ਸਕਦੀ ਸੀ ਜਿਵੇਂ ਹੁਣ ਉਹ ਬੇਜਾਨ ਜਿਹੀ ਜੰਮੀ ਹੋਈ ਸੀ। ਇਕ ਆਦਮੀ ਸਬਜੀਆਂ ਕੱਪੜੇ ਵਿਚ ਲਈ ਝੌਂਪੜੀ 'ਚ ਵੜਦਾ ਤੇ ਇਕ ਕੋਨੇ ਵਿਚ ਢੇਰ ਲਗਾ ਦਿੰਦਾ।

ਮੈਂ ਅੱਜ ਇੱਥੇ ਭੋਜਨ ਕਰਾਗਾ।" ਇੰਝ ਕਹਿੰਦਾ ਉਹ ਉਥੋਂ ਚਲਾ ਗਿਆ।

ਮੱਥਮਾ ਨੇ ਨਾ ਉਸਨੂੰ ਆਉਂਦਿਆਂ ਵੇਖਿਆ ਤੇ ਨਾ ਹੀ ਜਾਂਦਿਆਂ। ਸਾਇਦ ਉਹ ਲਾਰਡ ਰਾਮਾ ਵਰਗਾ ਲੱਗਦਾ ਹੈ ਪਰ ਸਾਰੇ ਲੋਕ ਉਸਨੂੰ 'ਰਵਦੂ' ਆਖਦੇ ਹਨ।

ਬਿਨਾਂ ਪੁੱਛੇ ਆਪਣਾ ਹੱਕ ਸਮਝਦਿਆਂ ਉਹ ਝੋਪੜੀ 'ਚ ਦਾਖਲ ਹੋਇਆ ਪਰ ਇਕ ਅਣਜਾਨ ਵਾਂਗ ਉਹ ਘਰੋਂ ਨਿਕਲਿਆ। ਜੋ ਵੀ ਰਣਦੂ ਨੇ ਬੋਲਿਆ ਉਹ ਥੋੜਾ ਬਹੁਤ ਮੱਥਮਾ ਦੇ ਕੰਨ੍ਹਾਂ ਵਿਚ ਤਾਂ ਪਿਆ ਪਰ ਉਸਨੇ ਕੋਈ ਜਵਾਬ ਨਹੀਂ ਦਿੱਤਾ ਅਤੇ ਨਾ ਹੀ ਰਵਦੂ ਨੇ ਜਵਾਬ ਦੀ ਉਡੀਕ ਕਤਿ, ਉਹ ਬੱਸ ਅੰਦਰ ਆਇਆ ਤੇ ਚਲਾ ਗਿਆ।

ਉਹ ਬੱਸ ਉਂਝ ਹੀ ਉਸੇ ਥਾਂ ਤੇ ਚਿਪਕ ਕੇ ਬੈਠੀ ਰਹੀ।

ਰਵਦੂ ਉਸਦੀਆਂ ਰਿਸ਼ਤੇਦਾਰੀ ਵਿਚੋਂ ਹੈ। ਉੱਚਾ ਲੰਮਾ ਜਵਾਨ! ਉਸ ਦਾ ਸੁਢੋਲ ਸਰੀਰ ਦੇਖਦਿਆਂ ਮਥੱਮਾ ਜਵਾਨ ਹੁੰਦਿਆਂ ਹੀ ਉਸਨੂੰ ਆਪਣਾ ਆਪਾ ਦੇ ਬੈਠੀ।

ਜਦੋਂ ਰਵਦੂ ਦੀ ਮਾਂ ਆਪਣੇ ਮੁੰਡੇ ਦਾ ਰਿਸ਼ਤਾ ਮਥੱਮਾ ਲਈ ਲੈ ਕੇ ਆਈ ਤਾਂ ਮਥੱਮਾ ਨੇ ਵਿਆਹ ਲਈ 'ਹਾਂ' ਕਰ ਦਿੱਤੀ। ਜਲਦੀ ਹੀ ਉਹਨਾਂ ਦਾ ਵਿਆਹ ਕਰ ਦਿੱਤਾ ਗਿਆ।

ਅਜੇ ਉਸਦੇ ਸਹੁਰਿਆਂ ਵੱਲ ਸਾਰੇ ਮੁੰਡੇ ਜਵਾਨ ਤੇ ਛੋਟੀ ਉਮਰ ਦੇ ਹੀ ਸਨ, ਉਹ ਅਜੇ ਨਿਆਣੇ ਵੱਡੇ ਕਰਨ ਤੇ ਪਾਲਣ ਪੋਸਣ ਕਰਨ ਯੋਗ ਨਹੀਂ ਸਨ ਪਰ ਫਿਰ ਵੀ ਉਹਨਾਂ ਨੇ ਮਥੱਮਾ ਦੇ ਆਉਣ ਤੇ ਪਿੰਡ ਦੇ ਕੋਲ ਹੀ ਉਹਨਾਂ ਨੂੰ ਇਕ ਘਰ ਬਣਾ ਕੇ ਦਿੱਤਾ। ਉਸਦੇ ਸਹੁਰੇ ਤਾਂ ਉਸਨੂੰ ਘਰ ਕਹਿੰਦੇ ਸਨ ਪਰ ਪੇਕੇ ਉਸਨੂੰ ਇਕ ਜੇਲ੍ਹ ਕਹਿੰਦੇ ਸਨ। ਮਥੱਮਾ ਲਈ ਤਾਂ ਉਹ ਝੌਂਪੜੀ ਇਕ ਸੱਤ ਮੰਜ਼ਲਾ ਮਹਿਲ ਤੋਂ ਘੱਟ ਨਹੀਂ ਸੀ। ਉਹ ਉਸ ਘਰ ਦੀ ਰਾਣੀ ਸੀ ਤੇ ਉਸਦਾ ਪਤੀ ਉਸਦਾ ਰਾਜਾ। ਉਹ ਸੁਪਨਿਆਂ ਦੇ ਸੰਸਾਰ ਵਿਚ ਰਹਿ ਰਹੀ ਸੀ।

ਕੰਧ 'ਤੇ ਝੁਕੀ ਹੋਈ ਮਥੱਮਾ ਖੂਹ ਵੱਲ ਲਗਾਤਾਰ ਦੇਖ ਰਹੀ ਸੀ, ਜਿਸ ਦੀਆਂ ਚਾਰੇ ਪੁਲੀਆਂ ਦਾ ਪਾਣੀ ਜਿਵੇਂ ਕੋਈ ਸੰਗੀਤ ਬਿਨਾ ਰੁਕੇ ਲਗਾਤਾਰ ਚਲੀ ਜਾ ਰਿਹਾ ਹੋਵੇ। ਉਸ ਵਿਚ ਨਾ ਤਾਂ ਸਬਰ ਸੀ ਤੇ ਨਾ ਹੀ ਕੋਈ ਰੁਚੀ ਸੀ ਕਿ ਉਸਨੂੰ ਬੰਦ ਕੀਤਾ ਜਾਵੇ।

ਲੋਕ ਖੂਹ ਤੇ ਆਉਂਦੇ ਤੇ ਚਲੇ ਜਾਂਦੇ। ਚਾਹੇ ਉਹ ਜਿੰਨਾ ਵੀ ਪਾਣੀ ਖੂਹ ਵਿਚੋਂ ਕੱਢਣ। ਖੂਹ ਦਾ ਪਾਣੀ ਉਨਾ ਹੀ ਰਹਿੰਦਾ ਸੀ ਜਿਵੇਂ ਕਿ ਉਸਦੇ ਹੰਝੂ ਹਮੇਸ਼ਾ ਉਸ ਦੀਆਂ ਅੱਖਾਂ ਵਿਚ ਰਹਿੰਦੇ ਸਨ। ਖੂਹ ਦਾ ਪਾਣੀ ਤਿੰਨ ਆਦਮੀਆਂ ਦੇ ਕੱਦ ਜਿੰਨਾ ਡੂੰਘਾ ਸੀ ਤੇ ਜੋ ਹਮੇਸ਼ਾ ਏਨਾ ਹੀ ਰਹਿੰਦਾ ਸੀ। ਜਿੰਨਾ ਵੀ ਪਾਣੀ ਖੂਹ ਵਿਚੋਂ ਕੱਢਿਆ ਜਾਂਦਾ ਉਸ ਵਿਚ ਪਹਿਲਾਂ ਨਾਲੋਂ ਜਿਆਦਾ ਪਾਣੀ ਆ ਜਾਂਦਾ। ਕਈ ਵਾਰ ਖੂਹ ਵਿਚ ਡਿੱਗੇ ਤਾਂਬੇ ਦੇ ਘੜੇ, ਪਿੱਤਲ ਦੇ ਘੜੇ, ਮਿੱਟੀ ਦੇ ਘੜੇ ਤੇ ਕਈ ਵਾਰ ਰੱਸੀਆਂ ਕੱਢਣ ਲਈ ਕਿਸੇ ਨਾ ਕਿਸੇ ਨੂੰ ਖੂਹ ਵਿਚ ਉਤਰਨਾ ਪੈਂਦਾ। ਪਰ ਜੇ ਉਹ ਕਿਸੇ ਬਰਸਾਤ ਦੇ ਮੌਸਮ 'ਚ ਖੂਹ ਵਿਚ ਉਤਰਨ ਤਾਂ ਕਈ ਵਾਰ ਉਹ ਇਨ੍ਹਾਂ ਚੀਜ਼ਾਂ ਨੂੰ ਨਾ ਫੜ੍ਹ ਸਕਦੇ। ਪਰ ਜੇ ਕਿਤੇ ਗਰਮੀਆਂ ਹੁੰਦੀਆਂ, ਸ਼ਰਤ ਹੈ ਕਿ ਆਦਮੀ 'ਪੱਥਲ ਭੇਰੀ ਵਰਗੇ ਨਾ ਹੋਣ, ਫਿਰ ਤਾਂ ਇਕ ਵੀ ਚੀਜ਼ ਫੜ੍ਹਨੀ ਔਖੀ ਹੋ ਜਾਂਦੀ। ਬੜਾ ਡੂੰਘਾ ਖੂਹ ਸੀ ਇਹ। ਉਸ ਖੂਹ ਦਾ ਪਾਣੀ ਬਹੁਤ ਸਵਾਦ ਸੀ, ਜਿਵੇਂ ਕਿ ਨਾਰੀਅਲ ਪਾਣੀ ਹੋਵੇ, ਠੰਡਾ ਤੇ ਮਿੱਠਾ।

ਉਸੇ ਸਾਲ ਉਸਨੂੰ ਪਤਾ ਲੱਗਾ ਕਿ ਉਸਦੇ ਬੱਚਾ ਹੋਣ ਵਾਲਾ ਹੈ। ਉਹ ਆਪਣੇ ਪੇਟ ਤੇ ਹੱਥ ਰੱਖ ਕੇ ਇਕ ਗੁਬਾਰੇ ਵਾਂਗ ਆਪਣੇ ਪੇਟ ਨੂੰ ਫੁਲਦਾ ਹੋਇਆ ਮਹਿਸੂਸ ਕਰਦੀ। ਉਸ ਨੂੰ ਬੜਾ ਮਾਣ ਹੁੰਦਾ ਇਸ ਗੱਲ ਦਾ ਕਿ ਸਿਰਜਣਾ ਦੀ ਸ਼ਕਤੀ ਉਸਦੇ ਆਪਣੇ ਹੱਥਾਂ ਵਿਚ ਹੈ। ਉਸਦੇ ਪੇਟ ਵਿਚ ਬੱਚਾ ਇੰਝ ਘੁੰਮਦਾ ਸੀ ਜਿਵੇਂ ਦੁੱਧ ਵਿਚ ਖੰਡ ਘੁਲ ਰਹੀ ਹੋਵੇ। ਉਹ ਬੱਚੇ ਦਾ ਚੱਲਣਾ, ਰਿੜ੍ਹਨਾ, ਡਿੱਗ ਡਿੱਗ ਭੱਜਣਾ, ਸਭ ਪਹਿਲਾ ਹੀ ਮਹਿਸੂਸ ਕਰ ਰਹੀ ਸੀ। ਵਿਆਹ ਤੋਂ ਪਹਿਲਾਂ ਉਸਦਾ ਪਤਲਾ ਜਿਹਾ ਪੇਟ ਸੀ ਪਰ ਇਕ ਸਾਲ ਦੇ ਵਿਚ ਵਿਚ ਉਹ ਬੜਾ ਵੱਡਾ ਹੋ ਗਿਆ। ਉਹ ਉਸ ਲਈ ਬਹੁਤ ਆਨੰਦ ਮਈ ਗੱਲ ਸੀ ਬੱਚੇ ਦਾ ਉਸਦੇ ਪੇਟ ਅੰਦਰ ਅਕਾਰ ਲੈਣਾ। ਇਹ ਅਜੀਬ ਤੇ ਅਣਹੋਣੀ ਜਿਹੀ ਗੱਲ ਸੀ। ਉਹ ਬੜੀ ਖੁਸ਼ੀ ਨਾਲ ਆਪਣੇ ਪਤੀ ਨੂੰ ਆਪਣੇ ਪੇਟ ਦੀ ਹਿਲਜੁਲ ਬਾਰੇ ਦੱਸਦੀ।

ਜਿਵੇਂ ਜਿਵੇਂ ਮਹੀਨੇ ਬੀਤਦੇ ਜਾਂਦੇ, ਇਕ ਅਜੀਬ ਜਿਹਾ ਡਰ ਉਸਨੂੰ ਸਤਾਉਣ ਲੱਗਾ। ਪਤੀ ਦਾ ਪਿਆਰ, ਸੱਸ ਦੇ ਪਿਆਰ ਦਾ ਨਿੱਘ, ਸਹੁਰੇ ਦਾ ਹੌਸਲਾ ਤੇ ਉਸਦੇ ਮਾਤਾ-ਪਿਤਾ ਦੇ ਅਕਸਰ ਆਉਣ ਜਾਣ ਨੇ ਉਸਦੇ ਡਰ ਨੂੰ ਦੂਰ ਕੀਤਾ। ਆਪਣੇ ਪੇਕੇ ਘਰ ਬੱਚੇ ਦੇ ਜਨਮ ਲਈ ਜਾਣ ਲੱਗਿਆ ਉਸ ਨੂੰ ਪਹਿਲਾਂ ਵਾਲੇ ਮਾਹੌਲ ਵਿਚ ਜਾਣ ਦੀ ਬਹੁਤ ਖੁਸ਼ੀ ਹੋਈ। ਪਹਿਲਾਂ ਉਹ ਕੇਵਲ ਇਕ ਲੜਕੀ ਸੀ ਤੇ ਹੁਣ ਇਕ ਪਤਨੀ ਹੈ, ਪਹਿਲਾਂ ਉਸਦਾ ਪੇਟ ਖਾਲੀ ਸੀ ਪਰ ਹੁਣ ਉਸ ਵਿਚ ਇਕ ਜਾਨ ਸੀ।

ਉਸਦਾ ਪਤੀ ਜੋ ਹਮੇਸ਼ਾ ਉਸਦੇ ਕੋਲ ਹੁੰਦਾ ਸੀ ਉਸਦੇ ਪੇਕਿਆਂ ਵਿਚ ਉਹ ਨਹੀਂ ਹੈ। ਉਹ ਉੱਥੇ ਇਕੱਲੀ ਹੈ। ਹੁਣ ਉਸਦੇ ਨਾਲ ਉਸਦਾ ਬੱਚਾ ਹੈ। ਪਰ ਉਹ ਉਸਦੇ ਅੰਦਰ ਹੈ। ਉਹ ਜ਼ਿੰਦਗੀ ਦੀ ਖੁਸ਼ੀ ਗ਼ਮੀ



ਤੇ ਇੱਛਾਵਾਂ ਤੇ ਹੈਰਾਨ ਸੀ।

ਮਥੱਮਾ ਨੇ ਇਕ ਦੁਬਲੇ ਪਤਲੇ ਜਿਹੇ ਬੱਚੇ ਨੂੰ ਆਪਣੇ ਪਿਤਾ ਦੇ ਘਰ ਜਨਮ ਦਿੱਤਾ। ਬੱਚਾ ਬੜਾ ਚੁਸਤ ਤੇ ਫੁਰਤੀਲਾ ਸੀ। ਉਹ ਕਈ ਵਾਰ ਦੇਖ ਕੇ ਹੈਰਾਨ ਹੋ ਜਾਂਦੀ ਕਿ ਉਸਨੇ ਅਜਿਹੇ ਸਧਾਰਨ ਜਿਹੇ ਬੱਚੇ ਨੂੰ ਜਨਮ ਦਿੱਤਾ। ਮਥੱਮਾ ਪਹਿਲਾਂ ਵਾਂਗ ਲੋਹੇ ਵਾਂਗ ਮਜਬੂਤ ਸੀ।

ਬੱਚੇ ਦੇ ਜਨਮ ਦੀ ਖ਼ਬਰ ਸੁਣ ਕੇ ਉਸਦਾ ਪਿਤਾ ਆਪਣੀ ਪਤਨੀ ਤੇ ਬੱਚੇ ਨੂੰ ਦੇਖਕੇ ਬਹੁਤ ਖੁਸ਼ ਹੋਇਆ। ਉਸਨੇ ਉਹਨਾਂ ਲਈ ਬਹੁਤ ਕੁਝ ਖਰੀਦਿਆ ਕਈ ਚੀਜ਼ਾਂ ਜ਼ਰੂਰੀ ਸਨ ਤੇ ਕਈ ਗੈਰ ਜ਼ਰੂਰੀ। ਉਸਨੇ ਕਿਹਾ ਜੇ ਕੁੜੀ ਵੀ ਹੋ ਜਾਂਦੀ ਤਾਂ ਵੀ ਉਸਨੇ ਖੁਸ਼ ਹੀ ਹੋਣਾ ਸੀ ਤੇ ਹੁਣ ਵੀ ਉਹ ਖੁਸ਼ ਹੈ। ਖੁਸ਼ੀ ਦੇ ਮੌਕੇ ਤੇ ਉਸ ਸ਼ਬਦ ਨੇ ਉਸਨੂੰ ਦੁੱਖ ਪਹੁੰਚਾਇਆ। ਉਹ ਉਸ ਨਾਲ ਝਗੜੀ ਤੇ ਥੋੜੀ ਦੇਰ ਲਈ ਦੁੱਖੀ ਜਿਹੀ ਹੋ ਗਈ।

"ਅਗਲੀ ਵਾਰ।" ਉਸਨੇ ਕਿਹਾ। ਰਣਦੂ ਮੁਸਕਰਾਇਆ। "ਚਲੀਏ ਹੁਣ? " ਉਸਨੇ ਆਪਣੇ ਪਤੀ ਨੂੰ ਕਿਹਾ ਅਤੇ ਉਹ ਆਪਣੇ ਘਰ ਵੱਲ ਚੱਲ ਪਏ।

"ਬਾਵੇ।" ਉਸਨੇ ਆਪਣੇ ਪਤੀ ਨੂੰ ਸੱਦਿਆ।

"ਕੀ ਗੱਲ ਏ।" ਉਸਨੇ ਕਿਹਾ।

"ਤੇਰਾ ਮੁੰਡਾ ਵੀ ਤੇਰੇ ਵਾਂਗ ਚਲਾਕ ਹੈ? " ਉਸਨੇ ਕਿਹਾ।

"ਨਹੀਂ ਉਹ ਨਹੀਂ ਹੈ।" ਮਥੱਮਾ ਨੇ ਕੁਝ ਸੋਚਿਆ ਤੇ ਕਿਹਾ, "ਅਸਲ ਵਿਚ ਉਹ ਅਜਿਹਾ ਨਹੀਂ ਹੈ।" ਉਹ ਉੱਚੀ ਬੋਲੀ। ਇਸ ਗੱਲ ਤੇ ਉਸਦੀ ਸੱਸ ਬਹੁਤ ਉੱਚੀ ਹੱਸ ਪਈ। ਛੋਟਾ ਬੱਚਾ ਵੀ ਬਿਨਾਂ ਦੰਦਾਂ ਤੋਂ ਮੁਸਕਰਾਇਆ। ਜਿਵੇਂ ਉਸਨੂੰ ਸਭ ਕੁਝ ਸਮਝ ਆਉਂਦਾ ਹੋਵੇ।

ਉਸ ਸਾਲ, ਫ਼ਸਲ ਬਹੁਤ ਚੰਗੀ ਹੋਈ। ਘਰ ਅਨਾਜ ਨਾਲ ਭਰਿਆ ਹੋਇਆ ਸੀ ਤੇ ਹਰ ਕੋਈ ਖੁਸ਼ ਸੀ। ਮਥੱਮਾ ਦੇ ਦਿਲ 'ਚ ਚੀਸ ਜਿਹੀ ਪਈ ਉਹ ਉਸ ਲੜਕੀ ਬਾਰੇ ਸੋਚ ਰਹੀ ਸੀ ਜੋ ਉਸ ਕੋਲ ਨਹੀਂ ਸੀ।

ਉਸ ਦੀ ਸੱਸ ਝੌਂਪੜੀ 'ਚ ਆ ਕੇ ਉਸਨੂੰ ਝਿੜਕਣ ਲੱਗੀ, "ਤੂੰ ਏਥੇ ਪੱਥਰ ਬਣ ਕੇ ਕਿਉਂ ਬੈਠੀ ਏ? ਉੱਠ ਤੇ ਆਪਣਾ ਮੂੰਹ ਸਾਫ਼ ਕਰ।" ਮਥੱਮਾ ਉਂਝ ਹੀ ਬੈਠੀ ਰਹੀ। "ਤੂੰ ਉਠੇਗੀ ਕਿ ਨਹੀਂ? " ਉਸ ਦੀ ਸੱਸ ਨੇ ਉਸਨੂੰ ਖਿੱਚਦਿਆਂ ਕਿਹਾ। ਉਸਨੇ ਹੌਦੀ ਵਿਚ ਵਰਤਣ ਵਾਲਾ ਪਾਣੀ ਭਰਿਆ ਤੇ ਪਾਣੀ ਦਾ ਘੜਾ ਲੈਣ ਚਲੀ ਗਈ। ਜਦੋਂ ਉਸਦੀ ਸੱਸ ਨੇ ਉਸਨੂੰ ਬਾਂਹ ਤੋਂ ਫੜ ਕੇ ਉਠਾਇਆ ਤਾਂ ਮਥੱਮਾ ਖੜੀ ਹੋ ਗਈ। ਬੁੱਢੀ ਔਰਤ ਨੇ ਉਸਨੂੰ ਥੋੜੀ ਸੁਆਹ ਦਿੱਤੀ ਤਾਂ ਜੋ ਉਹ ਆਪਣੇ ਦੰਦ ਸਾਫ਼ ਕਰ ਲਵੇ। ਫਿਰ ਉਸਨੇ ਨਹਾ ਕੇ ਸਾੜੀ ਬਦਲੀ ਤੇ ਪਹਿਲੀ ਸਾੜੀ ਧੋਣ ਲਈ ਪਾਣੀ ਵਿਚ ਡੋਬ ਦਿੱਤੀ। ਉਸਦੀ ਸੱਸ ਨੇ ਘਰ ਦੀ ਸਫ਼ਾਈ ਕੀਤੀ ਤੇ ਦਰਵਾਜ਼ਾ ਬੰਦ ਕਰਕੇ ਚਲੀ ਗਈ।

ਮਥੱਮਾ ਦੇ ਢਿੱਡ ਵਿਚ ਕੁਝ ਉਥਲ ਪੁਥਲ ਹੋ ਰਹੀ ਸੀ। ਇਕ ਦਰੀ ਜਿਹੀ ਤੇ ਬੈਠੀ ਉਹ ਬੱਸ ਖੂਹ ਵੱਲ ਹੀ ਦੇਖੀ ਜਾ ਰਹੀ ਸੀ। ਉਹ ਖੂਹ ਇਕ ਅਮੀਰ ਆਦਮੀ ਦੀ ਝੌਂਪੜੀ ਵਾਂਗ ਲੱਗ ਰਿਹਾ ਸੀ ਅਤੇ ਤੇ ਇਕ ਪਸ਼ੂ ਦਾ ਪਰਛਾਵਾਂ ਵੀ ਨਜ਼ਰ ਆ ਰਿਹਾ ਸੀ। ਜਿਸ ਦੀ ਬਲੀ ਦਿੱਤੀ ਗਈ ਸੀ। ਖੂਹ ਦੀ ਬਲੀ ਕਿੰਨੀ ਮਹਾਨ ਹੈ। ਬਿਨਾਂ ਕਿਸੇ ਨੁਕਸਾਨ ਦੇ ਬਲੀ।

ਜਦੋਂ ਵੀ ਉਹ ਖੂਹ ਬਾਰੇ ਸੋਚਦੀ ਤਾਂ ਉਸ ਦਾ ਬੀਤਿਆਂ ਹੋਇਆ ਕੱਲ ਉਸਦੇ ਸਾਹਮਣੇ ਆ ਜਾਂਦਾ। ਜਦੋਂ ਉਹ ਦੂਜੇ ਬੱਚੇ ਦੇ ਜਨਮ ਤੇ ਆਪਣੇ ਪੇਕਿਆਂ ਦੇ ਗਈ ਤਾਂ ਉਸਦਾ ਘਰ ਵਾਲਾ ਵੀ ਉਸਦੇ ਨਾਲ ਚਲਾ ਗਿਆ, ਉਸ ਦੀ ਦੇਖ ਭਾਲ ਕਰਨ ਦੇ ਲਈ। ਉਹ ਉਸਦੇ ਮਾਪਿਆਂ ਦੀ ਵੀ ਉਨੀ ਹੀ ਸੇਵਾ ਕਰਦਾ ਜਿੰਨੀ ਉਸਦੀ। ਇਹ ਸਭ ਦੇਖ ਕੇ ਉਹ ਅੰਦਰ ਤੱਕ ਛੂਹੀ ਗਈ।

ਦੂਜੇ ਜਣੇਪੇ ਤੇ ਉਹ ਉਸਦੇ ਕੋਲ ਹੀ ਸੀ। ਜਿਸ ਚੀਜ਼ ਦੀ ਲੋੜ ਹੁੰਦੀ ਉਹ ਲੈ ਕੇ ਆਉਂਦਾ। ਦਾਈ ਦੀ ਲੋੜ ਹੁੰਦੀ ਤਾਂ ਉਸਨੂੰ ਵੀ ਲੈ ਕੇ ਆਉਂਦਾ। ਜਣੇਪੇ ਦੌਰਾਨ ਉਸਨੇ ਤਾਂ ਘਰ ਹੀ ਸਿਰ ਤੇ ਚੱਕ ਲਿਆ। ਉਹ ਚੁੱਪ ਚਾਪ ਦਰਦਾਂ ਸਹਿ ਰਹੀ ਸੀ, ਪਰ ਉਸਦਾ ਪਤੀ ਬਿਨ੍ਹਾਂ ਵਜ੍ਹਾ ਹੀ ਬਾਹਰ ਬੈਠਾ ਆਪਣੀ ਪਤਨੀ ਦੀਆਂ ਦਰਦਾਂ, ਜੋ ਉਹ ਸਿਰਫ ਸੁਣ ਹੀ ਸਕਦਾ ਸੀ ਤੇ ਗੁੱਸਾ ਤੇ ਨਰਾਜ਼ਗੀ ਜ਼ਾਹਿਰ ਕਰ ਰਿਹਾ ਸੀ।

ਉਸੇ ਦਿਨ ਮਥੱਮਾ ਨੇ ਆਪਣੀ ਮਾਂ ਨੂੰ ਜਗਾਇਆ। ਹਨੇਰੇ ਤਾਂ ਹੋ ਵੀ ਗਿਆ ਸੀ। ਉਹਨਾਂ ਦੇ ਘਰ ਵਿਚ ਸਵੇਰ ਹੋਣ ਵਰਗਾ ਮਾਹੌਲ ਸੀ। ਉਸਦੇ ਸਾਰੇ ਸਕੇ-ਸਬੰਧੀ ਉਸਦੇ ਕੋਲ ਸਨ। ਉਹ ਸੋਚਦੀ ਸੀ ਕਿ ਉਹ ਮਰ ਜਾਵੇ। ਉਹ ਵਾਰ ਵਾਰ ਆਪਣੇ ਪਤੀ ਨੂੰ ਪੁੱਛਦੀ, "ਕੀ ਮੈਂ ਮਰ ਜਾਵਾਂਗੀ? " ਉਹ ਵੀ ਵਾਰ ਵਾਰ ਉਸਨੂੰ ਕਹਿੰਦਾ ਕਿ ਉਹ ਨਹੀਂ ਮਰੇਗੀ।

ਚਾਹੇ ਦਰਦਾਂ ਬਹੁਤ ਹੋ ਰਹੀਆਂ ਸੀ ਪਰ ਜਣੇਪਾ ਸਧਾਰਨ ਹੀ ਹੋਇਆ। ਮਥੱਮਾ ਨੇ ਜਿਵੇਂ ਬਹੁਤ ਵੱਡਾ ਬੋਝ ਆਪਣੇ ਦਿਮਾਗ਼ ਤੋਂ ਲਾਹ ਕੇ ਰੱਖ ਦਿੱਤਾ ਹੋਵੇ ਤੇ ਮੈਚ ਤੋਂ ਬਾਅਦ ਕਿਸੇ ਖਿਡਾਰੀ ਵਾਂਗ ਹਫ਼ ਗਈ।

ਆਪਣੇ ਪਤੀ ਦੇ ਹਾਵ ਭਾਵ ਦੇਖ ਕੇ ਉਸਨੂੰ ਪਤਾ ਚੱਲ ਗਿਆ ਕਿ ਉਸਦੇ ਕੁੜੀ ਹੋਈ ਹੈ। ਜਦੋਂ ਉਸਨੇ ਆਪਣੇ ਕੋਲ ਪਏ ਆਪਣੇ ਬੱਚੇ ਦੇ ਚਿਹਰੇ ਵੱਲ ਵੇਖਿਆ ਤਾਂ ਉਸਨੂੰ ਆਪਣੀ ਝਲਕ ਹੀ ਨਜ਼ਰ ਆਈ। ਉਹ ਅੱਖਾਂ ਵਿਚ ਅੱਥਰੂ ਭਰੀ ਆਪਣੇ ਪਤੀ ਵੱਲ ਵੇਖ ਰਹੀ ਸੀ ਤੇ ਉਸਦਾ ਪਤੀ ਉਸਦਾ ਸਿਰ ਪਲੋਸ ਰਿਹਾ ਸੀ। 'ਕੁੜੀ? ' ਉਸਨੇ ਪੁੱਛਿਆ, "ਹਾਂ !!" ਪਤੀ ਨੇ ਕਿਹਾ।

ਉਹ ਘਰ ਵਿਚ ਇਧਰ ਉਧਰ ਘੁੰਮਦਾ ਰਿਹਾ।

ਉਹ ਜ਼ਿਆਦਾ ਦੇਰ ਤੱਕ ਆਪਣੀ ਮਾਂ ਦੇ ਘਰ ਨਹੀਂ ਰਹੀ। ਜਿਵੇਂ ਹੀ ਉਸਨੇ ਚੱਲਣਾ-ਫਿਰਨਾ ਸ਼ੁਰੂ ਕਰ ਦਿੱਤਾ ਤਾਂ ਉਸਨੇ ਆਪਣੇ ਘਰ ਵਾਪਸੀ ਕਰ ਲਈ। ਰਵਦੂ ਵੀ ਜਾਣ ਲਈ ਤਿਆਰ ਹੀ ਸੀ। ਉਹ ਆਪਣੇ ਪਤੀ ਨਾਲ ਘਰ ਵਾਪਸ ਜਾਣ ਤੇ ਬਹੁਤ ਖੁਸ਼ ਸੀ।

ਮਥੱਮਾ ਨੂੰ ਬਹੁਤ ਖੁਸ਼ੀ ਮਿਲਦੀ ਜਦੋਂ ਉਹ ਆਪਣੀ ਬੱਚੀ ਦਾ ਸਿਰ ਵਾਹੁੰਦੀ, ਉਹਦਾ ਹਾਰ ਸ਼ਿੰਗਾਰ ਕਰਦੀ। ਬੱਚੀ ਦੀ ਛੋਟੀ ਜਿਹੀ ਗੁੱਤ ਕਰਨ ਦੀ ਅਜੀਬ ਹੀ ਖੁਸ਼ੀ ਸੀ। ਉਸਨੂੰ ਲੱਗਦਾ ਸੀ ਕਿ ਉਹ ਇਕ ਮੁੰਡੇ ਨਾਲੋਂ ਕੁੜੀ ਦੀ ਦੇਖ ਭਾਲ ਕਰਨੀ ਜਿਆਦਾ ਚੰਗੀ ਤਰ੍ਹਾਂ ਜਾਣਦੀ ਹੈ। ਇਸ ਤਰ੍ਹਾਂ ਦੇ ਮੌਕਿਆਂ ਤੇ ਉਸਦਾ ਮੁੰਡਾ ਵੀ ਆਸ ਪਾਸ ਘੁੰਮਣ ਲੱਗਦਾ। ਉਸਨੂੰ ਅੰਦਰ ਹੀ ਅੰਦਰ ਕਈ ਗੱਲਾਂ ਸੋਚ ਕੇ ਬਹੁਤ ਖੁਸ਼ੀ ਮਿਲਦੀ। ਉਹ ਬੱਚਿਆਂ ਦੇ ਵਿਚਕਾਰ ਸੁੱਤੀ ਹੁੰਦੀ ਅਤੇ ਉਸਦਾ ਪਤੀ ਉਸ ਮਿੱਟੀ ਦੇ ਝੋਪੜੇ ਵਿਚ ਜਿੱਥੇ ਥਾਂ ਮਿਲਦੀ ਉਥੇ ਸੌਂ ਜਾਂਦਾ। ਰਵਦੂ ਦੀ ਘਰ ਵਿਚ ਹੁਣ ਅਹਿਮੀਅਤ ਥੋੜੀ ਘੱਟ ਹੋ ਗਈ ਲੱਗਦੀ ਸੀ। ਜਦੋਂ ਕੇਵਲ ਮੁੰਡੇ ਦਾ ਜਨਮ ਹੋਇਆ ਸੀ ਤਾਂ ਇਕ ਪਾਸੇ ਮੁੰਡਾ ਲੇਟਦਾ ਸੀ ਤੇ ਦੂਜੇ ਪਾਸੇ ਉਸਨੂੰ ਵੀ ਲੇਟਣ ਦੀ ਥਾਂ ਮਿਲ ਜਾਂਦੀ ਸੀ। ਪਰ ਬੇਟੀ ਦੇ ਜਨਮ ਤੋਂ ਬਾਅਦ ਬੱਚਿਆਂ ਨੇ ਹੀ ਦੋਵੇਂ ਪਾਸੇ ਮੱਲੇ ਹੁੰਦੇ।

ਦੋ ਬੱਚਿਆਂ ਦੇ ਜਨਮ ਤੋਂ ਬਾਅਦ ਉਸਦਾ ਆਪਣੇ ਪਤੀ ਵੱਲ ਹੁਣ ਧਿਆਨ ਘੱਟ ਗਿਆ ਸੀ, ਇਹ ਗੱਲ ਉਸਦੇ ਸਹੁਰੇ ਵੀ ਕਰਦੇ ਸਨ ਤੇ ਪੇਕਿਆਂ ਨੇ ਇਸ ਗੱਲ ਤੇ ਉਸਨੂੰ ਡਾਂਟਿਆ ਵੀ।

ਉਸਨੂੰ ਅਕਸਰ ਸੁਪਨਾ ਆਉਂਦਾ ਕਿ ਉਸਦੇ ਬੱਚੇ ਵੱਡੇ ਹੋ ਕੇ ਪੜ੍ਹ ਲਿਖ ਕੇ ਵੱਡੇ ਅਫ਼ਸਰ ਬਣ ਗਏ ਹਨ ਤੇ ਉਹਨਾਂ ਵੱਡੇ ਵੱਡੇ ਲੋਕਾਂ ਦੇ ਸੰਪਰਕ ਵਿਚ ਵੀ ਹਨ। ਜਦੋਂ ਉਹਨਾਂ ਦੇ ਵਿਆਹ ਹੋ ਜਾਣਗੇ ਤਾਂ ਉਹ ਉਹਨਾਂ ਦੇ ਬੱਚਿਆਂ ਦਾ ਵੀ ਪਾਲਣ ਪੋਸ਼ਣ ਕਰਿਆ ਕਰੇਗੀ। ਇਹ ਸੁਪਨੇ ਉਹਨਾਂ ਬੱਚਿਆਂ ਲਈ ਸਨ ਜਿਨ੍ਹਾਂ ਨੂੰ ਅਜੇ ਨੱਕ ਪੂੰਝਣ ਦੀ ਵੀ ਜਾਚ ਨਹੀਂ ਆਈ ਸੀ।

ਉਹਨਾਂ ਨੂੰ ਸਕੂਲ ਜਾਂਦਿਆਂ ਦੇਖਣਾ, ਕਿੰਨਾ ਵਧੀਆ ਦ੍ਰਿਸ਼ ਸੀ। ਉਸ ਲਈ ਸਕੂਲ ਦੇ ਬਸਤੇ, ਵਰਦੀ, ਬੂਟ, ਕਿਤਾਬਾਂ ਅਤੇ ਸਕੂਲ ਦੀਆਂ ਸਲੇਟਾਂ ਬਾਰੇ ਸੋਚਣਾ ਬਹੁਤ ਅਹਿਮੀਅਤ ਰੱਖਦਾ ਸੀ। ਬੱਚੇ



ਹਰ ਘੜੀ ਉਸ ਨਾਲ ਹੀ ਚਿੰਬੜੇ ਰਹਿੰਦੇ ਸੀ। ਹਰ ਚੀਜ਼ ਲਈ ਉਸ ਤੇ ਨਿਰਭਰ ਸਨ। ਆਮ ਬੱਚਿਆਂ ਦੀ ਤਰ੍ਹਾਂ ਜਦੋਂ ਉਹ ਵੀ ਖਾਣੇ ਨੂੰ ਨਕਾਰਦੇ ਤਾਂ ਉਹ ਉਹਨਾਂ ਦੇ ਪਿੱਛੇ ਪਿੱਛੇ ਘੁੰਮ ਕੇ ਉਹਨਾਂ ਨੂੰ ਖਾਣਾ ਖਵਾਉਂਦੀ। ਉਹ ਉਹਨਾਂ ਨੂੰ ਝਿੜਕਦੀ ਵੀ ਕਿ ਉਹ ਖਾਣਾ ਕਿਉਂ ਨਹੀਂ ਖਾਂਦੇ। ਪਿਆਰ ਤੇ ਸਨੇਹ ਨਾਲ ਬੱਚੇ ਗੋਲ ਮਟੋਲ ਤੇ ਵਧੀਆ ਸਿਹਤ ਵਾਲੇ ਤੇ ਗੁੱਡਿਆਂ ਵਰਗੇ ਬਣ ਗਏ। ਉਹ ਬੱਸ ਬੈਠੀ ਉਹਨਾਂ ਵੱਲ ਵੇਖਦੀ ਰਹਿੰਦੀ।

ਕਈ ਵਾਰ ਉਹ ਇਹ ਸੁਪਨੇ ਲੈਂਦਿਆਂ ਕਿ ਬੱਚੇ ਵੱਡੇ ਹੋ ਗਏ ਤੇ ਵਿਆਹੇ ਵੀ ਗਏ ਅਤੇ ਆਪਣੇ ਅਲੱਗ ਅਲੱਗ ਰਸਤਿਆਂ ਤੇ ਚੱਲ ਪਏ, ਰੋ ਵੀ ਪੈਂਦੀ। ਉਹ ਬਹੁਤ ਖੁਸ਼ ਹੁੰਦੀ ਉਹਨਾਂ ਦੇ ਸੁਪਨੇ ਲੈ ਕੇ। ਹਰ ਕੋਈ ਉਸਦਾ ਇਹ ਕਹਿ ਕੇ ਮਜ਼ਾਕ ਉਡਾਉਂਦਾ ਕਿ , "ਸਭ ਦੇ ਬੱਚੇ ਹੁੰਦੇ ਨੇ ਤੇਰੇ ਅਨੋਖੇ ਨਹੀਂ ਹੋਏ।"

ਮਥੱਮਾ ਦੇ ਹੋਰ ਬੱਚੇ ਨਹੀਂ ਸਨ। ਬੜੇ ਵਧੀਆ ਢੰਗ ਨਾਲ ਉਹ ਹਰ ਥਾਂ ਉਹਨਾਂ ਨੂੰ ਆਪਣੇ ਨਾਲ ਲੈ ਕੇ ਜਾਂਦੀ ਪਰ ਜਿਆਦਾ ਤਰ ਉਹ ਆਪਣੇ ਘਰ ਹੀ ਰਹਿੰਦੀ ਜੇ ਉਸਨੂੰ ਖੇਤਾਂ ਵਿਚ ਕੰਮ ਕਰਨ ਲਈ ਵੀ ਜਾਣਾ ਪੈਂਦਾ ਤਾਂ ਉਹ ਆਪਣੇ ਬੱਚਿਆਂ ਨੂੰ ਵੀ ਨਾਲ ਹੀ ਲੈ ਕੇ ਜਾਂਦੀ, ਭਾਵੇਂ ਸੂਰਜ ਜਿੰਨਾ ਮਰਜੀ ਤਪਦਾ ਹੋਵੇ।

ਰਣਦੂ ਸੋਚਦਾ, "ਜੇ ਇਹ ਔਰਤ ਮਰ ਵੀ ਗਈ ਤਾਂ ਵੀ ਇਹਨਾਂ ਬੱਚਿਆਂ ਨਾਲ ਚਿੰਬੜੀ ਰਹੇਗੀ।" ਉਹ ਆਪਣੀਆਂ ਮੂਰਖਤਾ ਵਾਲੀਆਂ ਗੱਲਾਂ ਆਪਣੇ ਕੋਲ ਹੀ ਰੱਖਦਿਆਂ ਜਿਉਣਾ ਸਿੱਖ ਗਿਆ ਸੀ।

ਉਸਦੇ ਸਹੁਰੇ ਮਥੱਮਾ ਦੇ ਰਹਿਣ ਸਹਿਣ ਵਿਚ ਜਿਆਦਾ ਦਖ਼ਲ ਅੰਦਾਜ਼ੀ ਨਹੀਂ ਕਰਦੇ ਸਨ।

ਜਦੋਂ ਕੁੜੀ ਤਿੰਨ ਸਾਲਾਂ ਦੀ ਤੇ ਮੁੰਡਾ ਪੰਜ ਸਾਲ ਦਾ ਹੋ ਗਿਆ ਤਾਂ ਮਥੱਮਾ ਉਦੋਂ ਤੇਈ ਸਾਲਾਂ ਦੀ ਸੀ। ਤਿੰਨ ਸਾਲ ਪਹਿਲਾਂ ਉਹਨਾਂ ਨਾਲ ਇਕ ਬਹੁਤ ਬੁਰੀ ਘਟਨਾ ਘਟੀ। ਉਹ ਤਾਂ ਸਮਝ ਵੀ ਨਹੀਂ ਸਕੀ ਕਿ ਕੀ ਹੋਇਆ। ਕਿਉਂਕਿ ਇਹ ਕਾਫ਼ੀ ਦਿਨ ਪਹਿਲਾਂ ਘਟੀ ਸੀ। ਉਸਦਾ ਘਰ ਬਾਰ ਖਿੰਡਰ ਗਿਆ ਸੀ ਤੇ ਉਸਦੀ ਜ਼ਿੰਦਗੀ ਤਬਾਹ ਹੋ ਗਈ ਸੀ।

ਦੁਪਹਿਰ ਵੇਲੇ ਰਵਦੂ ਨੇ ਆ ਪੁੱਛਿਆ, "ਇਹ ਕੀ ਹੈ?"

ਮਥੱਮਾ ਸੱਚ ਮੁੱਚ ਬਹੁਤ ਗੁੱਸੇ ਵਿਚ ਸੀ।

"ਇਹ ਕੀ ਹੈ? "

"ਜੈਸਮੀਨ ਦੇ ਫੁੱਲ !"

"ਕਿਸ ਦੇ ਲਈ? "

"ਤੇਰੇ ਲਈ।"

"ਮੇਰੇ ਲਈ? " ਉਸਦਾ ਮੂੰਹ ਅੱਡਿਆ ਹੀ ਰਹਿ ਗਿਆ। ਰਵਦੂ ਬਿਨਾਂ ਇੰਤਜ਼ਾਰ ਕੀਤਿਆਂ ਚਲਾ ਗਿਆ। ਇਹ ਛੋਟੀ ਜਿਹੀ ਘਟਨਾ ਘਟੀ ਜਿਸ ਦੀ ਯਾਦ ਜੈਸਮੀਨ ਦੇ ਫੁੱਲਾਂ ਦੀ ਮਹਿਕ ਵਿਚ ਸੀ ਜੋ ਕਿ ਹਵਾ ਵਿਚ ਸੀ। ਇਹ ਖ਼ੁਸ਼ਬੂ ਉਸਦੇ ਪਤੀ ਦੇ ਆ ਕੇ ਜਾਣ ਦਾ ਸੂਚਕ ਵੀ ਸੀ।

ਉਸਨੂੰ ਹੁਣ ਫੁੱਲਾਂ ਨਾਲ ਆਪਣੇ ਵਾਲ ਸਜਾ ਕੇ ਖਾਣਾ ਬਣਾਉਣਾ ਚਾਹੀਦਾ ਸੀ। ਫਿਰ ਉਹ ਆਪਣੇ ਪਤੀ ਨੂੰ ਉਡੀਕਣ ਲੱਗੀ। ਇਕ ਸੋਚ ਉਸਨੂੰ ਅੰਦਰ ਤੱਕ ਕੰਬਾ ਦਿੰਦੀ ਸੀ। ਸੂਰਜ ਬਹੁਤ ਤੇਜ਼ ਚਮਕ ਰਿਹਾ ਸੀ। ਥੋੜੀ ਦੇਰ ਲਈ ਉਹ ਖੜੀ ਹੋਈ ਤੇ ਫਿਰ ਚੱਲ ਪਈ। ਉਹ ਇਧਰ ਉਧਰ ਦੇ ਕੰਮ ਕਰਨ ਲੱਗੀ। ਅਚਾਨਿਕ ਮੱਥਮਾ ਘਰੋਂ ਬਾਹਰ ਆਈ ਤੇ ਪਿੰਡ ਦੇ ਖੂਹ ਵੱਲ ਵੇਖਣ ਲੱਗੀ। ਉਹ ਖੂਹ ਇਕ ਵਹੀ ਵਰਗਾ ਲੱਗਦਾ ਸੀ ਜਿਸ ਉੱਤੇ ਪਿੰਡ ਦੇ ਮਰ ਚੁੱਕੇ ਤੇ ਬਚੇ ਹੋਏ ਆਦਮੀਆਂ ਤੇ ਔਰਤਾਂ ਦਾ ਵੇਰਵਾ ਲਿਖਿਆ ਹੋਵੇ। ਕੋਈ ਨਹੀਂ ਜਾਣਦਾ ਕਿ ਇਸਨੂੰ ਕਿੰਨਾ ਚਿਰ ਹੋ ਗਿਆ ਸੀ ਉੱਥੇ ਪੁਸ਼ਤਾਂ ਦੀਆਂ ਪੁਸ਼ਤਾਂ ਦੀ ਪਿਆਸ

ਬੁਝਾਦਿਆਂ। ਇਹ ਇਕ ਅਜਿਹੀ ਕੁਰਬਾਨੀ ਸੀ ਜੋ ਬਦਲੇ ਵਿਚ ਕੁਝ ਨਹੀਂ ਚਾਹੁੰਦੀ ਸੀ। ਉਸ ਖੂਹ ਵਿਚ ਪਿੰਡ ਦਾ ਬੀਤਿਆਂ ਸਮਾਂ ਹੀ ਨਹੀਂ ਸਗੋਂ ਆਉਣ ਵਾਲਾ ਸਮਾਂ ਵੀ ਨਜ਼ਰ ਆਉਂਦਾ ਸੀ।

ਮਥੱਮਾ ਦਾ ਦਿਲ ਟੁੱਟ ਗਿਆ ਜਦੋਂ ਉਸਨੂੰ ਪਤਾ ਲੱਗਾ ਕਿ ਉਸਦੇ ਪਤੀ ਦਾ 'ਕੰਚਨਾ' ਦੇ ਪਰਿਵਾਰ ਦੀ ਧੀ ਨਾਲ ਪ੍ਰੇਮ ਸੰਬੰਧ ਸੀ। ਰਾਤ ਨੂੰ ਜਦੋਂ ਉਹ ਘਰ ਨਹੀਂ ਹੁੰਦਾ ਤਾਂ ਉਹ ਆਪਣੇ ਬੱਚਿਆਂ ਕੋਲ ਪਈ ਹੁੰਦੀ ਤਾਂ ਉਹ ਸੋਚਦੀ ਕਿ ਉਸਦਾ ਪਤੀ ਆਪਣੇ ਮਾਂ ਬਾਪ ਕੋਲ ਗਿਆ ਹੋਵੇਗਾ। ਪਰ ਉਸਨੇ ਕਦੀ ਸੋਚਿਆ ਵੀ ਨਹੀਂ ਹੋਵੇਗਾ ਕਿ ਉਸ ਵੇਲੇ ਕਿਸੇ ਹੋਰ ਔਰਤ ਦੀ ਗੋਦ ਵਿਚ ਪਿਆ ਰਹਿੰਦਾ ਸੀ। ਜਦੋਂ ਉਸਨੂੰ ਪਤਾ ਲੱਗਾ ਕਿ ਉਸਦੇ ਪਤੀ ਦੇ ਉਸ ਕੁੜੀ ਨਾਲ ਦੇਹ ਸੰਬੰਧ ਵੀ ਹਨ ਤਾਂ ਫੁੱਟ ਫੁੱਟ ਕੇ ਰੋਈ। ਉਹ ਇਹ ਜਾਣ ਕੇ ਵੀ ਹੈਰਾਨ ਹੋ ਗਈ ਕਿ ਰਵਦੂ ਆਪਣਾ ਘਰ-ਪਸ਼ੂ, ਖੇਤੀ-ਬਾੜੀ ਛੱਡ ਕੇ ਉਸ ਕੁੜੀ ਕੋਲ ਬੈਠਾ ਰਹਿੰਦਾ ਸੀ ਜੋ ਕਿ ਦੇਖਣ 'ਚ ਬਹੁਤ ਸੋਹਣੀ ਸੀ, ਗਾਉਂਦੀ ਤੇ ਨੱਚਦੀ ਵੀ ਸੀ।

"ਰੱਬ ਕਰੇ ਤੇਰੀ ਰਖ਼ੇਲ ਕਿਤੇ ਡੁੱਬ ਮਰੇ। ਤੂੰ ਆਪਣਾ ਕੰਮ ਕਾਰ ਉਹਦੇ ਕਾਰਣ ਬਰਬਾਦ ਕਰ ਲਵੇਂਗਾ।" ਜਦੋਂ ਉਸਦੇ ਮਾਤਾ-ਪਿਤਾ ਨੇ ਉਸਨੂੰ ਡਾਂਟਿਆ ਤਾਂ ਉਸਨੇ ਘਰ ਤੇ ਖੇਤੀਬਾੜੀ ਵਿਚ ਥੋੜਾ ਧਿਆਨ ਦੇਣਾ ਸ਼ੁਰੂ ਕੀਤਾ। ਪਰ ਉਸਨੇ ਕਦੇ ਉਸ ਲੜਕੀ ਨੂੰ ਨਹੀਂ ਛੱਡਿਆ। ਇਹ ਗੱਲ ਉਸਨੇ ਆਪਣੇ ਮਾਂ-ਬਾਪ ਨਾਲ ਵੀ ਕਰ ਲਈ ਸੀ। ਉਹ ਮਥੱਮਾ ਕੋਲ ਵੀ ਕਿਤੇ ਜਾਂਦਾ ਜਾਂਦਾ ਆਉਂਦਾ ਰਹਿੰਦਾ ਸੀ ਤਾਂ ਕਿ ਉਸਦਾ ਪਤਾ ਲੱਗਦਾ ਰਹੇ।

ਜਦੋਂ ਉਸ ਦੇ ਮਾਤਾ ਪਿਤਾ ਉਸਨੂੰ ਝਿੜਕਦੇ ਤੇ ਕਹਿੰਦੇ, "ਸਾਡੀ ਨੂੰਹ ਵੀ ਇਨਸਾਨ ਹੈ, ਉਹ ਵੀ ਹੱਡ ਮਾਸ ਦੀ ਬਣੀ ਹੋਈ ਹੈ। ਉਹ ਵੀ ਉਹੀ ਖਾਣਾ ਖਾਂਦੀ ਹੈ ਜੋ ਬਾਕੀ ਖਾਂਦੇ ਹਨ।" ਉਹ ਗੁੱਸੇ ਵਿਚ ਕਹਿੰਦਾ,"ਉਹ ਇਕ ਮੂਰਖ ਔਰਤ ਹੈ, ਉਸ ਨੂੰ ਬੰਦੇ ਦੀ ਲੋੜ ਨਹੀਂ।"

ਕਦੇ ਕਦੇ ਉਹ ਆਪਣੀ ਪਤਨੀ ਦੇ ਹੱਥਾਂ ਦਾ ਬਣਿਆ ਖਾਣਾ ਖਾਣ ਵੀ ਆ ਜਾਂਦਾ। ਉਹ ਚੰਬੇਲੀ ਦੇ ਫੁੱਲ ਲੈ ਕੇ ਆਉਂਦਾ ਤੇ ਰਾਤ ਵੀ ਉਸ ਨਾਲ ਬਿਤਾਉਂਦਾ। ਉਹ ਬੱਚਿਆਂ ਦਾ ਪੂਰਾ ਖਿਆਲ ਰੱਖਦੀ ਉਹਨਾਂ ਨੂੰ ਜੋ ਚਾਹੀਦਾ ਹੁੰਦਾ ਉਹ ਖਰੀਦ ਕੇ ਦਿੰਦੀ।

ਉਹ ਮਿੰਨਤਾਂ ਕਰਦੀ ਕਿ ਉਸ ਕੁੜੀ ਨੂੰ ਛੱਡ ਦਵੇ ਪਰ ਉਹ ਨਹੀਂ ਮੰਨਦਾ। ਫਿਰ ਉਹ ਕਹਿੰਦੀ ਹੈ ਕਿ ਉਹ ਉਸਨੂੰ ਮਾਰ ਦੇਵੇਗੀ। ਉਸਨੇ ਜਵਾਬ ਦਿੱਤਾ, "ਤੂੰ ਮਾਰ ਸਕਦੀ ਏ?" ਦੁੱਖੀ ਹੋ ਕੇ ਉਹ ਕਹਿੰਦੀ ਹੈ ਕਿ 'ਉਹ ਉਸੇ ਨੂੰ ਮਾਰ ਦੇਵੇਗੀ'। ਉਹ ਕਹਿੰਦਾ ਹੈ ਉਸਨੂੰ ਨਹੀਂ ਪਤਾ ਕਿ ਉਹ ਕਿਵੇਂ ਮਾਰੇਗੀ ਉਸਨੂੰ। ਇਸ ਤੇ ਉਹ ਦੁੱਖੀ ਹੋ ਕੇ ਉੱਚੀ ਉੱਚੀ ਰੋਂਦੀ।

ਉਸਦੀ ਸੱਸ ਅੰਦਰ ਆਈ। ਉਹ ਕੁੜੀ ਲੈ ਕੇ ਆਉਂਦੀ ਹੈ। ਉਹ ਮਥੱਮਾ ਨੂੰ ਪੁੱਛਦੀ ਹੈ, "ਕੀ ਤੂੰ ਚਾਵਲ ਬਣਾਵੇਗੀ?" ਮਥੱਮਾ 'ਹਾਂ!' ਵਿਚ ਜਵਾਬ ਦਿੰਦੀ ਹੈ। "ਮੈਂ ਤੇਰੇ ਲਈ ਕੜ੍ਹੀ ਲੈ ਕੇ ਆਈ ਹਾਂ।" ਮਥੱਮਾ ਨੇ ਕਿਹਾ, "ਮੈਂ ਸਾਂਬਰ ਬਣਾਇਆ ਹੈ।" ਉਸਦੀ ਸੱਸ ਹੈਰਾਨ ਹੋ ਗਈ। ਪੂਰਾ ਸਾਲ ਜੇ ਉਹ ਚਾਵਲ ਬਣਾਉਂਦੀ ਤਾਂ ਉਹ ਕੜੀ ਨਹੀਂ ਬਣਾਉਂਦੀ ਤਾਂ ਚਾਵਲ ਨਹੀਂ ਹੁੰਦੇ। ਕਈ ਦਿਨ ਘਰ ਵਿਚ ਚੁੱਲ੍ਹੇ ਅੱਗ ਹੀ ਨਾ ਬਲੀ। ਤੇ ਦਿਨ ਉਂਝ ਹੀ ਬੀਤ ਗਏ। ਜਦੋਂ ਸੱਸ ਕਿਤੇ ਚਾਵਲ ਲੈ ਆਉਂਦੀ ਤਾਂ ਉਹ ਉਸਨੂੰ ਸਬਜ਼ੀ ਤੇ ਚੌਲ ਪਰੋਸਦੀ। ਜਿਵੇਂ ਉਹ ਖਾਂਦੀ, ਤਾਂ ਸੱਸ ਉਸ ਵੱਲ ਬੜੇ ਧਿਆਨ ਨਾਲ ਦੇਖਦੀ। ਉਸਨੂੰ ਪਤਾ ਲੱਗਾ ਕਿ ਉਸਦਾ ਮੁੰਡਾ ਉਸ ਰਾਤ ਉੱਥੇ ਆਇਆ ਸੀ।

ਉਸਨੇ ਆਪਣੀ ਨੂੰਹ ਨੂੰ ਆਪਣੇ ਅੱਗੇ ਬਿਠਾਇਆ ਅਤੇ ਉਸਦੀ ਗੁੱਤ ਖੋਲਦਿਆਂ ਮਥੱਮਾ ਨੂੰ ਪੁੱਛਿਆ, "ਅੱਛਾ ਤੇ ਮੱਥੂ, ਦਸ ਕਿਵੇਂ ਏ ਤੂੰ?" ਤੇ ਪਿਆਰ ਨਾਲ ਉਹ ਉਸ ਦੇ ਵਾਲਾਂ ਨੂੰ ਫਰੋਲਣ ਲੱਗੀ। ਕੰਘੀ ਫੜਦਿਆਂ ਉਸਨੇ ਕਿਹਾ ਕਿ ਮੈਨੂੰ ਵਾਲ ਵਾਹ ਲੈਣ ਦੇ। ਤਾਂ ਮਥੱਮਾ ਨੂੰ ਕਿਹਾ, "ਠੀਕ ਹੈ ਵਾਹ



ਦਿਓ!"

ਸੱਸ ਖੁਸ਼ ਸੀ। ਨੂੰਹ ਜੋ ਪਿਛਲੇ ਦੋ ਸਾਲਾਂ ਤੋਂ ਜੇਲ੍ਹ ਵਿਚ ਸੀ। ਪਿਛਲੇ ਇਕ ਸਾਲ ਤੋਂ ਖੁਸ਼ ਨਹੀਂ ਸੀ। ਬੁੱਢੀ ਔਰਤ ਨੂੰ ਪੂਰੀ ਉਮੀਦ ਸੀ ਕਿ ਉਸਦੀ ਨੂੰਹ ਠੀਕ ਹੋ ਜਾਵੇਗੀ ਅਤੇ ਫਿਰ ਤੋਂ ਉਸਦੇ ਮੁੰਡੇ ਨਾਲ ਰਹਿਣ ਲੱਗ ਜਾਵੇਗੀ। ਇਸੇ ਉਮੀਦ ਵਿਚ ਉਹ ਖੁਸ਼ ਲੱਗ ਰਹੀ ਸੀ।

ਹਰ ਇਕ ਨੂੰ ਲੱਗ ਰਿਹਾ ਸੀ ਕਿ ਮਥੱਮਾ ਨੂੰ ਫਾਂਸੀ ਹੋ ਜਾਵੇਗੀ। ਜਾਣ ਕੇ ਕੀਤੇ ਗਏ ਕਤਲ ਤੇ ਤਾਂ ਸਜ਼ਾ ਦੇ ਤੌਰ ਤੇ ਉਸਨੂੰ ਮੌਤ ਹੀ ਮਿਲੇਗੀ। ਉਮਰ ਕੈਦ ਤਾਂ ਇਸ ਤਰ੍ਹਾਂ ਦੇ ਜ਼ੁਰਮ ਲਈ ਬਹੁਤ ਘੱਟ ਹੈ। ਲੋਕਾਂ ਨੂੰ ਲੱਗਦਾ ਸੀ ਕਿ ਮਥੱਮਾ ਹੁਣ ਕਦੇ ਵੀ ਆਮ ਜ਼ਿੰਦਗੀ ਨਹੀਂ ਜੀਵੇਗੀ।

ਮਥੱਮਾ ਨੂੰ ਬਚਾਉਣ ਲਈ ਰਵਦੂ, ਉਸ ਦੇ ਮਾਂ ਪਿਓ ਤੇ ਉਸਦੇ ਸਭ ਰਿਸ਼ਤੇਦਾਰਾਂ ਤੇ ਸਹੁਰੇ ਪਰਿਵਾਰ ਨੇ ਹਾਈ ਕੋਰਟ ਵਿਚ ਅਪੀਲ ਕੀਤੀ। ਹਾਈਕੋਟਰ ਦੇ ਜੱਜ ਨੇ ਜੋ ਫੈਸਲਾ ਸੁਣਾਇਆ ਉਸਨੂੰ ਸੁਣ ਕੇ ਨਿਆਂ ਪ੍ਰਬੰਧ ਹੈਰਾਨ ਰਹਿ ਗਿਆ। ਇਕ ਸਨਸਨੀਖੇਜ਼ ਫੈਸਲਾ ਸੀ, ਜਿਸ ਦਾ ਵੱਖਰਾ ਹੀ ਮਹੱਤਵ ਸੀ।

ਕੋਰਟ ਨੇ ਇਹ ਤਾਂ ਮੰਨ ਲਿਆ ਕਿ ਮਥੱਮਾ ਨੇ ਕਤਲ ਕੀਤੇ ਸਨ। ਇਹ ਵੀ ਦੱਸਿਆ ਗਿਆ ਕਿ ਉਹ ਕਤਲਾਂ ਦਾ ਕਾਰਨ ਸੀ ਆਰਥਿਕ ਤੰਗੀ, ਪਿਆਰ ਵਿਚ ਧੋਖਾ, ਸਦੀਵੀਂ ਰਹਿਣ ਵਾਲੇ ਵਿਸ਼ਵਾਸ ਦਾ ਤੋੜਨਾ ਆਦਿ ਇਹਨਾਂ ਕਤਲਾਂ ਲਈ ਇਹ ਸਭ ਕਾਰਣ ਵੀ ਮੰਨਣੇ ਪੈਣੇ ਸਨ।

ਫੈਸਲੇ ਵਿਚ ਦੱਸਿਆ ਗਿਆ ਕਿ ਮਥੱਮਾ ਦੇ ਗੁਨਾਹ ਦੇ ਕਾਰਣ ਸਮਾਜਿਕ ਕੁਰੀਤੀਆਂ ਤੇ ਬੰਦਸ਼ਾਂ ਹਨ ਜੋ ਇਕ ਔਰਤ ਨੂੰ ਨੈਤਿਕਤਾ ਕਾਰਣ ਆਦਮੀ ਨੂੰ ਧੋਖਾ ਨਾ ਦੇਣ ਅਤੇ ਇਕ ਆਦਮੀ ਦੀ ਬੇਵਫ਼ਾਈ ਦਾ ਨਤੀਜਾ ਹਨ। ਸਮਾਜਿਕ ਦਬਾਓ ਨੇ ਇਕ ਇਨਸਾਨ ਤੇ ਉਸਦੇ ਪਰਿਵਾਰ ਵਿਚ ਦਰਾੜ ਪਾ ਦਿੱਤੀ। ਇਹ ਇਕ ਹੋਰ ਵੱਡਾ ਤੇ ਭਿਆਨਿਕ ਜ਼ੁਰਮ ਹੋਵੇਗਾ ਜੇ ਇਕ ਇਨਸਾਨ ਨੂੰ ਸਜ਼ਾ ਦੇ ਦਿੱਤੀ ਜਾਵੇ ਤੇ ਪੂਰੇ ਸਮਾਜ ਨੂੰ ਛੱਡ ਦਿੱਤਾ ਜਾਵੇ ਜੋ ਅਸਲ ਵਿਚ ਇਸ ਗੁਨਾਹ ਦਾ ਜ਼ਿੰਮੇਵਾਰ ਹੈ।

ਜਿਵੇਂ ਕਿ ਉਸਨੇ ਦੋ ਸਾਲ ਜ਼ੇਲ੍ਹ ਵਿਚ ਕੱਟ ਹੀ ਲਏ ਸਨ ਹੁਣ ਨਾ ਤਾਂ ਉਸਨੂੰ ਹੋਰ ਜ਼ੇਲ੍ਹ ਦੀ ਸਜ਼ਾ ਦੀ ਲੋੜ ਹੈ ਅਤੇ ਨਾ ਹੀ ਮੌਤ ਦੀ।

ਮਥੱਮਾ ਨੂੰ ਰਿਹਾਅ ਤਾਂ ਕਰ ਦਿੱਤਾ ਗਿਆ ਪਰ ਫੈਸਲਾ ਉਥੇ ਤੱਕ ਹੀ ਨਹੀਂ ਸੀ। ਉਸਦੇ ਪਤੀ ਨੂੰ ਉਸਦੀ ਪੂਰੀ ਜ਼ਿੰਦਗੀ ਦਾ ਖਰਚੇ ਦਾ ਪ੍ਰਬੰਧ ਵੀ ਕਰਨਾ ਪੈਣਾ ਸੀ।

ਉਹ ਦਿਨ ਵਿਚ ਦੋ ਵਾਰ ਖੂਹ ਦਾ ਆਲਾ-ਦੁਆਲਾ ਸਾਫ਼ ਕਰਦੀ। ਖੂਹ ਮਥੱਮਾ ਦੇ ਕੀਤੇ ਹੋਏ ਕਤਲਾਂ ਦਾ ਗਵਾਹ ਸੀ। ਇਹ ਇਕ ਸਜ਼ਾ ਹੀ ਬਣ ਗਈ ਸੀ ਕਿ ਉਹ ਦੋ ਵਾਰ ਖੂਹ ਦਾ ਆਲਾ ਦੁਆਲਾ ਸਾਫ਼ ਕਰਦੀ। ਦੋ ਵੇਲੇ ਦੀ ਸਜ਼ਾ ਹੀ ਸੀ ਉਹ, ਜਦੋਂ ਵੀ ਉਹ ਆਪਣੇ ਗੁਨਾਹ ਨੂੰ ਯਾਦ ਕਰਦੀ ਤਾਂ ਬਹੁਤ ਦੁੱਖੀ ਹੁੰਦੀ। ਸਾਇਦ ਇੰਝ ਕਰਕੇ ਉਹ ਆਪਣੇ ਮਨ ਦਾ ਬੋਝ ਹਲਕਾ ਕਰਦੀ ਸੀ। ਉਸਨੂੰ ਉਸੇ ਝੋਪੜੇ ਵਿਚ ਰਹਿਣਾ ਪਿਆ ਸੀ ਜੋ ਖੂਹ ਦੇ ਕੋਲ ਸੀ ਤੇ ਜਿੱਥੇ ਉਸਨੇ ਉਹ ਸਾਰਾ ਕਾਰਾ ਕੀਤਾ ਸੀ। ਉਹ ਖੂਹ ਨੂੰ ਜ਼ਰੂਰ ਦੇਖਦੀ ਤੇ ਕੀਤੇ ਗੁਨਾਹ ਨੂੰ ਚੇਤੇ ਕਰਦੀ।

ਮਥੱਮਾ ਖੂਹ ਦੇ ਆਲੇ-ਦੁਆਲੇ ਦੀ ਬਣੀ ਪਟੜੀ ਨੂੰ ਸਾਫ਼ ਕਰਨ ਲਈ ਉਸ ਉੱਤੇ ਚੜ੍ਹ ਜਾਂਦੀ। ਫਿਰ ਉਸਨੇ ਖੂਹ ਵਿਚ ਝਾਤੀ ਮਾਰੀ। ਖੂਹ ਵਿਚ ਪਾਣੀ ਇੰਝ ਦਿਸਦੀ ਸੀ ਜਿਵੇਂ ਕਿਸੇ ਕੁੜੀ ਦੇ ਵਾਲ ਲਹਿਰਾਉਂਦੇ ਹੋਣ ਜਾਂ ਉਸਦੀਆਂ ਅੱਖਾਂ ਦੇ ਹੰਝੂ ਪਰਲ ਪਰਲ ਵਗਦੇ ਹੋਣ। ਮਥੱਮਾ ਆਪਣਾ ਸਿਰ ਵਹੁਦੀ, ਵਾਲਾਂ ਵਿਚ ਫੁੱਲ ਟੰਗ ਲੈਂਦੀ। ਹਾਰ ਸ਼ਿੰਗਾਰ ਕਰਕੇ ਉਹ ਖੁਸ਼ ਜਿਹੀ ਲੱਗਦੀ। ਉਸ ਦੀਆਂ ਅੱਖਾਂ ਵਿਚ ਹੰਝੂ ਸਨ, ਕੋਈ ਨਹੀਂ ਜਾਣਦਾ ਕਿ ਉਹ ਹੰਝੂ ਖੁਸ਼ੀ ਦੇ ਸਨ ਜਾਂ ਗ਼ਮ ਦੇ।

ਉਸਨੇ ਖੂਹ ਦਾ ਆਲਾ ਦੁਆਲਾ ਝਾੜੂ ਮਾਰ ਕੇ ਸਾਫ਼ ਕਰ ਦਿੱਤਾ। ਪਿੰਡ ਦਾ ਚੌਂਕੀਦਾਰ ਆਇਆ ਤੇ

ਉਸਨੇ ਮਥੰਮਾ ਨੂੰ ਕੰਮ ਕਰਦਿਆਂ ਦੇਖਿਆ। ਇਸ ਗੱਲ ਦਾ ਵੇਰਵਾ ਮੁਨਸਿਫ਼ ਨੂੰ ਦਿੱਤਾ। ਉਸਨੇ ਕਿਹਾ, "ਏ ਕੁੜੀਏ ! ਕੱਲ੍ਹ ਤੇਰੀ ਸਜ਼ਾ ਮੁੱਕ ਜਾਵੇਗੀ।" ਉਸ ਨੇ ਕੋਈ ਜਵਾਬ ਨਹੀਂ ਦਿੱਤਾ। "ਤੈਨੂੰ ਕੱਲ੍ਹ ਤੋਂ ਇੱਥੇ ਝਾੜੂ ਮਾਰਨ ਦੀ ਕੋਈ ਲੋੜ ਨਹੀਂ।" ਇਹ ਗੱਲ ਉਸਨੇ ਮਥੰਮਾ ਤੋਂ ਜਵਾਬ ਸੁਣਨ ਖਾਤਰ ਕਹੀ ਪਰ ਫਿਰ ਵੀ ਕੋਈ ਜਵਾਬ ਨਾ ਮਿਲਿਆ।

ਮਥੰਮਾ ਕਿਤੇ ਕਿਤੇ ਹੀ ਖਾਣਾ ਬਣਾਉਂਦੀ ਸੀ। ਜਦੋਂ ਉਸਦੀ ਸੱਸ ਉਸਨੂੰ ਖਾਣਾ ਦਵੇ ਤਾਂ ਉਹ ਉਸਨੇ ਕਦੇ ਇਨਕਾਰ ਨਾ ਕੀਤਾ। ਨਹੀਂ ਤਾਂ ਉਹ ਖਾਲੀ ਪੇਟ ਹੀ ਸੌਂ ਜਾਂਦੀ ਸੀ। ਪਰ ਉਸਨੇ ਕਦੇ ਵੀ ਉਹ ਨਵੇਂ ਕੱਪੜੇ ਨਾ ਪਾਏ। ਉਸ ਦਿਨ ਉਸਨੇ ਆਪਣੀ ਸੁਹਾਗ ਰਾਤ ਵਾਲੀ ਸਾੜੀ ਪਾਈ ਤੇ ਵਾਲ੍ਹਾ ਵਿਚ ਫੁੱਲ ਵੀ ਟੰਗੇ। ਉਸਨੇ ਖਾਣਾ ਬਣਾਇਆ ਤੇ ਆਪਣੇ ਪਤੀ ਦੀ ਉਡੀਕ ਕਰਨ ਲੱਗੀ।

ਜਦੋਂ ਰਵਦੂ ਆਇਆ ਤਾਂ ਉਸਨੇ ਦਰਵਾਜ਼ਾ ਖੋਲਿਆ ਤੇ ਉਸ ਦੇ ਅੰਦਰ ਆਉਣ ਤੇ ਦਰਵਾਜ਼ਾ ਬੰਦ ਕਰ ਲਿਆ। ਗਲੀਆਂ ਵਿਚ ਕਿਸੇ ਦਾ ਵੀ ਕੋਈ ਰੌਲਾ ਨਹੀਂ ਸੀ ਸਵਾਏ ਕੁੱਤਿਆਂ ਦੇ ਭੌਂਕਣ ਦੇ। ਪੂਰਾ ਪਿੰਡ ਸੌਂ ਗਿਆ ਜਾਪਦਾ ਸੀ। ਪੂਰਾ ਪਿੰਡ ਹਨੇਰੇ ਵਿਚ ਡੁੱਬ ਗਿਆ। ਜਦੋਂ ਇਕ ਇਕ ਕਰਕੇ ਰੋਸ਼ਨੀਆਂ ਬੁੱਝੀਆਂ। ਮਥੰਮਾ ਦੇ ਆਪਣੇ ਘਰ ਦੀ ਰੋਸ਼ਨੀ ਵੀ ਬੁੱਝ ਗਈ ਸੀ। ਉਸਦੇ ਆਪਣੇ ਘਰ ਵੀ ਕੋਈ ਹਲਚਲ ਨਹੀਂ ਸੀ।

ਤਿੰਨ ਸਾਲ ਪਹਿਲਾਂ ਮਥੰਮਾ ਆਪਣੇ ਪਤੀ ਨਾਲ ਲੜ ਪਈ। ਉਸਨੇ ਕਿਹਾ ਕਿ ਉਹ ਉਸ ਕੁੜੀ ਨੂੰ ਛੱਡ ਦੇਵੇ। ਪਤੀ ਨੇ ਕਿਹਾ, "ਅਜਿਹਾ ਨਹੀਂ ਹੋ ਸਕਦਾ, ਸਾਰੀ ਰਾਤ ਗਾਲਾਂ, ਤਾਹਨਿਆਂ ਤੇ ਤੋਹਮਤਾਂ ਦਾ ਸਿਲਸਿਲਾ ਚੱਲਦਾ ਰਿਹਾ। ਰਣਦੂ ਉਸ ਦੀਆਂ ਗੱਲਾ ਤੋਂ ਖਿਝਿਆ ਹੋਇਆ ਸੀ ਤੇ ਮਥੰਮਾ ਗੁੱਸੇ ਵਿਚ ਪਾਗਲ ਹੋਈ ਪਈ ਸੀ। ਪਿੰਡ ਦੇ ਲੋਕਾਂ ਲਈ ਉਹ ਇਕ ਪਾਗਲ ਸੀ। ਉਹ ਅੰਦਰੋਂ ਹੀ ਅੰਦਰ ਸੜ ਕੇ ਸੁਆਹ ਹੋ ਰਹੀ ਸੀ। ਉਸਨੇ ਆਪਣੇ ਪਤੀ ਨੂੰ ਗਾਲਾਂ ਕੱਢੀਆਂ ਆਪਣੇ ਹੱਥਾਂ ਨਾਲ ਕੁੱਟਿਆ, ਨੌਹਾਂ ਨਾਲ ਘਰੂਟ ਵੀ ਮਾਰੇ ਅਤੇ ਧੱਕੇ ਵੀ ਦਿੱਤੇ। ਥੋੜੀ ਦੇਰ ਰੁਕਣ ਪਿੱਛੋਂ ਰਵਦੂ ਨੇ ਵੀ ਉਸਨੂੰ ਖੂਬ ਕੁੱਟਿਆ। ਉਸਨੇ ਜਿੰਨਾ ਉਹਨੂੰ ਕੁੱਟਿਆ ਉਨੇ ਹੀ ਗੁੱਸੇ ਵਿਚ ਉਹ ਆ ਗਈ। ਉਸਨੇ ਆਪਣੇ ਪਤੀ ਨਾਲ ਲੜਨਾ ਸ਼ੁਰੂ ਕਰ ਦਿੱਤਾ। ਜੇ ਉਹ ਉਸਨੂੰ ਧੱਕਾ ਮਾਰਦਾ ਤਾਂ ਉਹ ਉਸਨੂੰ ਘੁੱਟ ਕੇ ਜੱਫੀ ਪਾ ਲੈਂਦੀ ਤੇ ਜੇ ਉਹ ਉਸਨੂੰ ਝਟਕਾ ਮਾਰਦਾ ਤਾਂ ਉਹ ਹਵਾ ਵਾਂਗ ਆ ਕੇ ਫਿਰ ਉਸਦੇ ਨਾਲ ਚੁੰਬੜ ਜਾਂਦੀ। ਅੱਕ ਕੇ ਰਣਦੂ ਖੇਤਾਂ ਵੱਲ ਚਲਾ ਜਾਂਦਾ।

ਗੁੱਸੇ ਵਿਚ ਮਥੰਮਾ ਕੋਲੋਂ ਖੜਿਆ ਵੀ ਨਹੀਂ ਜਾਂਦਾ ਸੀ ਤੇ ਅੱਕ ਕੇ ਉਸਨੇ ਕਿਹਾ, "ਮੈਂ ਮਰ ਹੀ ਜਾਵਾਂਗੀ।" ਬੱਚੇ ਸੁੱਤੇ ਹੋਏ ਸਨ। ਉਸਨੇ ਛੋਟੇ ਬੱਚੇ ਨੂੰ ਆਪਣੇ ਮੋਢਿਆ 'ਤੇ ਚੁੱਕ ਲਿਆ ਉਸਨੇ ਆਪਣੇ ਮੁੰਡੇ ਨੂੰ ਝੰਜੋੜ ਕੇ ਉਠਾ ਦਿੱਤਾ ਉਹ ਉਬੜਵਾਹੇ ਉੱਠਿਆ। ਮਥੰਮਾ ਨੇ ਉਸਦੀ ਬਾਂਹ ਫੜ ਲਈ ਉਹ ਅੱਧ ਨੀਂਦਾ ਜਿਹਾ ਉਠ ਕੇ ਉਸਦਾ ਹੱਥ ਫੜੀ ਤੁਰ ਪਿਆ।

ਮਥੰਮਾ ਨੇ ਦਰਵਾਜ਼ਾ ਧੱਕਾ ਮਾਰ ਕੇ ਖੋਲ੍ਹਿਆ ਤੇ ਕਿਹਾ, "ਅਸੀਂ ਮਰ ਜਾਵਾਂਗੇ।" ਰਵਦੂ ਅਜੇ ਘਰ ਨਹੀਂ ਆਇਆ ਸੀ। ਮਥੰਮਾ ਬੱਚਿਆਂ ਨਾਲ ਗਲੀ ਵਿਚ ਤੁਰੀ ਜਾ ਰਹੀ ਸੀ।

ਜਿਵੇਂ ਹੀ ਪਤਨੀ ਖੂਹ ਉੱਤੇ ਚੜ੍ਹੀ ਰਣਦੂ ਵੀ ਘਰ ਆ ਗਿਆ। ਉਹ ਘਰ ਵੜ ਕੇ ਮਥੰਮਾ ਤੇ ਬੱਚਿਆਂ ਨੂੰ ਲੱਭਣ ਲੱਗਾ, ਉਹ ਗੁੱਸੇ ਵਿਚ ਇਧਰ ਉਧਰ ਘੁੰਮਦਿਆਂ ਉਹਨਾਂ ਨੂੰ ਆਵਾਜ਼ਾਂ ਮਾਰਨ ਲੱਗਾ, "ਮਾਥੇ, ਔਸਾਈ, ਮਥਆ।" ਪਰ ਕੋਈ ਜਵਾਬ ਨਾ ਆਇਆ। "ਕਿੱਥੇ ਮਰ ਗਏ ਓ ਤੁਸੀਂ ਸਾਰੇ।" ਉਹ ਚੀਕੀਆ।

ਮਥੰਮਾ ਅਜੇ ਖੂਹ ਤੇ ਹੀ ਸੀ, ਰਵਦੂ ਘਰੋਂ ਬਾਹਰ ਨਿਕਲਿਆ। ਖੂਹ ਦੇ ਕੋਲ ਕੁਝ ਹਲਚਲ ਤੇ ਕੁਝ ਪਰਛਾਵੇਂ ਜਿਹੇ ਉਸਨੂੰ ਦਿਸੇ। "ਅਸੀਂ ਮਰ ਜਾਵਾਂਗੇ। " ਮਥੰਮਾ ਨੇ ਕਿਹਾ। ਬੱਚਾ ਅਜੇ ਵੀ ਮਾਂ ਦਾ ਹੱਥ ਫੜੀ



ਖੜਾ ਸੀ। ਉਸਨੇ ਮੁੰਡੇ ਨੂੰ ਖੂਹ ਵਿਚ ਸੁੱਟਣ ਦੀ ਕੋਸ਼ਿਸ਼ ਕੀਤੀ ਪਰ ਮੁੰਡੇ ਨੇ ਉਸਦੀ ਬਾਂਹ ਫੜ ਲਈ ਪਰ ਮਥੰਮਾ ਨੇ ਆਪਣਾ ਹੱਥ ਉਸ ਤੋਂ ਛੁਡਾਇਆ ਤੇ ਉਸਨੂੰ ਇਕ ਕੀੜੇ ਵਾਂਗ ਵਗਾ ਕੇ ਮਾਰਿਆ ਤੇ ਪਾਣੀ ਵਿਚ ਠਾਹ ਦੀ ਆਵਾਜ਼!!

ਸਰਦਲ 'ਤੇ ਪੈਰ ਰੱਖ ਕੇ ਉਸਨੇ ਕਿਹਾ, "ਕੌਣ ਹੈ? ਕੀ ਹੋ ਰਿਹਾ ਹੈ ਏਥੇ? " ਮਥੰਮਾ ਨੇ ਫਿਰ ਕਿਹਾ, "ਮੈਂ ਮਰ ਰਹੀ ਹਾਂ!!"

ਫਿਰ ਉਸਨੇ ਆਪਣੀ ਬੱਚੀ ਨੂੰ ਪਰ੍ਹਾਂ ਧੱਕਣ ਦੀ ਕੋਸ਼ਿਸ਼ ਕੀਤੀ ਜੋ ਉਸਦੇ ਨਾਲ ਚਿੰਬੜੀ ਹੋਈ ਸੀ। ਉਸਨੇ ਜ਼ਬਰਦਸਤੀ ਰੋਂਦੇ ਚੀਕਦੇ ਬੱਚੇ ਵਗ੍ਹਾ ਕੇ ਮਾਰੇ।

ਰਵਦੂ ਭੱਜਦਾ ਹੋਇਆ ਆਇਆ, "ਰੁਕ ਜਾ, ਰੁਕ ਜਾ।" ਉਸਨੇ ਬੱਚਿਆਂ ਨੂੰ ਖੂਹ ਵਿਚ ਇੰਝ ਸੁੱਟਿਆ ਜਿਵੇਂ ਧੋਣ ਵਾਲੇ ਕੱਪੜੇ ਸੁੱਟੇ ਹੋਣ। ਜਿਵੇਂ ਹੀ ਉਸ ਛਾਲ ਮਾਰਨ ਲੱਗੀ ਰਵਦੂ ਨੇ ਉਸਨੂੰ ਵਾਲਾਂ ਤੋਂ ਫੜ੍ਹ ਲਿਆ। ਉਸ ਨੇ ਲੱਕ ਤੋਂ ਫੜਦਿਆਂ ਉਸ ਨੂੰ ਪਿਛਾਂਹ ਨੂੰ ਖਿੱਚਿਆ। ਉਹ ਸੀਮਿੰਟ ਦੀ ਪਟੜੀ ਜਿਹੀ ਤੇ ਡਿੱਗੀ ਤੇ ਔਖੀ ਸੌਖੀ ਹੋ ਕੇ ਫਿਰ ਆਪਣੇ ਪੈਰਾਂ ਤੇ ਖੜੀ ਹੋ ਗਈ। ਉਸਨੇ ਆਪਣੇ ਪਤੀ ਨਾਲ ਹੱਥੋਪਾਈ ਹੋਣਾ ਸ਼ੁਰੂ ਕਰ ਦਿੱਤਾ। ਉਸਦੀਆਂ ਲੱਤਾਂ ਤੇ ਠੁੱਡ ਮਾਰ ਕੇ ਆਪਣੇ ਆਪ ਨੂੰ ਛੁਡਾਉਣ ਦੀ ਕੋਸ਼ਿਸ਼ ਕੀਤੀ। ਰਵਦੂ ਨੇ ਉਸਨੂੰ ਨਹੀਂ ਛੱਡਿਆ। ਉਹ ਚੀਖ਼ਦੀ ਰਹੀ,

"ਮੈਨੂੰ ਛੱਡ ਕੇ ਮੈਨੂੰ ਮਰ ਲੈਣ ਦੇ, ਮੈਨੂੰ ਇਕੱਲੀ ਛੱਡ ਦੇ।"

ਰੌਲਾ ਪੈ ਗਿਆ, ਲੋਕ ਵੀ ਉੱਥੇ ਇਕੱਠੇ ਹੋ ਗਏ। ਉਹ ਅਜੇ ਵੀ ਲੜੀ ਜਾ ਰਹੀ ਸੀ। ਉਸਨੇ ਆਪਣੇ ਆਪ ਨੂੰ ਛੁਡਾਉਣ ਦੀ ਬਹੁਤ ਕੋਸ਼ਿਸ਼ ਕੀਤੀ।

ਕੁੱਤੇ ਵੀ ਭੌਂਕਣ ਲੱਗੇ। ਆਂਢ ਗੁਆਂਢ ਵੀ ਜਾਗ ਗਿਆ। ਰਵਦੂ ਚੀਕਦਾ ਰਿਹਾ, ਮਥੰਮਾ ਨੂੰ ਕੋਸਦਾ ਰਿਹਾ ਤੇ ਰੋਂਦਾ ਰਿਹਾ। ਬੁੱਢੇ, ਜਵਾਨ ਸਭ ਉੱਥੇ ਇਕੱਠੇ ਹੋਣ ਲੱਗੇ। ਕਿਸੇ ਨੂੰ ਸਮਝ ਨਹੀਂ ਆ ਰਹੀ ਸੀ ਕਿਸ ਗੱਲ ਕਰਕੇ ਸ਼ੋਰ ਸ਼ਰਾਬਾ ਹੋ ਰਿਹਾ ਸੀ।

ਅਖੀਰ ਵਿਚ ਸਭ ਨੂੰ ਪਤਾ ਲੱਗ ਗਿਆ ਕਿ ਮਥੰਮਾ ਨੇ ਬੱਚਿਆਂ ਨੂੰ ਖੂਹ ਵਿਚ ਸੁੱਟਣ ਪਿੱਛੋਂ ਆਪ ਮਰਨ ਦੀ ਕੋਸ਼ਿਸ਼ ਕੀਤੀ, ਬੱਚੇ ਤਾਂ ਡੁੱਬ ਰਹੇ ਸਨ, ਉਹਨਾਂ ਨੂੰ ਇਕ ਆਦਮੀ ਦੀ ਲੋੜ ਸੀ ਜੋ ਖੂਹ ਵਿਚ ਛਾਲ ਮਾਰੇ। ਰਵਦੂ ਮਾਰਨ ਤਾਂ ਲੱਗਾ ਸੀ ਪਰ ਲੋਕਾਂ ਨੇ ਉਸਨੂੰ ਰੋਕ ਲਿਆ ਕਿਉਂਕਿ ਉਹਨੂੰ ਪਤਾ ਨਹੀਂ ਸੀ ਕਿ ਉਹਨੂੰ ਤੈਰਨਾ ਨਹੀਂ ਆਉਂਦਾ। ਉਸ ਖੂਹ ਵਿਚ ਤਾਂ ਹੰਢੇ ਹੋਏ ਤੈਰਾਕ ਵੀ ਛਾਲ ਮਾਰਨ ਤੋਂ ਡਰਦੇ ਸਨ।

ਖੂਹ ਨੇ ਕੁਰਬਾਨੀ ਮੰਗੀ, ਉਹ ਲੋਕ ਜਿਨ੍ਹਾਂ ਨੂੰ ਤੈਰਨਾ ਆਉਂਦਾ ਵੀ ਸੀ, ਛਾਲ ਮਾਰਨ ਤੋਂ ਡਰਦੇ ਸਨ। ਰਵਦੂ ਖੂਹ ਵਿਚ ਜਾਣਾ ਚਾਹੁੰਦਾ ਸੀ, ਉਸ ਵਿਚ ਘੁੱਪ ਹਨੇਰਾ ਸੀ। ਉਸਨੂੰ ਮਰਨ ਦਾ ਡਰ ਦੇ ਕੇ ਰੋਕ ਦਿੱਤਾ ਗਿਆ। ਉਸਨੂੰ ਤਾਂ ਉਦੋਂ ਹੀ ਮਰ ਜਾਣਾ ਚਾਹੀਦਾ ਸੀ ਜਦੋਂ ਬਚਪਨ ਵਿਚ ਪਿੰਡ ਦੇ ਇਕ ਟੈਂਕ ਵਿਚ ਪਸ਼ੂਆਂ ਪਿੱਛੇ ਡੂੰਘਾ ਡਿੱਗ ਪਿਆ ਸੀ। ਤੇ ਆਪਣੇ ਦਾਦੇ ਦੀ ਸਹਾਇਤਾ ਨਾਲ ਉਹ ਅੱਜ ਜਿਉਂਦਾ ਸੀ।

ਸਵੇਰ ਤੱਕ ਕੋਈ ਵੀ ਖੂਹ ਵਿਚ ਨਾ ਗਿਆ ਫਿਰ ਸਵੇਰੇ ਬੱਚਿਆਂ ਦੀਆਂ ਲਾਸ਼ਾਂ ਕੱਢੀਆਂ ਗਈਆਂ ਤੇ ਸੀਮਿੰਟ ਦੀ ਪਟੜੀ ਜਿਹੀ ਤੇ ਰੱਖ ਦਿੱਤੀਆਂ। ਰਣਦੂ, ਮਥੰਮਾ ਨੂੰ ਫੜੀ ਖੜਾ ਸੀ ਤੇ ਲੋਕਾਂ ਨੇ ਰਵਦੂ ਨੂੰ ਫੜਿਆ ਹੋਇਆ ਸੀ। ਪਿੰਡ ਦਾ ਸੇਵਾਦਾਰ ਤੇ ਸੇਵਾਦਾਰਾਂ ਦਾ ਮੁੱਖੀਆਂ ਆ ਗਏ। ਮੁਨਸਿਫ ਤੇ ਚੌਂਕੀਦਾਰ ਵੀ ਆ ਗਏ। ਇਕ ਇਕ ਪੁਲਿਸ ਕੇਸ ਸੀ। ਜਦੋਂ ਪੁਲੀਸ ਆਈ ਤਾਂ ਹੀ ਮਥੰਮਾ ਨੂੰ ਛੱਡਿਆ ਗਿਆ ਤੇ ਉਸਨੂੰ ਜੇਲ੍ਹ ਵਿਚ ਬੰਦ ਕਰ ਦਿੱਤਾ। ਰਵਦੂ ਦੇ ਮਨ ਵਿਚ ਤਾਂ ਡਰ ਬੈਠਿਆ ਹੋਇਆ ਸੀ।

ਜਦੋਂ ਮਥੰਮਾ ਨੂੰ ਖੂਹ ਦਾ ਆਲਾ-ਦੁਆਲਾ ਸਾਫ਼ ਕਰਨ ਦੀ ਸਜ਼ਾ ਦਿੱਤੀ ਗਈ ਤਾਂ ਲੋਕਾਂ ਨੇ ਸੋਚਿਆ ਕਿ ਇਕ ਦਿਨ ਇਹ ਵੀ ਖੂਹ ਵਿਚ ਡਿੱਗੀ ਮਿਲੇਗੀ। ਪਰ ਜੋ ਸੋਚਿਆ ਗਿਆ ਸੀ ਉਂਝ ਨਾ ਹੋਇਆ। ਉਹ

ਉਸ ਦੁੱਖ ਤੋਂ ਬਾਹਰ ਨਿਕਲ ਚੁੱਕੀ ਸੀ, ਠੀਕ ਹੋ ਰਹੀ ਸੀ।ਅਗਲੀ ਸਵੇਰ ਉਸਦੀ ਸਜ਼ਾ ਖਤਮ ਹੋ ਜਾਣੀ ਸੀ।ਉਸ ਰਾਤ ਉਸ ਨੇ ਆਪਣੇ ਪਤੀ ਦਾ ਇੰਤਜ਼ਾਰ ਕੀਤਾ।ਉਸਦਾ ਸਵਾਗਤ ਕੀਤਾ ਤੇ ਦਰਵਾਜ਼ਾਂ ਬੰਦ ਕਰ ਦਿੱਤਾ।ਉਸਦੇ ਪਤੀ ਨੇ ਸੋਚਿਆ ਕਿ ਆਖਿਰ ਉਹ ਠੀਕ ਹੋ ਗਈ।ਉਸ ਰਾਤ ਮਥੱਮਾ ਪੂਰੀ ਤਰ੍ਹਾਂ ਪਤੀ ਦੇ ਪਿਆਰ ਵਿਚ ਗੁਆਚ ਗਈ ਪਰ ਬਾਅਦ ਵਿਚ ਫਿਰ ਕਹਿਣ ਲੱਗੀ, "ਮੈਨੂੰ ਬੱਚੇ ਯਾਦ ਆਉਂਦੇ ਨੇ।" ਪਤੀ ਨੇ ਕਿਹਾ, "ਠੀਕ ਹੈ!"

ਮਥੱਮਾ ਨੇ ਰੋਂਦਿਆ ਕਿਹਾ, "ਹੁਣ ਮੇਰੇ ਕੋਲ ਮੇਰੇ ਬੱਚੇ ਨਹੀਂ ਹਨ।"

"ਨਾ ਰੋ ਸਾਡੇ ਫਿਰ ਆਪਣੇ ਬੱਚੇ ਹੋਣਗੇ। ਤੂੰ ਅਜੇ ਜਵਾਨ ਏ। ਤੂੰ ਬੱਚੇ ਅਜੇ ਪੈਦਾ ਕਰ ਸਕਦੀ ਏ, ਸਾਡੇ ਬੱਚੇ ਹੋਣਗੇ।" ਪਤੀ ਨੇ ਬੜੀ ਉਤਸੁਕਤਾ ਨਾਲ ਕਿਹਾ।

ਮਥੱਮਾ ਨੇ ਰੋਂਦਿਆਂ ਦਰਵਾਜ਼ਾਂ ਖੋਲਿਆ ਤੇ ਪਤੀ ਵਾਰ ਵਾਰ ਕਹਿ ਰਹੀ ਸੀ।

"ਹੁਣ ਨਾ ਰੋ।" ਉਸਨੇ ਕਿਹਾ, "ਬੱਚੇ ਮੈਨੂੰ ਡਰਾਉਂਦੇ ਹਨ। ਦਿਸੀ ਜਾ ਰਹੇ ਹਨ।"

"ਕਿੱਥੇ ਜਾ ਰਹੀ ਏ।" ਪਤੀ ਨੇ ਕਿਹਾ।

"ਖੂਹ ਕੋਲ, ਮੈਂ ਖੂਹ ਕੋਲ ਜਾ ਕੇ ਬੱਚੇ ਦੇਖਣੇ ਹਨ।" ਪਤਨੀ ਨੇ ਕਿਹਾ।

ਪਤੀ ਵੀ ਪਿੱਛੇ ਚਲਾ ਗਿਆ, ਇਸ ਗੱਲ ਤੋਂ ਡਰਦਾ ਕਿ ਉਹ ਛਾਲ ਨਾ ਮਾਰ ਦਵੇ।ਮਥੱਮਾ ਖੂਹ ਵਿਚ ਦੇਖਦਿਆਂ ਬੋਲੀ, "ਬੱਚੇ ਬੁਲਾ ਰਹੇ ਹਨ।"

ਪਤੀ ਨੇ ਕਿਹਾ, "ਬੜੀ ਮੂਰਖ ਤੀਵੀ ਆ।" ਖੂਹ ਖਾਲੀ ਨਜ਼ਰ ਆ ਰਿਹਾ , ਸ਼ਾਂਤ ਹਨੇਰੇ ਨਾਲ ਭਰਿਆ।

ਜਦੋਂ ਉਸਨੇ ਫਿਰ ਕਿਹਾ, "ਬੱਚੇ ਮੈਨੂੰ ਬੁਲਾ ਰਹੇ ਹਨ।" ਪਤੀ ਨੇ ਕਿਹਾ, "ਨਹੀਂ! ਇਧਰ ਦੇਖ!" ਮਥੱਮਾ ਨੇ ਹਵਾ ਵਿਚ ਹੱਥ ਮਾਰ ਰਹੇ ਪਤੀ ਨੂੰ ਕਿਹਾ, "ਨਹੀਂ! ਚੁੱਪ ਕਰ।" ਉਸਨੇ ਆਪਣੀ ਪਤਨੀ ਨੂੰ ਬਾਂਹਵਾ ਵਿਚ ਲੈ ਲਿਆ।ਪਤਨੀ ਨੇ ਵੀ ਉਸਨੂੰ ਕਲਾਵੇ ਵਿਚ ਲੈ ਲਿਆ, "ਜਿਹੜੇ ਸਾਡੇ ਬੱਚੇ ਸਨ ਉਹ ਮਰ ਗਏ ਹਨ...ਉਸ ਨੀਚ ਕੁੜੀ ਦੇ ਕਾਰਨ।"


"ਸਭ ਕੁਝ ਬੀਤ ਚੁੱਕਾ ਹੈ, ਠੀਕ ਹੈ।" ਉਸਨੇ ਪਤਨੀ ਨੂੰ ਹੌਂਸਲਾ ਦਿੱਤਾ।

ਫਿਰ ਖੂਹ ਵਿਚ ਝਾਕਣ ਲੱਗੀ। ਇਕ ਦੂਜੇ ਨੂੰ ਫੜਦਿਆਂ ਪਤੀ ਨੇ ਵੀ ਖੂਹ ਵਿਚ ਦੇਖਿਆ। ਇੰਝ ਹੀ ਦੇਖਦਿਆਂ ਦੇਖਦਿਆਂ ਮਥੱਮਾ ਹੋਰ ਝੁਕ ਗਈ ਤੇ ਉਸਦਾ ਪਤੀ ਵੀ ਉਸਦੇ ਪਿੱਛੇ ਹੋਰ ਝੁਕ ਗਿਆ।ਮਥੱਮਾ ਦਾ ਪੈਰ ਫਿਸਲ ਗਿਆ। ਉਹ ਹਵਾ ਵਿਚ ਉਛਲ ਜਿਹੀ ਗਈ। ਪਤੀ ਨੂੰ ਵੀ ਥੋੜਾ ਝਟਕਾ ਲੱਗਾ ਪਰ ਉਸਨੇ ਮਥੱਮਾ ਨੂੰ ਫੜ ਲਿਆ, ਦੋਹਾਂ ਨੇ ਇਕ ਦੂਜੇ ਨੂੰ ਨਾ ਛੱਡਿਆ। ਤੇ ਦੋਵੇਂ ਹੀ ਲੜਖੜਾ ਗਏ ਉਹ ਅੱਗੇ ਨੂੰ ਹੋ ਗਏ ਤੇ ਲੜਖੜਾ ਗਏ।ਖੂਹ ਵਿਚੋਂ ਬਹੁਤ ਉੱਚੀ ਆਵਾਜ਼ ਆਈ ਜਿਵੇਂ ਵੱਡੇ ਵੱਡੇ ਪੱਥਰ ਖੂਹ ਵਿਚ ਡਿੱਗੇ ਹੋਣ।


ਚਰਚਿਤ ਗਲਪਕਾਰ ਚੰਦਨ ਨੇਗੀ ਦੀਆਂ
ਹੁਣ ਤੱਕ ਸਾਰੀਆਂ ਕਹਾਣੀਆਂ ਦਾ ਸੰਗ੍ਰਹਿ

ਸੁਲਗਦੇ ਰਾਹ

ਪ੍ਰਕਾਸ਼ਕ
ਆਰਸੀ ਪਬਲਿਸ਼ਰਜ਼, ਦਿੱਲੀ
ਮੁੱਲ :425, ਪੰਨੇ :335







## ਤੈਲਗੂ ਕਹਾਣੀ / ਗੁਰੂਦਕਸ਼ਿਣਾ / ਚਿਲਕੁੜੀ ਦੇਵਪੁੱਤਰ

ਸੂਰਜ ਛਿਪ ਚੁੱਕਾ ਸੀ ਪਰ ਅਜੇ ਹਨੇਰਾ ਨਹੀਂ ਹੋਇਆ ਸੀ। ਮੈਂ ਰੇਲ ਗੱਡੀ ਦੀ ਖਿੜਕੀ ਵਿਚ ਪੱਛਮੀ ਪਾਸੇ ਗੂੜਾ ਲਾਲ ਰੰਗ ਅਸਮਾਨ ਵਿਚ ਦੇਖ ਰਿਹਾ ਸੀ। ਗੂੜੇ ਕਾਲੇ ਰੰਗ ਦੇ ਬੱਦਲ ਗੱਡੀ ਦੇ ਨਾਲ ਨਾਲ ਉੱਡ ਰਹੇ ਸਨ। ਤੇ ਥੋੜ੍ਹੀ ਦੂਰ ਹੀ ਕਾਮੇ ਆਪਣੇ ਸਿਰਾਂ ਤੇ ਹਰੀ ਘਾਹ ਦੀਆਂ ਪੰਡਾ ਚੁੱਕੀ ਘਰਾਂ ਵੱਲ ਜਾ ਰਹੇ ਸਨ।

ਉੜੀਸਾ ਦੇ ਰਾਏਗੜ ਸਟੇਸ਼ਨ ਤੋਂ ਗੱਡੀ ਨੂੰ ਚੱਲਿਆਂ ਅੱਧਾ ਘੰਟਾ ਹੋ ਚੁੱਕਾ ਸੀ। ਮੈਂ ਸਾਂਭਲਪੁਰ ਲਗਭਗ 9 ਜਾਂ 10 ਵਜੇ ਪਹੁੰਚ ਜਾਣਾ ਸੀ। ਉੱਥੇ ਮੇਰਾ ਛੋਟਾ ਬੇਟਾ ਗੌਰੀ ਨਾਥ ਸ਼ਾਸਤਰੀ ਬੈਂਕ ਵਿਚ ਅਫ਼ਸਰ ਸੀ। ਮੈਂ ਸਿਰਫ਼ ਉਸਨੂੰ ਮਿਲਣ ਜਾ ਰਿਹਾ ਸੀ। ਕਿਉਂ ਕਿ ਮੈਂ ਸਾਂਭਲਪੁਰ ਵਿਚ ਪਹਿਲੀ ਵਾਰ ਜਾ ਰਿਹਾ ਸੀ। ਏਸ ਲਈ ਮੈਂ ਆਪਣੇ ਬੇਟੇ ਨੂੰ ਪਹਿਲਾਂ ਹੀ ਫ਼ੋਨ ਕਰਕੇ ਕਿਹਾ ਕਿ ਉਹ ਮੈਨੂੰ ਸਟੇਸ਼ਨ ਤੋਂ ਲੈਣ ਆ ਜਾਵੇ। ਮੇਰੇ ਆਲੇ ਦੁਆਲੇ ਬੈਠੇ ਯਾਤਰੀ ਉੜੀਆਂ ਵਿਚ ਗੱਲਾਂ ਕਰ ਰਹੇ ਸਨ।

ਮੈਨੂੰ ਬਹੁਤ ਭੁੱਖ ਲੱਗੀ ਹੋਈ ਸੀ। ਸ਼ਾਇਦ ਮੈਂ ਘਰੋਂ ਖਾਣਾ ਖਾ ਕੇ ਨਹੀਂ ਤੁਰਿਆ ਸੀ ਏਸ ਲਈ। ਅਸਲ ਵਿਚ ਮੈਂ ਕਾਫ਼ੀ ਉਮਰ ਦਾ ਹੋ ਚੁੱਕਾ ਸੀ ਤੇ ਉਪਰੋਂ ਮੈਨੂੰ ਸੂਗਰ ਦੀ ਬੀਮਾਰੀ ਵੀ ਸੀ। ਮੇਰੀ ਵੱਡੀ ਨੂੰਹ ਨੇ ਮੇਰੇ ਲਈ ਕੁਝ 'ਚੱਕੀਲਾਲੂ' (ਇਕ ਕਿਸਮ ਦੇ ਆਲੂ) ਮੈਨੂੰ ਨਾਲ ਲਜਾਣ ਨੂੰ ਦਿੱਤੇ ਸੀ ਅਤੇ ਮੇਰੇ ਵੱਡੇ ਬੇਟੇ, ਚੰਦਰ ਸ਼ੇਖਰ ਸ਼ਾਸਤਰੀ ਨੇ ਮੈਨੂੰ ਛੇ ਸੋ ਰੁਪਏ ਦਿਤੇ ਤਾਂ ਕਿ ਸਫ਼ਰ ਵਿਚ ਮੇਰੇ ਕੋਲ ਪੈਸੇ ਨਾ ਘੱਟਣ। ਜਦੋਂ ਗੱਡੀ ਗਜਾਮੁੰਡਰੀ ਸਟੇਸ਼ਨ ਤੋਂ ਲੰਘੀ ਤਾਂ ਮੇਰੀ ਥੋੜੀ ਦੇਰ ਲਈ ਅੱਖ ਲੱਗ ਗਈ। ਤੇ ਹੋਇਆ ਕੀ ਮੇਰੇ ਕੋਲ ਪਿਆ ਮੇਰਾ ਸੂਟਕੇਸ ਚੋਰੀ ਹੋ ਗਿਆ। ਪੈਸੇ ਤੇ 'ਚੱਕੀਲਾਲੂ' ਜੋ ਸੂਟਕੇਸ ਵਿਚ ਸੀ ਉਹ ਵੀ ਚੋਰੀ ਹੋ ਗਏ। ਜੇ ਮੈਂ ਕੁਝ ਥੋੜਾ ਬਹੁਤਾ ਖਾਣ ਲਈ ਲੈਣਾ ਚਾਹੁੰਦਾ ਤਾਂ ਵੀ ਨਹੀਂ ਖਰੀਦ ਸਕਦਾ ਮੇਰੇ ਕੋਲ ਸਿਰਫ ਪੰਜ ਰੁਪਏ ਹੀ ਸਨ।

ਪਰ ਮੈਨੂੰ ਭੁੱਖ ਬਹੁਤ ਲੱਗੀ ਸੀ। ਇਕ ਪਤੀ ਪਤਨੀ ਦਾ ਜੋੜਾ ਮੇਰੇ ਸਾਹਮਣੇ ਵਾਲੀ ਸੀਟ ਤੇ ਬੈਠਾ ਸੀ ਉਹਨਾਂ ਵੱਲ ਵੇਖ ਕੇ ਬੜਾ ਪਿਆਰ ਆ ਰਿਹਾ ਸੀ। ਉਹਨਾਂ ਨੇ ਵੀ ਰਾਏਗੜ੍ਹ ਤੋਂ ਗੱਡੀ ਫੜੀ ਸੀ। ਆਦਮੀ 35 ਸਾਲਾਂ ਦਾ ਤੇ ਔਰਤ 30 ਸਾਲਾਂ ਦੇ ਲੱਗ ਰਹੇ ਸਨ। ਉਹ ਤੇਲਗੂ ਵਿਚ ਗੱਲ ਕਰ ਰਹੇ ਸਨ। ਸਾਇਦ ਉਹ ਮੇਰੇ ਆਪਣੇ ਪ੍ਰਦੇਸ਼ ਆਂਧਰਾ ਪ੍ਰਦੇਸ਼ ਤੋਂ ਸਨ। ਮੈਨੂੰ ਨਹੀਂ ਪਤਾ ਕਿਉਂ ਪਰ ਉਹ ਮੇਰੇ ਵੱਲ ਵਾਰ ਵਾਰ ਦੇਖ ਰਿਹਾ ਸੀ। ਅਚਾਨਿਕ ਉਹ ਬੋਲਿਆ,

"ਸ਼੍ਰੀ ਮਾਨ ਕੀ ਤੁਸੀਂ ਅਨੰਥਾਪੁਰ ਤੋਂ ਹੋ?"

"ਜੀ ਹਾਂ? ਤੁਸੀਂ ਕਿਥੋਂ ਹੋ?" ਮੈਂ ਉਸਨੂੰ ਪੁੱਛਿਆ।

"ਮੈਂ ਵੀ ਅਨੰਥਾਪੁਰ ਤੋਂ ਹਾਂ ਸ਼੍ਰੀ ਮਾਨ। ਮੇਰਾ ਨਾਮ ਰਾਜ਼ਾ ਰੈੱਡੀ ਹੈ। ਪਤਾ ਨਹੀਂ ਤੁਸੀਂ ਮੈਨੂੰ ਪਹਿਚਾਣਿਆ ਜਾਂ ਨਹੀਂ। ਮੈਂ ਤੁਹਾਡਾ ਵਿਦਿਆਰਥੀ ਸਾਂ। ਜਦੋਂ ਮੈਂ ਸੱਤਵੀਂ ਵਿਚ ਸੀ ਤੁਸੀਂ ਸਾਨੂੰ ਤੇਲਗੂ ਪੜਾਂਦੇ ਸੀ। ਜਦੋਂ ਦਾ ਅਸੀਂ ਰੇਲ ਗੱਡੀ ਵਿਚ ਚੜ੍ਹੇ ਹਾਂ ਮੈਂ ਇਹੀ ਸੋਚੀ ਜਾ ਰਿਹਾ ਕਿ ਤੁਸੀਂ ਉਹ ਹੀ ਹੋ ਜਾਂ ਕੋਈ ਹੋਰ। ਕੀ ਤੁਸੀਂ ਅਜੇ ਵੀ ਅਨੰਥਪੁਰ ਵਿਚ ਹੀ ਰਹਿੰਦੇ ਹੋ ਜਾਂ ਕਿਤੇ ਹੋ? ਉਸਨੇ ਮੁਸਕਰਾਉਂਦਿਆਂ ਪੁੱਛਿਆ।

ਉਸਨੂੰ ਮੈਂ ਦੱਸਿਆ ਕਿ ਸੱਤ ਸਾਲ ਹੋ ਗਏ ਮੈਨੂੰ ਉਥੋਂ ਆਏ ਨੂੰ ਮੈਂ ਆਨੰਦਪੁਰ ਵਿਚ ਹੀ ਰਹਿੰਦਾ ਹਾਂ।

ਰਾਜਾ ਰੈਡੀ ਆਪਣੀ ਪਤਨੀ ਨੂੰ ਮੇਰੇ ਬਾਰੇ ਤੇ ਮੇਰੇ ਪੜਾਉਣ ਦੇ ਢੰਗ ਬਾਰੇ ਦੱਸਣ ਲੱਗਾ ਅਤੇ ਮੈਂ ਯਾਦਾਂ ਦੀਆਂ ਤਹਿਆ ਨੂੰ ਫਰੋਲ ਰਿਹਾ ਸੀ ਤੇ ਰਾਜਾ ਰੈੱਡੀ ਅਤੇ ਉਸਦੇ ਵਿਦਿਆਰਥੀ ਹੋਣ ਦੇ ਦਿਨਾਂ ਦੇ

ਸਮੇਂ ਬਾਰੇ ਸੋਚ ਰਿਹਾ ਸੀ। ਇਹ ਲਗਭਗ 23 ਸਾਲ ਪਹਿਲਾਂ ਦੀ ਗੱਲ ਹੈ। ਕੋਈ ਫਾਇਦਾ ਨਹੀਂ। ਫਿਰ ਵੀ ਕਿੰਨੀ ਅਚੰਭੇ ਵੀ ਗੱਲ ਹੈ ਕਿ ਜਦੋਂ ਮੈਂ ਉੜੀਸਾ ਜਾ ਰਿਹਾ ਸੀ ਤਾਂ ਮੇਰੀ ਮੁਲਾਕਾਤ ਮੇਰੇ ਇਕ ਬਹੁਤ ਪੁਰਾਣੇ ਵਿਦਿਆਰਥੀ ਨਾਲ ਹੋ ਗਈ ਤੇ ਜੋ ਮੈਨੂੰ ਬੜੀ ਇੱਜਤ ਮਾਣ ਦੇ ਰਿਹਾ ਸੀ।

ਕੁਝ ਦੇਰ ਸਫ਼ਰ ਤੈਅ ਕਰਦਿਆਂ ਉਸਨੇ ਮੈਨੂੰ ਦੱਸਿਆ ਕਿ ਉਸਨੂੰ ਐਮ.ਏ. ਕਰਦਿਆਂ ਰੇਲਵੇ ਵਿਭਾਗ ਵਿਚ ਨੌਕਰੀ ਮਿਲ ਗਈ ਸੀ ਅਤੇ ਛੇ ਮਹੀਨੇ ਪਹਿਲਾਂ ਉਸਦੀ ਤਰੱਕੀ ਹੋਈ ਤੇ ਰਾਜਗੜ੍ਹ ਵਿਚ ਬਦਲੀ ਵੀ ਹੋ ਗਈ ਸੀ। ਭਾਵੇਂ ਮੇਰੀ ਭੁੱਖ ਬਰਦਾਸ਼ਤ ਤੋਂ ਬਾਹਰ ਸੀ ਪਰ ਫਿਰ ਵੀ ਮੈਂ ਬਹੁਤ ਦੇਰ ਤੱਕ ਉਸ ਨਾਲ ਗੱਲਾਂ ਕਰਦਾ ਰਿਹਾ।

ਏਸੇ ਦੌਰਾਨ ਰਾਜਾ ਰੈਡੀ ਦੀ ਪਤਨੀ ਨੇ ਕੁਝ ਖਾਣ-ਪੀਣ ਦੇ ਸਮਾਨ ਵਾਲੇ ਲਿਫ਼ਾਫ਼ੇ ਕੱਢੇ 'ਤੇ ਉਹਨਾਂ ਨੂੰ ਖੋਲ੍ਹਣ ਲੱਗੀ। ਮੇਰੀਆਂ ਨਾਸਾਂ ਨੂੰ ਝੱਟ ਪਤਾ ਚੱਲ ਗਿਆ ਕਿ ਲਿਫ਼ਾਫ਼ਿਆਂ ਵਿਚ ਕੀ ਹੈ। ਇਹ 'ਪੁਲੀਹੋੜਾ' (ਇਮਲੀ ਵਾਲੇ ਚੌਲਾ) ਦੀ ਖ਼ੁਸ਼ਬੂ ਸੀ। ਮੇਰੇ ਮੂੰਹ ਵਿਚੋਂ ਲਾਲਾਂ ਵਗਣ ਲੱਗੀਆਂ। ਇਹ ਮੈਨੂੰ ਕੀ ਹੋ ਗਿਆ ਸੀ? ਮੇਰੀ ਸਫ਼ਾਈ, ਉੱਚੀ ਕੁੱਲ, ਤੇ ਛੂਆ-ਛਾਤ ਦੀ ਭਾਵਨਾ ਨੂੰ ਕੀ ਹੋ ਗਿਆ ਸੀ? ਇਹ ਸਭ ਕਿਧਰ ਗਏ? ਕੀ ਇਹ ਭੁੱਖ ਦੇ ਜ਼ੋਰ ਅੱਗੇ ਟਿਕ ਨਾ ਸਕੇ? ਮੈਨੂੰ ਪੂਰਾ ਯਕੀਨ ਸੀ ਕਿ ਰਾਜਾ ਰੈੱਡੀ ਮੇਰਾ ਵਿਦਿਆਰਥੀ ਹੋਣ ਤੇ ਨਾਤੇ ਮੇਰੇ ਨਾਲ ਭੋਜਨ ਵੰਡ ਕੇ ਖਾਵੇਗਾ। ਇਹ ਬਹੁਤ ਚੰਗਾ ਹੋਵੇਗਾ ਤੇ ਉਹ ਮੈਨੂੰ ਭੋਜਨ ਵੰਡਾਉਣ ਦਾ ਸੱਦਾ ਦਵੇ।

"ਸ਼੍ਰੀ ਮਾਨ ਜੇ ਤੁਸੀਂ ਬੁਰਾ ਨਾ ਮਨਾਓ ਤਾਂ ਅਸੀਂ ਭੋਜਨ ਕਰ ਲਈਏ ਤੁਹਾਡੇ ਲਈ ਹੁਣੇ ਖਾਣਾ ਤਾਂ ਬਹੁਤ ਜਲਦੀ ਹੋਵੇਗਾ।" ਰਾਜਾ ਰੈੱਡੀ ਨੇ ਕਿਹਾ।

ਉਹ ਇਸ ਤਰ੍ਹਾਂ ਕਿਓਂ ਸੋਚ ਰਿਹਾ ਸੀ। ਮੈਨੂੰ ਲੱਗਾ ਉਹ ਬੜੀ ਚਲਾਕੀ ਨਾਲ ਮੇਰੇ ਨਾਲ ਖਾਣਾ ਵੰਡਾਉਣ ਤੋਂ ਕਤਰਾ ਗਿਆ ਹੈ।

"ਹਾਂ ਹਾਂ ਮੇਰੇ ਲਈ ਤਾਂ ਇਹ ਬਹੁਤ ਜਲਦੀ ਹੋਵੇਗਾ, ਪਰ ਤੁਸੀਂ ਏਨੀ ਛੇਤੀ ਕਿਉਂ ਖਾ ਰਹੇ ਹੋ? " ਮੈਂ ਪੁੱਛਿਆ।

"ਕੁਝ ਨਹੀਂ ਬਸ ਅਸੀਂ ਅੱਧੇ ਕੁ ਘੰਟੇ ਤੱਕ ਗੱਡੀ ਤੋਂ ਉੱਤਰ ਜਾਣਾ ਹੈ। ਫਿਰ ਉਥੇ ਸਾਨੂੰ ਕੁਝ ਕੰਮ ਹੈ। ਮੈਂ ਆਪਣੇ ਇਕ ਦੋਸਤ ਦੇ ਘਰ ਜਾਣਾ ਹੈ। ਆਪਣੇ ਦੋਸਤ ਦੇ ਘਰ ਖਾਣ ਦੀ ਬਜਾਇ ਅਸੀਂ ਛੇਤੀ ਖਾ ਰਹੇ ਹਾਂ।" ਰਾਜਾ ਰੈਡੀ ਇਹ ਕਹਿੰਦਿਆਂ ਫੇਰ ਖਾਣਾ ਖਾਣ ਲੱਗਾ।

ਮੇਰੇ ਮੂੰਹ ਦਾ ਪਾਣੀ ਰੁਕ ਨਹੀਂ ਰਿਹਾ ਸੀ। ਮੈਂ ਗੱਡੀ ਦੀ ਖਿੜਕੀ ਤੋਂ ਬਾਹਰ ਦੇਖਣ ਲੱਗਾ ਕਿ ਕਿੰਝ ਸਭ ਪਾਸੇ ਹਨੇਰਾ ਫੈਲ ਰਿਹਾ ਸੀ। ਪੁਲੀਹੋੜਾ' ਦੀ ਖੁਸ਼ਬੋ ਨੇ ਮੇਰੀ ਭੁੱਖ ਹੋਰ ਵਧਾ ਦਿੱਤੀ।

"ਕਿੰਝ ਲੱਗੇਗਾ ਕਿ ਜੇ ਮੈਂ ਉਸ ਤੋਂ ਥੋੜਾ ਖਾਣਾ ਮੰਗਾਂ? ਛੀ ਛੀ ਨਹੀਂ ਨਹੀਂ... ਮੈਂ ਕਿੰਨਾ ਘਟੀਆਂ ਸੋਚ ਰਿਹਾ ਹਾਂ। ਜਾਂ ਮੈਂ ਉਸ ਕੋਲੋਂ ਪੰਜਾਹ ਰੁਪਏ ਮੰਗ ਲਵਾਂ? ਤਾਂ ਜੋ ਅਗਲੇ ਸਟੇਸ਼ਨ ਤਾਂ ਮੈਂ ਕੁਝ ਖਾ ਲਵਾਂ। ਅਤੇ ਉਧਾਰ ਲਏ ਪੈਸੇ ਮੈਂ ਉਸਨੂੰ ਮਨੀ ਆਰਡਰ ਰਾਹੀਂ ਸੰਭਲਪੁਰ ਭੇਜ ਦਿਆਂਗਾ। ਨਹੀਂ ਮੈਂ ਨਹੀਂ ਮੰਗ ਸਕਦਾ। ਇੰਝ ਬੇਇੱਜ਼ਤੀ ਕਰਾਉਣ ਦਾ ਕੀ ਫ਼ਾਇਦਾ? ਮੈਂ ਆਪਣੀ ਮੁਸੀਬਤ ਦਾ ਹਰ ਸੰਭਵ ਹੱਲ ਲੱਭ ਰਿਹਾ ਸੀ।

ਗੱਡੀ ਰੁਕੀ ਤੇ ਮੈਂ ਇਹ ਜਾਨਣ ਲਈ ਬਿਲਕੁਲ ਵੀ ਉਤਸੁਕ ਨਹੀਂ ਸੀ ਕਿ ਉਹ ਕਿਹੜਾ ਸਟੇਸ਼ਨ ਹੈ। ਰਾਜਾ ਰੈਡੀ ਤੇ ਉਸਦੀ ਪਤਨੀ ਨੇ ਮੈਨੂੰ ਅਲਵਿਦਾ ਕਿਹਾ। ਗੱਡੀ ਫਿਰ ਚੱਲਣ ਲੱਗੀ। ਮੇਰੇ ਪਿੱਛੇ ਬੈਠੀਆਂ ਸਵਾਰੀਆਂ ਇਕ ਫ਼ਲ ਵੇਚਣ ਵਾਲੇ ਨਾਲ ਭਾਅ ਤਹਿ ਕਰ ਰਹੀਆਂ ਸਨ। ਤੇ ਉਸ ਹੋਕਾ ਦੇਣ ਵਾਲੇ ਦੀ ਆਵਾਜ਼ ਸਾਫ਼ ਸਾਫ਼ ਸੁਣੀ ਜਾ ਸਕਦੀ ਸੀ। ਇਹ ਹੋਕੇ ਵਾਲੇ ਫ਼ਲਾਂ ਨੂੰ ਅਸਲੀ ਮੁੱਲ ਤੋਂ ਦੁਗਣੇ 'ਤੇ ਵੇਚਦੇ



ਸਨ ਏਸ ਲਈ ਮੈਨੂੰ ਇਹਨਾਂ ਤੇ ਚਿੜ੍ਹ ਚੜ੍ਹਦੀ ਪਰ ਫਿਰ ਵੀ ਜਦੋਂ ਹੋਰ ਪੇਸ਼ ਨਾ ਚੱਲੇ ਤਾਂ ਲੋਕਾਂ ਨੂੰ ਇਹਨਾਂ ਤੋਂ ਖਰੀਦ ਕੇ ਕੁਝ ਨਾ ਕੁਝ ਖਾਣਾ ਹੀ ਪੈਂਦਾ ਹੈ। ਉਹ ਹੋਕੇ ਵਾਲਾ ਕਿਸੇ ਨਾਲ ਸ਼ੁੱਧ ਹਿੰਦੀ ਵਿਚ ਗੱਲ ਕਰ ਰਿਹਾ ਸੀ। ਮੈਨੂੰ ਤਾਂ ਹਿੰਦੀ ਬਹੁਤ ਘੱਟ ਆਉਂਦੀ ਹੈ ਮੈਂ ਉਸ ਨਾਲ ਫ਼ਲਾਂ ਦਾ ਭਾਅ ਕਿਵੇਂ ਕਰਾਂਗਾ।

ਮੇਰੇ ਨਾਲ ਬੈਠੀ ਸਵਾਰੀ ਨੂੰ ਬੁਲਾਇਆ। ਉਹ ਆ ਗਿਆ। ਉਹ ਪਤਲਾ ਤੇ ਸਾਂਵਲਾ ਸੀ। ਉਸਦੀ ਦਾੜ੍ਹੀ ਖਿਲਰੀ ਜਿਹੀ ਤੇ ਅੱਖਾਂ ਤੇਜ਼ ਸਨ।

ਮੈਂ ਉਸ ਵੱਲ ਬੜੇ ਧਿਆਨ ਨਾਲ ਦੇਖਣ ਲੱਗਾਂ ਤਾਂ ਉਹ ਸੋਹਣੇ ਜਿਹੇ ਦੰਦ ਦਿਖਾਉਂਦਿਆਂ ਬੋਲਿਆ। ਉਹ ਅਮਰੂਦ ਵੇਚ ਰਿਹਾ ਸੀ। ਮੈਂ ਕਿਸਮਤ ਵਾਲਾ ਸੀ ਕਿ ਘੱਟ ਤੋਂ ਘੱਟ ਇਕ ਸ਼ੂਗਰ ਦੇ ਮਰੀਜ਼ ਕੋਲ ਅਮਰੂਦ ਖਰੀਦਣ ਲਈ ਪੈਸੇ ਤਾਂ ਹਨ। ਮੈਂ ਬਸ ਉਸੇ ਵੱਲ ਦੇਖ ਰਿਹਾ ਸੀ ਤੇ ਸੋਚ ਰਿਹਾ ਸੀ ਕਿ ਜਿੰਨੇ ਮੁੱਲ ਦੇ ਅਮਰੂਦ ਬਾਕੀ ਸਵਾਰੀਆਂ ਨੇ ਖਰੀਦੇ ਹਨ ਕੀ ਮੈਨੂੰ ਵੀ ਉਸੇ ਕੀਮਤ ਤੇ ਮਿਲ ਜਾਣਗੇ? ਇਸੇ ਦੌਰਾਨ ਜਦੋਂ ਅਗਲੀ ਸਵਾਰੀ ਨੇ ਉਸਨੂੰ ਬੁਲਾਇਆ ਤਾਂ ਹੋਕੇ ਵਾਲਾ ਦੇਖ ਕੇ ਮੁਸਕਰਾਇਆ।

ਉਹ ਮੇਰੇ ਵੱਲ ਵੇਖ ਕੇ ਕਿਉਂ ਮੁਸਕ੍ਰਾਇਆ ? ਕੀ ਉਹ ਮੇਰੇ ਹੱਥ ਵਿਚ ਫੜੇ ਪੰਜ ਰੁਪਏ ਦਾ ਨੋਟ ਦੇਖ ਕੇ ਹੱਸਿਆ? ਜਾਂ ਇਹ ਦੇਖ ਕੇ ਕਿ ਮੈਂ ਫ਼ਲ ਖਰੀਦਣ ਤੋਂ ਝਿਜਕ ਰਿਹਾ ਸੀ? ਜਾਂ ਉਹ ਮੈਨੂੰ ਪਹਿਲਾਂ ਤੋਂ ਜਾਣਦਾ ਸੀ? ਮੈਂ ਉਸਨੂੰ ਫਿਰ ਦੇਖ ਤਾਂ ਨਹੀਂ ਸਕਿਆ ਪਰ ਉਸਦੀ ਆਵਾਜ਼ ਮੈਨੂੰ ਸੁਣਦੀ ਸੀ। ਬੜੀ ਹੈਰਾਨੀ ਦੀ ਗੱਲ ਸੀ ਕਿ ਹੁਣ ਉਹ ਤੇਲਗੂ ਬੋਲ ਰਿਹਾ ਸੀ। ਉਹ ਕਹਿ ਰਿਹਾ ਸੀ, "ਇਹ ਕੀ ਸ਼੍ਰੀ ਮਾਨ ਤੁਸੀਂ ਫ਼ਲ ਦੀ ਕੀਮਤ ਤੇ ਐਨੀ ਬਹਿਸ ਕਿਓ ਕਰ ਰਹੇ ਹੋ। ਇਹ ਕੋਈ ਆਮ ਫ਼ਲ ਨਹੀਂ ਹੈ!" ਉਸਦੀ ਬੋਲੀ ਤੋਂ ਪਤਾ ਲੱਗਦਾ ਸੀ ਤੇ ਉਹ ਇਕ ਤੇਲਗੂ ਆਦਮੀ ਹੈ ਨਹੀਂ ਤਾਂ ਏਨੀ ਵਧੀਆ ਤੇਲਗੂ ਉਹ ਕਿਵੇਂ ਬੋਲ ਸਕਦਾ ਹੈ? ਥੋੜੇ ਸਮੇਂ ਬਾਅਦ ਮੈਂ ਸੁਣਿਆ ਕਿ ਉਹ ਬੰਗਾਲੀ, ਅਸਾਮੀ ਤੇ ਤਮਿਲ ਵੀ ਬੋਲ ਰਿਹਾ ਸੀ।

ਉਸੇ ਵੇਲੇ ਮੇਰੇ ਸਾਹਮਣੇ ਅਚਾਨਿਕ ਸਲੇਟੀ ਜਿਹੇ ਕੱਪੜਿਆਂ ਵਿਚ ਇਕ ਆਦਮੀ ਆਇਆ। ਉਸਨੇ ਹੱਥ ਵਿਚ ਇਕ ਛੋਟੀ ਜਿਹੀ ਕਾਪੀ ਲਿਖਣ ਲਈ ਫੜੀ ਹੋਈ ਸੀ। ਉਹ ਹਰੇਕ ਨੂੰ ਹਿੰਦੀ ਵਿਚ ਪੁੱਛ ਰਿਹਾ ਸੀ, "ਕੀ ਤੁਸੀਂ ਕੁਝ ਖਾਣ ਲਈ ਆਰਡਰ ਦੇਣਾ ਚਾਹੁੰਦੇ ਹੋ? " ਮੇਰੇ ਕੋਲ ਬੈਠੀ ਸਵਾਰੀ ਨੇ ਪੁੱਛਿਆ, "ਅਗਲੇ ਹੀ ਸਟੇਸ਼ਨ ਤੇ ਖਾਣਾ ਮਿਲ ਜਾਏਗਾ। ਤੁਸੀਂ ਕੁਝ ਮੰਗਵਾਉਣਾ ਚਾਹੁੰਦੇ ਹੋ ? "

ਮੈਂ 'ਨਾਂਹ' ਵਿਚ ਸਿਰ ਹਿਲਾਉਂਦਿਆਂ, ਦੂਜੇ ਪਾਸੇ ਮੂੰਹ ਕਰ ਲਿਆ। ਮੈਨੂੰ ਬਹੁਤ ਜਿਆਦਾ ਭੁੱਖ ਲੱਗੀ ਸੀ। ਮੈਂ ਚਾਹੁੰਦਾ ਸੀ ਕਿ ਉਹ ਫ਼ਲ ਵੇਚਣ ਵਾਲਾ ਫੇਰ ਆ ਜਾਵੇ। ਮੈਨੂੰ ਨਹੀਂ ਲੱਗਦਾ ਹੁਣ ਉਹ ਵਾਪਸ ਆਵੇਗਾ। ਹੋ ਸਕਦਾ ਹੈ ਉਹ ਦੂਰ ਚਲਾ ਜਾਵੇ। ਫਿਰ ਕੀ ਹੋਵੇਗਾ ਜੇ ਉੱਤਰ ਹੀ ਜਾਵੇ ਇਹ ਸੋਚ ਕੇ ਕਿ ਮੈਂ ਆਵਾਜ਼ ਲਗਾਈ, " ਉਏ ਅਮਰੂਦ ਵਾਲੇ ਏਧਰ ਆ ਜਰਾ।"

"ਓ ਹਾਂਜੀ ਆਇਆ ਸ਼੍ਰੀਮਾਨ ਥੋੜਾ ਇੰਤਜ਼ਾਰ ਕਰੋ। ਜਰਾ ਰੁਕੋ। ਮੈਂ ਇੱਥੇ ਅਮਰੂਦ ਵੇਚ ਕੇ ਆਇਆ।" ਉਸਨੂੰ ਇਹ ਕਹਿੰਦਿਆਂ ਮੈਂ ਸੁਣਿਆ ਚਾਹੇ ਮੈਂ ਉਸਨੂੰ ਉਪਰੋਂ ਉਪਰੋਂ ਸੁਣਿਆ ਸੀ ਪਰ ਉਸਦੀ ਬੋਲੀ ਵਿਚ ਅਨੰਥਪੁਰ ਦੀ ਚਾਸ਼ਣੀ ਸੀ। ਜਿਵੇਂ ਵੀ ਸੀ ਉਹ ਇਕ ਦਿਲ ਖਿਚਵਾ ਆਦਮੀ ਸੀ। ਉਹ ਕੇਵਲ ਅਲੱਗ ਅਲੱਗ ਭਾਸ਼ਾਵਾਂ ਹੀ ਨਹੀਂ ਬੋਲ ਰਿਹਾ ਸੀ ਸਗੋਂ ਤੈਲਗੂ ਵੀ ਵੱਖ ਵੱਖ ਯਾਤਰੀਆਂ ਨਾਲ ਉਹਨ੍ਹਾਂ ਦੇ ਅੰਦਾਜ਼ ਵਿਚ ਬੋਲ ਰਿਹਾ ਸੀ। ਕੀ ਉਹ ਪੜ੍ਹਿਆ-ਲਿਖਿਆ ਹੋਵੇਗਾ? ਕਿੰਨੀ ਹੈਰਾਨੀ ਦੀ ਗੱਲ ਹੈ ਕਿ ਉਹ ਇੰਨੀਆਂ ਭਾਸ਼ਾਵਾਂ ਬੋਲ ਸਕਦਾ ਸੀ। ਏਨੀਆਂ ਭਾਸ਼ਾਵਾਂ ਬੋਲਣਾ ਕੋਈ ਸੌਖਾ ਕੰਮ ਨਹੀਂ ਸੀ।

"ਹਾਂ ਸ਼੍ਰੀ ਮਾਨ, ਹੁਣ ਦੱਸੋ ਕਿੰਨੇ ਅਮਰੂਦ ਦਵਾਂ ਤੁਸੀਂ ਆਪ ਚੁਣੋਗੇ ਜਾਂ ਮੈਂ ਚੁਣ ਕੇ ਦਵਾ ਤੁਹਾਨੂੰ? " ਉਸਨੇ ਮੁਸਕਰਾਉਂਦਿਆਂ ਪੁੱਛਿਆ।

"ਉਹ ਤਾਂ ਠੀਕ ਹੈ ਪਰ ਮੈਨੂੰ ਇਕ ਗੱਲ ਦੱਸ ਕਿ ਤੂੰ ਏਨੀਆਂ ਭਾਸ਼ਾਵਾਂ ਕਿਵੇਂ ਬੋਲ ਲੈਂਦਾ ਏ? ਏਨੇ

ਘੱਟ ਸਮੇਂ ਵਿਚ ਮੈਂ ਬਹੁਤ ਭਾਸ਼ਾਵਾਂ ਤੇਰੇ ਮੂੰਹੋਂ ਸੁਣੀਆਂ। ਮੈਂ ਤੇਰੀ ਇਸ ਕਾਬਲੀਅਤ ਤੇ ਹੈਰਾਨ ਹਾਂ।" ਮੈਂ ਉਸਨੂੰ ਕਿਹਾ।

"ਸ਼੍ਰੀ ਮਾਨ ਮੇਰੀ ਰੋਟੀ-ਰੋਜ਼ੀ ਨੇ ਮੈਨੂੰ ਇਹ ਸਭ ਕੁਝ ਸਿਖਾ ਦਿੱਤਾ ਜੋ ਕਿ ਇਹ ਇਕ ਅਧਿਆਪਕ ਵਾਂਗ ਹੈ। ਉਸਨੇ ਫ਼ਲ ਉਠਾਉਂਦਿਆਂ ਕਿਹਾ।

"ਤੁਸੀਂ ਬਹੁਤ ਸਾਰੀਆਂ ਭਾਸ਼ਾਵਾਂ ਬੋਲ ਲੈਂਦੇ ਹੋ ਪਰ ਤੁਹਾਡੀ ਆਪਣੀ ਭਾਸ਼ਾ ਕਿਹੜੀ ਹੈ। " ਉਸ ਤੋਂ ਪ੍ਰਭਾਵਿਤ ਹੁੰਦਿਆਂ ਮੈਂ ਨੂੰ ਪੁੱਛਿਆ।

"ਜਿਆਦਾ ਹੈਰਾਨੀ ਦੀ ਗੱਲ ਇਹ ਹੈ ਕਿ ਤੁਸੀਂ ਮੇਰੀ ਬੋਲੀ ਵਿਚ ਬੋਲਿਆ ਜੋ ਕਿ ਬਹੁਤ ਆਨੰਦਮਈ ਗੱਲ ਹੈ।"

"ਤੁਸੀਂ ਸਿਰਫ ਏਸ ਗੱਲ ਤੇ ਹੈਰਾਨ ਕਿਉਂ ਹੋ ਰਹੇ ਹੋ? " ਉਸਨੇ ਮੇਰੀਆਂ ਅੱਖਾਂ ਵਿਚ ਦੇਖਦਿਆਂ ਕਿਹਾ।

ਮੈਨੂੰ ਲੱਗਾ ਕਿ ਉਹ ਆਪਣੀ ਗੱਲ ਸਾਬਤ ਕਰਨ ਵਿਚ ਮਾਹਰ ਹੈ। ਉਸਨੇ ਟੋਕਰੀ ਵਿਚੋਂ ਕੁਝ ਅਮਰੂਦ ਚੁਣੇ ਅਤੇ ਮੈਨੂੰ ਦੇਣ ਦੀ ਬਜਾਇ ਆਪਣੇ ਹੱਥਾਂ ਵਿਚ ਹੀ ਫੜੀ ਰੱਖੇ।

ਮੇਰੇ ਵੱਲ ਦੇਖਦਿਆਂ ਉਸਨੇ ਕਿਹਾ, "ਤੁਸੀਂ ਆਨੰਥਪੁਰ ਤੋਂ ਹੋ ਸ਼੍ਰੀ ਮਾਨ?

"ਜੀ ਹਾਂ।" ਮੈਂ ਥੋੜਾ ਹੈਰਾਨ ਹੋ ਕੇ ਕਿਹਾ।

"ਤੁਸੀਂ ਇਕ ਅਧਿਆਪਕ ਦੇ ਤੌਰ ਤੇ ਕੰਮ ਕਰਦੇ ਸੀ ਤੇ ਹੁਣ ਸੇਵਾ ਮੁਕਤ ਹੋ ਚੁੱਕੇ ਹੋ? " ਉਸਨੇ ਅੱਗਿਓ ਕਿਹਾ।

"ਹਾਂ!!' ਮੈਂ ਹੈਰਾਨ ਹੁੰਦਿਆਂ ਸਿਰ ਹਿਲਾਇਆ।

"ਤੁਸੀਂ ਆਪਣੇ ਛੋਟੇ ਬੇਟੇ ਕੋਲ ਜਾ ਰਹੇ ਹੋ। ਤੁਹਾਡੇ ਛੋਟੇ ਬੇਟੇ ਦਾ ਨਾਂ ਗੌਰੀ ਨਾਥ ਸ਼ਾਸਤਰੀ ਹੈ। ਕਿਸੇ ਨੇ ਤੁਹਾਡੇ ਪੈਸੇ ਚੋਰੀ ਕਰ ਲਏ ਨੇ! ਅਤੇ ਤੁਹਾਨੂੰ ਬਹੁਤ ਭੁੱਖ ਲੱਗੀ ਹੈ।" ਜਦੋਂ ਉਹ ਸਭ ਕਹਿ ਰਿਹਾ ਸੀ ਤਾਂ ਮੈਨੂੰ ਲੱਗਾ ਇਸ ਲੜਕਾ ਅੰਤਰਜਾਮੀ ਹੈ, ਜਿਹਨੂੰ ਟੈਲੀਪੈਥੀ ਆਉਂਦੀ ਹੈ।

ਨਹੀਂ ਤਾਂ ਇਹਨੂੰ ਸਭ ਕਿਵੇਂ ਪਤਾ ਲੱਗਾ? ਮੈਂ ਉਸਤੋਂ ਇਹੀ ਪੁੱਛਿਆ ਜੋ ਮੇਰੇ ਦਿਮਾਗ਼ ਵਿਚ ਆਇਆ।

"ਮੈਨੂੰ ਇਹ ਸਭ ਟੈਲੀਪੈਥੀ ਵਗੈਰਾ ਦਾ ਕੁਝ ਨਹੀਂ ਪਤਾ ਮੈਂ ਤਾਂ ਇਹ ਸਭ ਤੁਹਾਨੂੰ ਹੈਰਾਨ ਕਰਨ ਲਈ ਕਹਿ ਰਿਹਾ ਹਾਂ। ਇਕ ਆਦਮੀ ਅਪਾਲਸੁਵਾਮੀ ਨਾਂ ਦਾ ਤੁਹਾਡੇ ਨਾਲ ਸਫ਼ਰ ਕਰ ਰਿਹਾ ਸੀ ਸ਼੍ਰੀ ਮਾਨ। ਜਦੋਂ ਉਹ ਗੱਡੀ ਤੋਂ ਉਤਰਿਆ ਤਾਂ ਉਸਨੇ ਤੁਹਾਡੇ ਵੱਲ ਇਸ਼ਾਰਾ ਕਰਦਿਆਂ ਕਿਹਾ," ਉਹ ਆਦਮੀ ਤੁਹਾਡੇ ਪਿੰਡ ਦਾ ਹੈ ਘੱਟ ਤੋਂ ਘੱਟ ਫ਼ਲ ਜ਼ਰੂਰ ਦਵੀਂ। ਅਤੇ ਜਦੋਂ ਮੈਂ ਤੁਹਾਨੂੰ ਦੇਖਿਆ ਤਾਂ ਹੈਰਾਨ ਹੋਇਆ ਕਿ ਇਹ ਤੁਸੀਂ ਹੋ।" ਫ਼ਲ ਵਾਲੇ ਨੇ ਕਿਹਾ।

ਮੈਂ ਹੈਰਾਨ ਹੋ ਕੇ ਕਿਹਾ, "ਕੀ! ਤੂੰ ਆਨੰਥਪੁਰ ਦਾ ਹੈਂ? "

"ਮੈਂ ਆਨੰਥਪੁਰ ਦਾ ਨਹੀਂ ਹਾਂ ਮੈਂ ਉਸ ਸ਼ਹਿਰ ਦੇ ਇਕ ਪਿੰਡ ਕਾਲੂਵਾਪਾਲੀ ਤੋਂ ਹਾਂ।"

"ਕੀ... ਕੀ ਤੂੰ ਕਾਲੂਵਾਪਾਲੀ ਤੋਂ ਏਂ? ਮੈਂ ਤਾਂ ਉੱਥੇ ਅਧਿਆਪਕ ਵਜੋਂ ਕੰਮ ਕਰਦਾ ਸੀ।" ਮੈਂ ਬਹੁਤ ਹੈਰਾਨ ਹੁੰਦਿਆਂ ਕਿਹਾ।

"ਮੈਨੂੰ ਪਤਾ ਹੈ ਸ਼੍ਰੀ ਮਾਨ। ਤੁਸੀਂ ਮੇਰੇ ਵੀ ਅਧਿਆਪਕ ਰਹੇ ਹੋ।"

"ਤੇਰਾ ਨਾਂ ਕੀ ਹੈ? " ਮੈਂ ਕਿਹਾ ਤੇ ਮੈਂ ਸੋਚਣ ਲੱਗਾ ਸ਼ਾਇਦ ਮੈਨੂੰ ਵੀ ਉਸ ਬਾਰੇ ਕੁਝ ਯਾਦ ਆ ਜਾਵੇ।

"ਮੇਰਾ ਨਾਂ ਨਾਲੱਪਾ ਹੈ ਸ਼੍ਰੀ ਮਾਨ, ਮੈਂ ਤੁਹਾਨੂੰ ਆਪਣੇ ਬਾਰੇ ਵਿਚ ਹੋਰ ਵੀ ਦੱਸਾਗਾ। ਪਹਿਲਾਂ ਇਹ ਫ਼ਲ ਲਓ। ਤੁਹਾਡੇ ਕੋਲ ਮੈਨੂੰ ਦੇਣ ਲਈ ਪੈਸੇ ਨਹੀਂ ਹੋਣਗੇ।" ਮੈਨੂੰ ਤਿੰਨ ਵੱਡੇ ਅਮਰੂਦ ਦਿੰਦਿਆਂ ਉਸਨੇ ਕਿਹਾ।



ਲਾਲੱਪਾ ਨੇ ਮੇਰੇ ਜ਼ੋਰ ਦੇਣ ਤੇ ਵੀ ਉਹ ਪੰਜ ਰੁਪਏ ਦਾ ਨੋਟ ਨਹੀਂ ਲਿਆ ਜੋ ਮੇਰੇ ਕੋਲ ਸੀ।

ਬਾਕੀ ਯਾਤਰੀ ਹੈਰਾਨ ਸਨ ਕਿਉਂਕਿ ਉਹਨਾਂ ਨੂੰ ਸਾਡੀ ਗੱਲਬਾਤ ਸਮਝ ਨਹੀਂ ਲੱਗ ਰਹੀ ਸੀ। ਮੇਰੇ ਕੋਲ ਬੈਠੀ ਇਕ ਸਵਾਰੀ ਨੇ ਹਿੰਦੀ ਵਿਚ ਨਾਲੱਪਾ ਤੋਂ ਪੁੱਛਿਆ ਕਿ ਕੀ ਗੱਲ ਹੋ ਰਹੀ ਹੈ। ਨਾਲੱਪਾ ਨੇ ਉਸਨੂੰ ਸਾਰੀ ਗੱਲ ਸਮਝਾਈ।

ਫਿਰ ਉਸਨੇ ਉਸਨੂੰ ਇਹ ਵੀ ਦੱਸਿਆ ਕਿ ਉਸਨੇ ਉਹ ਅਮਰੂਦ ਗੁਰੂਦਖਸ਼ਣਾ ਵਜੋਂ ਮੈਨੂੰ ਦਿੱਤੇ ਨੇ। ਆਦਮੀ ਇਹ ਦੇਖ ਕੇ ਖ਼ੁਸ਼ ਹੋਇਆ ਤੇ ਉਸਨੇ ਕਿਹਾ, "ਅੱਛਾ ਅੱਛਾ ਤੇ ਇਹ ਗੱਲ ਹੈ।"

ਜਿਵੇਂ ਕਿ ਮੈਨੂੰ ਉਸਦੇ ਬਚਪਨ ਬਾਰੇ ਨਹੀਂ ਪਤਾ ਸੀ ਤਾਂ ਮੈਂ ਉਸ ਬਾਰੇ ਨਾਲੱਪਾ ਤੋਂ ਹੀ ਪੁੱਛਿਆ।

"ਸ਼੍ਰੀ ਮਾਨ ਮੈਂ ਵੇਲਡੀ ਮਾਲੱਪਾ ਦਾ ਬੇਟਾ ਹਾਂ। ਜੋ ਇਕ ਇਕ ਨੀਵੀਂ ਜਾਤ ਦੇ 'ਮਾਂਡਿਗਾ' ਸੀ ਤੇ ਤੁਸੀਂ ਇਕ ਕੱਟੜ ਬ੍ਰਾਹਮਣ ਜੋ ਕਿ ਬਹੁਤ ਰਸਮਾਂ ਤੇ ਰੀਤੀ ਰਿਵਾਜ਼ਾਂ ਵਿਚ ਯਕੀਨ ਰੱਖਣ ਵਾਲੇ ਸੀ। ਉਸ ਵੇਲੇ ਤੁਸੀਂ ਬਹੁਤ ਗੁੱਸੇਖੋਰ ਸੀ। ਛੋਟੀ ਛੋਟੀ ਗਲਤੀ ਤੇ ਤੁਸੀਂ ਸਾਨੂੰ ਇਮਲੀ ਦੀ ਇਕ ਛੜੀ ਨਾਲ ਬਹੁਤ ਕੁੱਟਦੇ ਸੀ। ਉਦੋਂ ਉਪਰੋਂ ਗਰਮੀਆਂ ਦੀ ਰੁੱਤ ਸੀ। ਸਕੂਲ ਵਿਚ ਇਕ ਨਵਾਂ ਪਾਣੀ ਦਾ ਘੜਾ ਲਿਆਂਦਾ ਗਿਆ। ਜਦੋਂ ਵੀ 'ਮੱਲ' ਤੇ 'ਮਾਂਡਿਗਾ' ਜਾਤ ਦੇ ਬੱਚਿਆਂ ਨੂੰ ਪਿਆਸ ਲੱਗਦੀ ਤਾਂ ਇਕ ਗਲਾਸ ਦੀ ਮਦਦ ਨਾਲ ਬੁੱਕ ਨਾਲ ਉਹਨਾਂ ਨੂੰ ਪਾਣੀ ਪਿਆਇਆ ਜਾਂਦਾ। ਇਕ ਵਾਰ ਮੈਨੂੰ ਬਹੁਤ ਪਿਆਸ ਲੱਗੀ ਸੀ, ਮੇਰੀ ਜੀਭ ਪਿਆਸ ਨਾਲ ਸੁੱਕ ਰਹੀ ਸੀ ਜਦੋਂ ਮੈਂ ਉੱਚ ਜਾਤੀ ਦੇ ਮੁੰਡਿਆ ਨੂੰ ਕਿਹਾ ਕਿ ਉਹ ਗਲਾਸ ਨਾਲ ਮੈਨੂੰ ਮੇਰੇ ਬੁੱਕ ਵਿਚ ਪਾਣੀ ਪਾ ਦੇਵੇ ਤਾਂ ਕਿ ਮੈਂ ਪੀ ਸਕਾਂ। ਉਹਨਾਂ ਨੇ ਮੇਰੀ ਇਕ ਨਾ ਮੰਨੀ। ਫਿਰ ਮੈਂ ਕੀ ਕਰਦਾ? ਮੈਂ ਘੜੇ ਕੋਲ ਗਿਆ ਤੇ ਗਲਾਸ ਨਾਲ ਛੇਤੀ ਛੇਤੀ ਪਾਣੀ ਪੀ ਲਿਆ। ਫਿਰ ਜਾ ਕੇ ਮੇਰੇ ਸਾਹ 'ਚ ਸਾਹ ਪਿਆ। ਪਰ ਉਸ ਵੇਲੇ ਤੁਸੀਂ ਮੈਨੂੰ ਘੜੇ ਵਿਚ ਆਪਣੇ ਹੱਥਾਂ ਨਾਲ ਪਾਣੀ ਪੀਂਦਿਆਂ ਦੇਖ ਲਿਆ। ਫਿਰ ਕੀ ਹੋਣਾ ਸੀ? ਤੁਸੀਂ ਮੈਨੂੰ ਉਸੇ ਇਮਲੀ ਦੀ ਸੋਟੀ ਨਾਲ ਉਦੋਂ ਤੱਕ ਕੁੱਟਿਆ ਜਦ ਤੱਕ ਮੈਂ ਬੇਹੋਸ਼ ਨਾ ਹੋ ਗਿਆ। ਬਾਕੀ ਅਧਿਆਪਕਾਂ ਨੇ ਵੀ ਵਾਰੀ ਵਾਰੀ ਮੈਨੂੰ ਕੁੱਟਿਆ। ਉਹਨਾਂ ਨੇ ਕੁੱਟਣਾ ਉਦੋਂ ਬੰਦ ਕੀਤਾ ਤਾਂ ਜੋ ਮੈਂ ਉਥੇ ਮਰ ਹੀ ਨਾ ਜਾਵਾਂ।

"ਇਹ ਸਭ ਕਾਰਨ ਮੈਂ ਉਸ ਤੋਂ ਬਾਅਦ ਸਕੂਲ ਵਿਚ ਕਦਮ ਰੱਖਦਿਆਂ ਡਰਨ ਲੱਗਾ। ਫਿਰ ਮੈਂ ਹੌਲੀ ਹੌਲੀ ਸਕੂਲ ਜਾਣਾ ਛੱਡ ਦਿੱਤਾ। ਬਾਅਦ ਵਿਚ ਮੇਰੇ ਪਿਤਾ ਜੀ ਮੈਨੂੰ ਮੇਰੇ ਮਾਮੇ ਕੋਲ ਛੱਡ ਗਏ ਤੇ ਉਹਨਾਂ ਨੂੰ ਕਿਹਾ ਕਿ ਮੈਨੂੰ ਕੋਈ ਕੰਮ ਸਿਖਾ ਦੇਣ। ਆਖਰਕਾਰ ਮੈਂ ਇਹ ਕੰਮ ਸਿਖ ਗਿਆ।"

ਨਾਲੱਪਾ ਅੱਗੇ ਦੱਸਦਾ ਹੀ ਰਿਹਾ। ਮੈਨੂੰ ਸਮਝ ਨਹੀਂ ਆ ਰਹੀ ਸੀ ਕਿ ਮੈਂ ਕੀ ਕਹਾਂ।

ਉਸ ਨੇ ਹੱਸਦਿਆਂ ਕਿਹਾ, "ਸ਼੍ਰੀ ਮਾਨ ਮੈਂ ਤੁਹਾਡੇ ਲਈ ਖਾਣੇ ਦਾ ਇਕ ਕੂਪਨ ਲੈ ਕੇ ਆਇਆ ਹਾਂ ਅਗਲੇ ਸਟੇਸ਼ਨ ਤੇ ਖਾਣਾ ਖਾ ਲੈਣਾ।

"ਮੈਨੂੰ ਆਪਣੀ ਭੁੱਖ ਭੁੱਲ ਚੁੱਕੀ ਸੀ। ਮੈਂ ਉਸ ਤੋਂ ਕੂਪਨ ਫੜ੍ਹ ਲਿਆ।

ਰੇਲ ਗੱਡੀ ਰੁਕੀ ਤੇ ਨਾਲੱਪਾ ਨੇ ਮੈਨੂੰ ਅਲਵਿਦਾ ਕਹੀ।

ਅਮਰੂਦ ਮੇਰੀ ਗੋਦ ਵਿਚ ਸਨ, ਤੇ ਖਾਣੇ ਵਾਲਾ ਕੂਪਨ ਮੇਰੇ ਹੱਥ ਵਿਚ। ਪਰ ਮੇਰੇ ਅੰਦਰੋਂ ਭੁੱਖ ਮਰ ਚੁੱਕੀ ਸੀ। ਮੈਂ ਉਧਰ ਦੇਖਦਾ ਰਿਹਾ ਜਿਧਰੋਂ ਨਾਲੱਪਾ ਗਿਆ ਸੀ ਤੇ ਮੇਰੀਆਂ ਅੱਖਾਂ ਭਰ ਆਈਆਂ।

## ਉੜੀਆ ਕਹਾਣੀ / ਦਫ਼ਤਰ ਦਾ ਚਪੜਾਸੀ / ਬਾਸੁਦੇਵ ਸੁਨਾਨੀ

ਜਦੋਂ ਦਿਆਲੂ ਨੂੰ ਡੈਪੂਟੇਸ਼ਨ ਉੱਤੇ ਬਲਾਕ ਆਫਿਸ ਤੋਂ ਹੈੱਡ ਆਫ਼ਿਸ ਭੇਜ ਦਿੱਤਾ ਤਾਂ ਉਸਨੂੰ ਵਿਸ਼ਵਾਸ ਜਿਹਾ ਹੋ ਗਿਆ ਕਿ ਉਸ ਵਿਚ ਕੁਝ ਖਾਸ ਹੀ ਗੁਣ ਹਨ। ਨਹੀਂ ਤਾਂ ਉਸਨੂੰ ਹੀ ਕਿਉਂ ਜ਼ਿਲ੍ਹਾ ਦਫ਼ਤਰ ਵਿਚ ਭੇਜਿਆ ਗਿਆ?

ਪੇਂਡੂ ਇਲਾਕੇ ਦੇ ਲੋਕ ਬਹੁਤ ਵਿਖਾਵੇ ਕਰਦੇ ਨੇ। ਉਹ ਬਿਨ੍ਹਾਂ ਕੁਝ ਜਾਣੇ ਬਹੁਤ ਜਿਆਦਾ ਬੋਲਦੇ ਨੇ। ਜੇ ਉਹਨਾਂ ਨੂੰ ਕਿਸੇ ਬੰਦੇ ਵਿਚ ਹੋਰ ਕੋਈ ਕਮੀ ਨਹੀਂ ਮਿਲਦੀ ਤਾਂ ਉਹ ਜਾਤ ਦੇ ਨਾਂ ਤੇ ਹੀ ਬੰਦੇ ਨੂੰ ਨੀਵਾਂ ਦਿਖਾਉਂਦੇ ਰਹਿੰਦੇ ਸਨ। ਜਾਤ ਦਾ ਵਿਸ਼ਾ ਤਾਂ ਉਹਨਾਂ ਲਈ ਦੂਜੇ ਨੂੰ ਨੀਵਾਂ ਦਿਖਾਉਣ ਦਾ ਸਭ ਤੋਂ ਸੌਖਾ ਢੰਗ ਹੈ। ਪਰ ਹੀਰੇ ਦੀ ਪਰਖ ਤਾਂ ਜੋਹਰੀ ਨੂੰ ਹੀ ਹੁੰਦੀ ਹੈ। ਉਹ ਆਪਣੇ ਕੰਮ ਵਿਚ ਬਹੁਤ ਮਾਹਿਰ ਤੇ ਆਗਿਆਕਾਰੀ ਸੀ, ਉਹ ਹੈੱਡ ਕਲਰਕ ਦੇ ਹਰ ਆਰਡਰ ਨੂੰ ਮੰਨਦਾ ਤੇ ਦਿਨ ਰਾਤ ਕੰਮ ਵਿਚ ਰੁੱਝਿਆ ਰਹਿੰਦਾ ਜੇ ਕਦੇ ਉਸ ਨੂੰ ਕੰਮ ਦੇ ਸਮੇਂ ਤੋਂ ਵਾਧੂ ਵੀ ਕੰਮ ਕਰਨਾ ਪੈਂਦਾ ਤਾਂ ਉਸਨੇ ਕਦੇ ਸ਼ਿਕਾਇਤ ਨਹੀਂ ਕੀਤੀ। ਇਸੇ ਲਈ ਉਹ ਸੋਚਦਾ ਕਿ ਉਹ ਹੈੱਡ ਕਲਰਕ ਤੇ ਬਲਾਕ ਡਵੈਲਪਮੈਂਟ ਅਫ਼ਸਰ ਦਾ ਚਹੇਤਾ ਹੈ।

ਆਖਿਰਕਾਰ ਉਸਦੀ ਮਿਹਨਤ ਦਾ ਫ਼ਲ ਉਸਨੂੰ ਡੈਪੂਟੇਸਨ ਦੇ ਰੂਪ ਵਿਚ ਮਿਲ ਗਿਆ। ਨਾਲ ਕੰਮ ਕਰਦੇ ਚਪੜਾਸੀ ਉਸ ਤੋਂ ਸੜਨ ਲੱਗੇ ਤੇ ਉਸਨੂੰ ਬੁਰਾ ਭਲਾ ਵੀ ਕਹਿੰਦੇ। ਉਸਨੂੰ ਨੀਵੀਂ ਜਾਤ ਦਾ ਹੋਣ ਕਰਕੇ ਉਸਦੀ ਹੋਰ ਵੀ ਬੇਇੱਜਤੀ ਕਰਦੇ।

-ਤੁਸੀਂ ਮੂਰਖ ਲੋਕ ਜੋ ਵੀ ਬੋਲਣਾ ਚਾਹੁੰਦੇ ਹੋ ਬੋਲਦੇ ਰਹੋ। ਤੁਹਾਡੇ ਕੋਲ ਜਾਤ ਪਾਤ ਤੋਂ ਬਿਨ੍ਹਾਂ ਹੋਰ ਕੋਈ ਗੱਲ ਨਹੀਂ ਹੈ ਕਰਨ ਨੂੰ? ਹਰ ਸਮੇਂ ਤੁਸੀਂ ਚੁਗਲੀਆਂ ਕਰਨ ਤੇ ਅਫ਼ਸਰ ਵਿਰੁੱਧ ਸਾਜ਼ਿਸਾਂ ਕਰਨ ਦੀਆਂ ਘਟੀਆ ਹਰਕਤਾਂ ਵਿਚ ਹੀ ਰੁੱਝੇ ਰਹਿੰਦੇ ਹੋ। ਕੰਮ ਕਾਰ ਛੱਡ ਕੇ ਤੁਸੀਂ ਵਰਾਂਡੇ ਵਿਚ ਬੈਠ ਕੇ ਸਿਗਰਟਾਂ ਫੂਕਦੇ ਰਹਿੰਦੇ ਹੋ। ਹਰ ਸਮੇਂ ਤੁਸੀਂ ਕਦੇ ਕਿਸੇ ਠੇਕੇਦਾਰ, ਪਿੰਡ ਵਾਲਿਆ ਤੇ ਸਰਪੰਚ ਪਿੱਛੇ ਪੂਛ ਹਿਲਾਉਂਦੇ ਫਿਰਦੇ ਰਹਿੰਦੇ ਹੋ ਤੇ ਕਦੇ ਪੰਜਾਹ ਪੈਸੇ, ਰੁਪਏ, ਚਾਹ ਦੇ ਕੱਪ ਤੇ ਖਾਣੇ ਦੀ ਆਸ ਲਾਈ ਬੈਠੇ ਰਹਿੰਦੇ ਹੋ। ਜੇ ਤੁਸੀਂ ਇਹਨਾਂ ਘਟੀਆਂ ਗੱਲਾਂ ਵਿਚ ਹੀ ਉਲਝੇ ਰਹੇ ਤਾਂ ਅਫ਼ਸਰ ਨੂੰ ਖੁਸ਼ ਕਿਵੇਂ ਕਰੋਗੇ?

ਕੀ ਅਫ਼ਸਰ ਨੂੰ ਨਹੀਂ ਪਤਾ ਕਿ ਕੌਣ ਠੀਕ ਹੈ ਤੇ ਕੌਣ ਗਲਤ। ਧੋਖਾ ਕਦੇ ਵੀ ਜਿਆਦਾ ਚਿਰ ਤੱਕ ਨਹੀਂ ਰਹਿੰਦਾ। ਸਮਾਂ ਆਉਣ ਤੇ ਹਮੇਸ਼ਾ ਹੀ ਧੋਖਾ ਜ਼ਾਹਿਰ ਹੋ ਜਾਂਦਾ ਹੈ। ਕਿਸਮਤ ਰਾਣੀ ਨੇ ਉਸਦੀ ਮਿਹਨਤ ਤੇ ਧਿਆਨ ਸਕਦਾ ਮਿਹਰ ਰੱਖੀ। ਉਸਦੀ ਨਿਯੁਕਤੀ ਜ਼ਿਲ੍ਹਾ ਦਫ਼ਤਰ ਵਿਚ ਹੋ ਗਈ। ਤੁਸੀਂ ਸਭ ਨਫ਼ਰਤ ਦੀ ਅੱਗ ਵਿਚ ਧੁਖਦੇ ਰਹੇ। ਦਿਆਲੂ ਇਸ ਨਿਯੁਕਤੀ ਕਰਕੇ ਬਹੁਤ ਖੁਸ਼ ਸੀ। ਸਾਇਦ ਉਹ ਆਪਣੀ ਤਰੱਕੀ ਤੇ ਵੀ ਇੰਨਾ ਖੁਸ਼ ਨਹੀਂ ਸੀ। ਉਹ ਤਰੱਕੀ ਕਾਰਨ ਪੈਸੇ ਤਾਂ ਜਿਆਦਾ ਲੈ ਰਿਹਾ ਸੀ ਪਰ ਹੁਣ ਉਹ ਵੱਡੇ ਆਫ਼ਿਸ ਦੇ ਦਫ਼ਤਰ ਵਿਚ ਹੈ। ਹੁਣ ਉਹ ਉਸ ਅਫ਼ਸਰ ਦੇ ਕੋਲ ਸੀ ਜਿਸ ਨੂੰ ਲੋਕਾਂ ਵਲੋਂ ਮਿਲਣ ਲਈ ਸਮਾਂ ਲੈਣਾ ਪੈਂਦਾ ਸੀ। ਉਹ ਉਸ ਆਦਮੀ ਦੀ ਕੁਰਸੀ ਸਾਫ਼ ਕਰਦਾ ਸੀ ਦੇਖਣ ਤੇ ਮਿਲਣ ਲਈ ਕਾਗਜ਼ ਫੜੀ ਲੋਕ ਦੇਰ ਤੱਕ ਉਡੀਕਦੇ ਰਹਿੰਦੇ।

ਦਿਆਲੂ ਸੋਚਦਾ, "ਵੱਡੇ ਅਫ਼ਸਰ ਵੱਡੀਆਂ ਗੱਲਾਂ, ਇਸੇ ਲਈ ਉਸ ਨੂੰ ਵੱਧ ਤੋਂ ਵੱਧ ਸਾਵਧਾਨ ਵੀ ਰਹਿੰਣਾ ਪਵੇਗਾ। ਉਹ ਪਹਿਲਾਂ ਬਹੁਤ ਉੱਚੀ ਉੱਚੀ ਗੱਲਾਂ ਕਰਦਾ ਸੀ ਪਰ ਹੁਣ ਉਸਨੂੰ ਆਪਣੀਆਂ ਆਦਤਾਂ ਸੁਧਾਰਨੀਆਂ ਪੈਣਗੀਆਂ। ਤੇ ਬੋਲ ਚਾਲ ਵਿਚ ਸੁਧਾਰ ਕਰਨਾ ਹੋਵੇਗਾ।

ਕਿਉਂਕਿ ਉਸਨੂੰ ਹਰ ਸਮੇਂ ਅਫ਼ਸਰ ਨਾਲ ਰਹਿਣਾ ਪੈਂਦਾ ਸੀ ਇਸ ਲਈ ਉਸ ਨੂੰ ਹੁਣ ਚੱਪਲਾਂ ਦੀ ਥਾਂ



ਬੂਟ ਪਾਉਣੇ ਪੈਂਦੇ ਸਨ। ਹਰ ਰੋਜ਼ ਉਸਨੂੰ ਸਾਫ਼ ਸੁਥਰੇ ਕੱਪੜੇ ਪਾ ਕੇ ਆਉਣਾ ਪੈਂਦਾ। ਬੀੜੀ ਪੀਣ ਨਾਲ ਉਸਦੇ ਮੂੰਹ ਵਿਚੋਂ ਮੁਸ਼ਕ ਆਉਂਦਾ ਸੀ ਤੇ ਹੁਣ ਇਸੇ ਕਰਕੇ ਉਸਨੇ ਬੀੜੀ ਪੀਣੀ ਛੱਡ ਦਿੱਤੀ।

ਜੇਕਰ ਉਹ ਇਹ ਸਭ ਨਾ ਕਰਦਾ ਤਾਂ ਸਭ ਉਥਲ ਪੁਥਲ ਹੋ ਜਾਂਦੀ। ਉਹ ਅਫ਼ਸਰ ਨੂੰ ਦਫ਼ਤਰ ਵਿਚ ਮਿਲਣ ਵਾਲਾ ਪਹਿਲਾਂ ਬੰਦਾ ਹੁੰਦਾ ਜਦੋਂ ਅਫ਼ਸਰ ਆਉਂਦਾ ਤਾਂ ਉਹ ਦਰਵਾਜ਼ਾ ਖੋਲਦਾ ਤੇ ਜੇ ਉਸਦੇ ਮੂੰਹ ਵਿਚੋਂ ਗੰਦੀ ਬਦਬੂ ਹੋਵੇ ਤਾਂ ਅਫ਼ਸਰ ਦਾ ਸਾਰਾ ਦਿਨ ਮੂਡ ਖਰਾਬ ਰਹੇਗਾ। ਤੇ ਜੇ ਇੰਝ ਹੋ ਜਾਵੇ ਤਾਂ ਉਸਨੂੰ ਕੌਣ ਸੰਭਾਲੇਗਾ।

ਇਸੇ ਲਈ ਉਸਨੂੰ ਥੋੜਾ ਸੰਭਲ ਕੇ ਹੀ ਰਹਿਣਾ ਪੈਂਦਾ ਤਾਂ ਜੋ ਅਫ਼ਸਰ ਖੁਸ਼ੀ ਖੁਸ਼ੀ ਦਫ਼ਤਰ ਵਿਚ ਦਾਖਲ ਹੋਵੇ ਤੇ ਕਹੇ 'ਹਾਂ ਬਈ? ਦਿਆਲੂ ਕੀ ਹਾਲ ਹੈ? ਅੱਜ ਕੀ ਖਾਧਾ ਪੀਤਾ ਫੇਰ?"

ਕੀ ਕੋਈ ਦਫ਼ਤਰ ਇਕ ਚਪੜਾਸੀ ਦੀ ਮਦਦ ਤੋਂ ਬਿਨਾਂ ਚਲ ਸਕਦਾ ਹੈ? ਜੇ ਫਾਇਲਾਂ ਇਕ ਟੇਬਲ ਤੋਂ ਦੂਜੇ ਟੇਬਲ ਤੇ ਨਾ ਲਜਾਈਆਂ ਜਾਣ ਤੇ ਕੀ ਅਫ਼ਸਰ ਕੋਈ ਕੰਮ ਸਮੇਂ ਸਿਰ ਕਰ ਸਕਦਾ ਹੈ? ਜੇਕਰ ਅਫ਼ਸਰ ਦਫ਼ਤਰ ਦਾ ਇੰਜਣ ਹੈ ਤੇ ਚਪੜਾਸੀ ਉਸਦਾ ਪਹੀਆ ਹੈ। ਦਿਆਲੂ ਆਪਣੇ ਡੈਪੂਟੇਸਨ ਤੋਂ ਬਹੁਤ ਖੁਸ਼ ਸੀ ਉਸਨੂੰ ਆਪਣਾ ਆਪ 'ਬਸੂਆ' ਬਲਦ ਦੇ ਵਾਂਗ ਲੱਗ ਰਿਹਾ ਸੀ ਜਿਹੜਾ ਸ਼ਿਵ ਜੀ ਦੇ ਮੰਦਰ ਬਾਹਰ ਹੁੰਦਾ ਹੈ। ਕੋਈ ਵੀ ਉਸ ਤੋਂ ਜਾਣੂ ਹੁੰਦਿਆਂ ਬਗੈਰ ਅੰਦਰ ਨਹੀਂ ਜਾ ਸਕਦਾ ਸੀ। ਉਹ ਕਿਸੇ ਨੂੰ ਵੀ ਮਿਲਣ ਲਈ ਭੇਜ ਸਕਦਾ ਹੈ ਨਹੀਂ ਤਾਂ ਕਹਿ ਦਿੰਦਾ, "ਆਪਣੀ ਸਲਿਪ ਦੇ ਦਿਓ ਮੈਂ ਤੁਹਾਨੂੰ ਬਾਅਦ ਵਿਚ ਬੁਲਾ ਲਵਾਂਗਾ, ਸਾਹਿਬ ਅਜੇ ਕੰਮ ਵਿਚ ਰੁਝੇ ਹੋਏ ਹਨ।"

ਉਹ ਕਦੇ ਕਦੇ ਇਹ ਵੀ ਕਹਿ ਦਿੰਦਾ ਕਿ , "ਸਾਹਿਬ ਬਾਹਰ ਜਾ ਰਹੇ ਹਨ ਤੇ ਤੁਸੀਂ ਕੱਲ੍ਹ ਮਿਲ ਸਕਦੇ ਹੋ।" ਆਦਿ।

ਕਦੇ ਕਦੇ ਇੰਝ ਵੀ ਹੋ ਜਾਂਦਾ ਕਿ ਹੈੱਡ ਕਲਰਕ ਜੋ ਉਸ ਤੋਂ ਕਦੇ ਕਦੇ ਅਫ਼ਸਰਾਂ ਵਾਂਗ ਰੋਹਬ ਵੀ ਪਾਉਂਦਾ। ਉਸਨੂੰ ਵੀ ਫਾਇਲਾਂ ਹੱਥ ਵਿਚ ਲਏ ਨੂੰ ਕਹਿਣਾ ਪੈਂਦਾ, "ਦਿਆਲੂ ਕੀ ਸਾਹਿਬ ਅੰਦਰ ਹਨ?"

ਦਿਆਲੂ ਆਪਣੀ ਨਿਯੁਕਤੀ ਤੋਂ ਪਹਿਲਾਂ ਹੈੱਡ ਆਫ਼ਿਸ ਦੇ ਬਹੁਤ ਵੱਡੇ ਵੱਡੇ ਸੁਪਨੇ ਲੈਂਦਾ ਸੀ ਪਰ ਉੱਥੇ ਕੰਮ ਸ਼ੁਰੂ ਕਰਨ ਤੋਂ ਬਾਅਦ ਉਸਦੇ ਸਾਰੇ ਸੁਪਨੇ ਮਿੱਟੀ ਵਿਚ ਮਿਲ ਗਏ। ਅਸਲ ਵਿਚ ਉਸਨੂੰ ਉਥੇ ਇਕ ਕੁੱਤੇ ਵਰਗੀ ਜ਼ਿੰਦਗੀ ਜਿਉਣੀ ਪੈਂਦੀ ਸੀ।

ਉਸਦੇ ਸਾਹਿਬ ਕੋਲ ਇਕ ਬਹੁਤ ਵੱਡਾ ਸ਼ੇਰ ਵਰਗਾ ਕੁੱਤਾ ਸੀ। ਸ਼ਾਇਦ ਕੋਈ ਬੰਦਾ ਇਸ ਤਰ੍ਹਾਂ ਹੁਕਮ ਨਾ ਮੰਨੇ ਪਰ ਉਹ ਕੁੱਤਾ ਤਾਂ ਝਟਪਟ ਹੀ ਹੁਕਮ ਦੀ ਪਾਲਣਾ ਕਰਦਾ, ਜਦੋਂ ਉਸਨੂੰ ਬੈਠਣ ਲਈ ਕਿਹਾ ਜਾਂਦਾ ਉਹ ਬੈਠ ਜਾਂਦਾ, ਜਦੋਂ ਜਾਣ ਲਈ ਕਿਹਾ ਜਾਂਦਾ ਤਾਂ ਉਹ ਚਲਾ ਜਾਂਦਾ। ਜਦੋਂ ਕਿਸੇ ਕੰਮ ਲਈ ਨੋ ਕਿਹਾ ਜਾਂਦਾ ਤਾਂ ਉਹ ਰੁਕ ਜਾਂਦਾ। ਉਹ ਇਕ ਅੰਗਰੇਜ਼ੀ ਪੜ੍ਹਿਆ ਕੁੱਤਾ ਲੱਗਦਾ ਸੀ।

ਇਹ ਦਿਨ ਵਿਚ ਦੋ ਵਾਰ ਇਕ-ਇਕ ਲੀਟਰ ਦੁੱਧ, ਦੋ ਅੰਡੇ ਬਰੈੱਡ ਤੇ ਚੌਲ ਖਾ ਜਾਂਦਾ ਸੀ। ਕੁਦਰਤੀ ਤੌਰ ਤੇ ਫਿਰ ਇਹ ਸ਼ੇਰ ਵਰਗਾ ਖੂੰਖਾਰ ਹੀ ਹੋਣਾ ਸੀ। ਇਹ ਅਵਾਰਾ ਕੁੱਤਿਆਂ ਵਾਂਗ ਨਹੀਂ ਸੀ ਜੋ ਬੇਹੇ ਤੇ ਸੜੇ ਹੋਏ ਮਾਸ 'ਤੇ ਝੂਰਦੇ ਰਹਿੰਦੇ ਹਨ।

ਅਫ਼ਸਰ ਉਸਦੀ ਪਤਨੀ ਤੇ ਬੇਟੀ ਉਸਨੂੰ ਬਹੁਤ ਪਿਆਰ ਕਰਦੇ ਸਨ। ਅਫ਼ਸਰ ਦੀ ਮਾਂ ਵੀ ਉਹਨਾਂ ਨਾਲ ਉਸੇ ਘਰ ਵਿਚ ਰਹਿੰਦੀ ਹੈ। ਜਦੋਂ ਵੀ ਉਹ ਕਿਤੇ ਟੂਰ ਤੇ ਘਰੋਂ ਬਾਹਰ ਜਾਂਦਾ ਤੇ ਵਾਪਸ ਆ ਕੇ ਉਹ ਆਪਣੀ ਮਾਂ ਨੂੰ ਮਿਲਣਾ ਤਾਂ ਜ਼ਰੂਰੀ ਨਹੀਂ ਸਮਝਦਾ ਪਰ ਕੁੱਤੇ ਨੂੰ ਮਿਲਣਾ ਨਹੀਂ ਭੁੱਲਦਾ। ਉਸਨੂੰ ਆਪਣੇ ਕੁੱਤੇ ਨਾਲ ਬਹੁਤ ਪਿਆਰ ਸੀ। ਉਸਨੇ ਸਭ ਘਰਦਿਆਂ ਨੂੰ ਸਖ਼ਤ ਹਦਾਇਤ ਦਿੱਤੀ ਸੀ ਕਿ ਕੁੱਤੇ ਦੇ ਪਾਲਣ ਪੋਸਣ ਵਿਚ ਕੋਈ ਕਮੀ ਨਹੀਂ ਆਉਣੀ ਚਾਹੀਦੀ।

ਦਫ਼ਤਰ ਜਾਣ ਤੋਂ ਪਹਿਲਾਂ ਉਸੇ ਹਦਾਇਤ ਨੂੰ ਨਜ਼ਰ 'ਚ ਰੱਖਦਿਆਂ ਦਿਆਲੂ ਕੁੱਤੇ ਨੂੰ ਦਫ਼ਤਰ ਜਾਣ ਤੋਂ ਪਹਿਲਾਂ ਜੰਗਲ ਪਾਣੀ ਲਈ ਸਵੇਰੇ ਘੁੰਮਾਉਂਦਾ, ਉਸਦੇ ਖਾਣੇ ਵਾਲਾ ਭਾਂਢਾ ਧੋਂਦਾ। ਉਸਦੀ ਰਜਾਈ ਤੇ ਸੌਣ ਵਾਲਾ ਬਿਸਤਰ ਸਾਬਣ ਨਾਲ ਧੋਂਦਾ। ਉਹ ਕਮਰਾ ਵੀ ਸਾਫ਼ ਕਰਦਾ ਜੇ ਉਹ ਕੁੱਤਾ ਉੱਥੇ ਕਿਸੇ ਤਰ੍ਹਾਂ ਦਾ ਗੰਦ ਪਾਉਂਦਾ। ਉਸਨੂੰ ਸੈਂਪੂ ਨਾਲ ਨਹਾਉਂਦਾ ਤੇ ਬੁਰਸ਼ ਨਾਲ ਉਸਦੇ ਵਾਲ਼ ਵਾਹੁੰਦਾ। ਜਦੋਂ ਉਹ ਕੁੱਤਾ ਥੋੜੀ ਦੇਰ ਲਈ ਸੌਂ ਜਾਂਦਾ ਤਾਂ ਦਿਆਲੂ ਵੀ ਥੋੜੀ ਦੇਰ ਲਈ ਝਪਕੀ ਲੈਂਦਾ। ਸ਼ਾਮ ਦੇ ਚਾਰ ਕੁ ਵਜੇ ਉਹ ਕੁੱਤੇ ਨੂੰ ਗੇਂਦ ਨਾਲ ਖਿਡਾਉਣ ਲਈ ਖੇਤਾਂ ਵਿਚ ਲੈ ਜਾਂਦਾ।

ਇਨ੍ਹੀਂ ਦਿਨੀਂ ਦਿਆਲੂ ਅਕਸਰ ਆਪਣੀ ਕਿਸਮਤ ਨੂੰ ਕੋਸਦਾ ਰਹਿੰਦਾ ਤੇ ਕੁੜਦਾ ਰਹਿੰਦਾ। ਉਹ ਸੋਚਿਆ ਕਰਦਾ ਸੀ ਕਿ ਉਹ ਦਫਤਰ ਦਾ ਚਪੜਾਸੀ ਬਣੇਗਾ। ਪਰ ਉਸਦੀ ਬਜਾਇ ਉਹ ਤਾਂ ਕੁੱਤੇ ਦੀ ਸੇਵਾ ਵਿਚ ਲੱਗਾ ਰਹਿੰਦਾ ਸੀ। ਉਹ ਕੁੱਤੇ ਨਾਲ ਗੇਂਦ ਨਾਲ ਖੇਡਦਾ ਹੈ, ਆਦਮੀ ਕਿਸੇ ਬੰਦੇ ਨਾਲ ਤਾਂ ਖੇਡੇ ਪਰ ਉਸਨੂੰ ਕੁੱਤੇ ਨਾਲ ਖੇਡਣਾ ਪੈ ਰਿਹਾ ਹੈ।

"ਅਗਰਸੇਨ ਸੁਪਾਕਰ ਦੇਖੋ। ਉਹ ਵੀ ਬਿਨ੍ਹਾਂ ਸ਼ੱਕ ਇਕ ਚਪੜਾਸੀ ਹੀ ਹੈ ਪਰ ਦੇਖੋ ਉਹ ਕਿੰਨੀ ਇੱਜਤ ਮਾਣਦਾ ਹੈ। ਉਹ ਇਕ ਬੰਗਲੇ ਵਿਚ ਖਾਣਾ ਬਣਾਉਂਦਾ ਹੈ, ਉਹ ਇਕ ਔਰਤ ਅਫ਼ਸਰ ਦੇ ਕੰਮ ਕਰਦਾ ਹੈ। ਪਰ ਮੇਰੇ ਵੱਲ ਵੇਖੋ ! ਮੈਂ ਇਕ ਕੁੱਤੇ ਨੂੰ ਸਾਂਭ ਰਿਹਾ ਹਾਂ। ਚਲੋ ਫਿਰ ਵੀ ਮੈਂ ਇਕ ਸਰਕਾਰੀ ਨੌਕਰ ਤਾਂ ਹਾਂ। ਚਾਹੇ ਕਿਸੇ ਕੁੱਤੇ ਨੂੰ ਸੰਭਾਲ ਰਹੇ ਹੋਵੋ ਜਾਂ ਖਾਣਾ ਪਕਾਉਣ ਦਾ ਕੰਮ ਕਰ ਰਹੇ ਹੋਵੋ। ਕੀ ਸਾਨੂੰ ਦੋਹਾਂ ਨੂੰ ਇਕ ਦੂਜੇ ਤੋਂ ਘੱਟ ਤਨਖਾਹ ਮਿਲਦੀ ਹੈ।

ਸਭ ਕੁਝ ਇੰਝ ਹੀ ਚੱਲ ਰਿਹਾ ਸੀ ਪਰ ਕੁਝ ਲੋਕਾਂ ਨੇ ਉਸਨੂੰ ਕੁੱਤੇ ਦਾ ਚਪੜਾਸੀ ਕਹਿ ਕੇ ਬੁਲਾਉਣਾ ਸ਼ੁਰੂ ਕਰ ਦਿੱਤਾ। ਇਸ ਵਿਚ ਉਸਨੂੰ ਆਪਣੀ ਬੇਇੱਜਤੀ ਮਹਿਸੂਸ ਹੋਈ। ਉਸਨੇ ਕੁੱਤੇ ਤੋਂ ਛੁਟਕਾਰਾ ਪਾਉਣ ਲਈ ਉਸਨੂੰ ਜ਼ਹਿਰ ਦੇਣ ਬਾਰੇ ਵੀ ਸੋਚਿਆ। ਇਹ ਵਧੀਆ ਹੋਵੇਗਾ ਕਿ ਪੁਆੜੇ ਦੀ ਜੜ੍ਹ ਨੂੰ ਹੀ ਖਤਮ ਕਰ ਦਿੱਤਾ ਜਾਵੇ। ਫਿਰ ਉਹ ਕੁੱਤੇ ਦੀ ਨੌਕਰੀ ਕਰਨ ਦੀ ਬਜਾਇ ਦਫ਼ਤਰ ਦੀ ਨੌਕਰੀ ਕਰ ਸਕੇਗਾ। ਪਰ ਉਸਦੀ ਆਤਮਾ ਇਹ ਸਭ ਕਰਨ ਲਈ ਰਾਜ਼ੀ ਨਾ ਹੋਈ। ਉਸਨੇ ਸੋਚਿਆ ਉਸ ਬੇਕਸੂਰ ਤੇ ਬੇਜ਼ੁਬਾਨ ਜਾਨਵਰ ਦਾ ਕੀ ਕਸੂਰ ਹੈ? ਉਹ ਮੇਰੇ ਨਾਲ ਖੇਡਦਾ ਹੈ, ਮੇਰਾ ਹੁਕਮ ਮੰਨਦਾ ਹੈ। ਸਗੋਂ ਉਸਦੀ ਬੇਇੱਜਤੀ ਦਾ ਜਿੰਮੇਵਾਰ ਉਸਦਾ ਅਫ਼ਸਰ ਹੈ। ਇਸ ਤਰ੍ਹਾਂ ਉਹ ਆਪਣੇ ਗੁੱਸੇ ਨੂੰ ਸਾਂਤ ਕਰ ਲੈਂਦਾ।

ਅੰਤ ਵਿਚ ਬੜੇ ਚਿਰ ਤੋਂ ਉਡੀਕੀਆ ਜਾਣ ਵਾਲਾ ਦਿਨ ਆ ਗਿਆ। ਉਸ ਅਫ਼ਸਰ ਦੀ ਬਦਲੀ ਹੋ ਗਈ ਤੇ ਉਸਦੀ ਥਾਂ ਨਵਾਂ ਅਫ਼ਸਰ ਆ ਗਿਆ। ਉਹ ਖੁਸ਼ ਹੋ ਗਿਆ ਕਿ ਉਸਨੂੰ ਉਸ ਕੁੱਤੇ ਦੀ ਨੌਕਰੀ ਤੋਂ ਛੁਟਕਾਰਾ ਮਿਲ ਗਿਆ।

ਅਗਲੀ ਸਵੇਰ ਉਹ ਨਹਾ ਧੋ ਕੇ ਤਿਆਰ ਹੋਇਆ ਆਪਣੇ ਆਪ ਨੂੰ ਸ਼ੀਸ਼ੇ ਵਿਚ ਦੇਖਿਆ। ਬਹੁਤ ਖੁਸ਼ੀ 'ਚ ਉਸਨੂੰ ਇੰਝ ਲੱਗਾ ਜਿਵੇਂ ਉਹ ਆਪਣੇ ਲਈ ਕੰਮ ਤੇ ਜਾ ਰਿਹਾ ਹੈ।

ਉਹ ਦਫ਼ਤਰ ਵਿਚ ਦਾਖਲ ਹੋਇਆ ਤੇ ਦਫ਼ਤਰ ਸਾਫ਼ ਕੀਤਾ। ਉਸਨੂੰ ਕੁਝ ਇਕੱਲਤਾ ਜਿਹੀ ਮਹਿਸੂਸ ਹੋਈ। ਅਫ਼ਸਰ ਦਾ ਦਾ ਛੋਟਾ ਜਿਹਾ ਬੱਚਾ ਰੋ ਰਿਹਾ ਸੀ ਪਰ ਇੰਨੇ ਸ਼ੋਰ ਵਿਚ ਵੀ ਉਸਨੂੰ ਆਪਣਾ ਆਪ ਇਕੱਲਾ ਲੱਗ ਰਿਹਾ ਸੀ। ਉਸਨੂੰ ਕੁੱਤੇ ਦਾ ਖਿਆਲ ਆਇਆ ਕਿ ਕਿੰਝ ਉਹ ਉਸ ਵੱਲ ਭੱਜ ਕੇ ਆ ਜਾਂਦਾ ਸੀ ਤੇ ਉਸ ਤੋਂ ਪਿਆਰ ਮੰਗਦਾ ਸੀ। ਉਸਨੂੰ ਉਸ ਕੁੱਤੇ ਨਾਲ ਆਪਣੇ ਇਕ ਅਜੀਬ ਜਿਹਾ ਨਿੱਘੇ ਰਿਸ਼ਤੇ ਦਾ ਅਹਿਸਾਸ ਜਿਹਾ ਹੋਇਆ। ਉਹ ਉਸ ਜਗਾ ਨੂੰ ਛੂਹਣ ਲੱਗਾ ਜਿੱਥੇ ਕੁੱਤੇ ਨੂੰ ਬੰਨ੍ਹਿਆ ਜਾਂਦਾ ਸੀ। ਅਗਲੇ ਹੀ ਪਲ ਉਸਨੂੰ ਮਹਿਸੂਸ ਹੋਇਆ ਕਿ ਉਹ ਉਸ ਕੁੱਤੇ ਬਾਰੇ ਇੰਨਾ ਕਿਉਂ ਸੋਚ ਰਿਹਾ ਹੈ ਜਿਸ ਤੋਂ ਉਹ ਏਨੀ ਨਫ਼ਰਤ ਕਰਦਾ ਸੀ। ਅੱਜ ਅਸਲ ਵਿਚ ਉਹ ਇਕ ਦਫਤਰ ਦਾ ਚਪੜਾਸੀ ਹੈ। ਉਹ ਦਫ਼ਤਰ ਦਾ ਦਰਵਾਜ਼ਾ ਖੋਲੇਗਾ, ਫਾਇਲਾਂ ਲਏਗਾ ਤੇ ਬਾਕੀ ਸਮੇਂ ਵਿਚ ਉਹ ਅਫ਼ਸਰ ਦੇ ਬੁਲਾਉਣ ਲਈ ਘੰਟੀ ਦੀ ਉਡੀਕ ਕਰੇਗਾ।



ਅਫ਼ਸਰ ਨੇ ਦਫ਼ਤਰ ਵੜਦਿਆਂ ਹੀ ਹੈੱਡ ਕਲਰਕ ਨੂੰ ਬੁਲਾਵਾ ਭੇਜਿਆ। ਹੈੱਡ ਕਲਰਕ ਫਾਇਲਾਂ ਲੈ ਕੇ ਅਫਸਰ ਨਾਲ ਦਫਤਰ ਅੰਦਰ ਵੜਿਆ। ਅਫ਼ਸਰ ਕਿਸੇ ਵੇਲੇ ਵੀ ਘੰਟੀ ਮਾਰ ਕੇ ਉਸਨੂੰ ਬੁਲਾ ਸਕਦਾ ਸੀ। ਇਸ ਲਈ ਉਹ ਆਦੇਸ਼ ਦੀ ਉਡੀਕ ਵਿਚ ਹੀ ਸੀ ਤੇ ਚੋਕੰਨਾ ਖੜਾ ਸੀ, 'ਹਾਂ ਜੀ !' "ਇਸ ਦਫ਼ਤਰ ਵਿਚ ਕਿੰਨੇ ਚਪੜਾਸੀ ਹਨ? " ਅਫ਼ਸਰ ਨੇ ਪੁੱਛਿਆ।

ਹੈੱਡ ਕਲਰਕ ਨੇ ਉੱਤਰ ਦਿੱਤਾ, "ਤਿੰਨ ਨੇ ਸ਼੍ਰੀ ਮਾਨ, ਉਹਨਾਂ ਵਿਚੋਂ ਇਕ ਸਾਹਿਬ ਦਾ ਰਸੋਈਆਂ ਹੈ, ਦੂਸਰਾ ਦਫ਼ਤਰ ਵਿਚ ਸਾਹਿਬ ਦੇ ਹੁਕਮ ਦੀ ਇੰਤਜ਼ਾਰ ਕਰਦਾ ਹੈ ਅਤੇ ਇਕ ਪਿਛਲੇ ਅਫ਼ਸਰ ਦੇ ਕੁੱਤੇ ਦੀ ਦੇਖ ਰੇਖ ਕਰਦਾ ਹੈ। ਜਿਹੜਾ ਕੁੱਤੇ ਦੀ ਦੇਖ ਭਾਲ ਕਰਦਾ ਸੀ ਉਹ ਬਲਾਕ ਆਫਿਸ ਤੋਂ ਡੈਪੂਟੇਸਨ ਤੇ ਹੈ।

ਅਫ਼ਸਰ ਨੇ ਝੱਟ ਕਿਹਾ, "ਸਾਡੇ ਕੋਲ ਕੋਈ ਚਪੜਾਸੀਆਂ ਦਾ ਘਾਟਾ ਹੈ। ਜੋ ਬਲਾਕ ਆਫਿਸ ਤੋਂ ਡੈਪੂਟੇਸ਼ਨ ਤੇ ਇਕ ਬੰਦਾ ਬੁਲਾਇਆ ਗਿਆ ਹੈ।

ਹੈੱਡ ਕਲਰਕ ਨੇ ਵੇਰਵਾ ਦਿੰਦਿਆ ਕਿਹਾ, "ਹਾਂ ਜੀ ਸ਼੍ਰੀ ਮਾਨ ਇਹ ਸੱਚ ਹੈ ਕਿ ਇੱਥੇ ਬਹੁਤ ਸਾਰੇ ਚਪੜਾਸੀ ਹਨ ਪਰ ਕੋਈ ਵੀ ਨੀਵੀਂ ਜਾਤ ਦਾ ਚਪੜਾ ਸੀ ਨਹੀਂ ਸੀ ਕੋਈ ਵੀ ਉੱਚ ਜਾਤੀ ਦਾ ਚਪੜਾਸੀ ਕੁੱਤੇ ਦਾ ਗੰਦ ਸਾਫ਼ ਨਹੀਂ ਕਰਦਾ ਸੀ। ਦਿਆਲੂ ਇਸੇ ਕਰਕੇ ਡੈਪੂਟੇਸ਼ਨ 'ਤੇ ਇਥੇ ਲਿਆਂਦਾ ਗਿਆ ਤਾਂ ਜੋ ਉਹ ਕੁੱਤੇ ਦਾ ਗੰਦ ਸਾਫ਼ ਕਰ ਸਕੇ। ਉਹ ਬਹੁਤ ਵਧੀਆ ਕੰਮ ਕਰਦਾ ਹੈ, ਸ਼੍ਰੀਮਾਨ।"

ਅਫ਼ਸਰ ਨੇ ਕਿਹਾ,"ਪਰ ਮੇਰੇ ਕੋਲ ਤਾਂ ਕੋਈ ਕੁੱਤਾ ਨਹੀਂ ਹੈ। ਅਤੇ ਮੈਡਮ ਬੜੇ ਰੂੜੀਵਾਦੀ ਖਿਆਲਾ ਦੇ ਨੇ ਉਹ ਘਰ ਦਾ ਕੋਈ ਵੀ ਕੰਮ ਨਹੀਂ ਕਰਨ ਦੇਣਗੇ ਕਿਉਂਕਿ ਉਹ ਅਛੂਤ ਹੈ। ਵਧੀਆ ਰਹੇਗਾ ਉਸਦੀ ਡੈਪੂਟੇਸ਼ਨ ਰੱਦ ਕਰ ਦਿੱਤੀ ਜਾਵੇ ਤੇ ਉਸਨੂੰ ਪਹਿਲਾ ਵਾਲੀ ਸੀਟ ਤੇ ਭੇਜ ਦਿੱਤਾ ਜਾਵੇ। "

ਦਿਆਲੂ ਨੇ ਦਰਵਾਜ਼ੇ ਨਾਲ ਕੰਨ ਲਗਾ ਕੇ ਸਭ ਕੁਝ ਸੁਣ ਲਿਆ। ਉਸਨੂੰ ਇੰਝ ਲੱਗਾ ਜਿਵੇਂ ਉਸ ਦੇ ਪੇਟ ਵਿਚ ਵੱਟ ਉੱਠਣ ਲੱਗੇ ਹੋਣ। ਉਸਨੇ ਮਹਿਸੂਸ ਕੀਤਾ ਕਿ ਜੇ ਉਸਦੇ ਸਾਹਮਣੇ ਪਹਿਲਾਂ ਅਫ਼ਸਰ ਆ ਜਾਵੇ ਤਾਂ ਉਹ ਉਸਦਾ ਸਿਰ ਪਾੜ ਦਵੇ ਤੇ ਪੁੱਛੇ, "ਹਰਾਮਜਾਦੇ ! ਤੂੰ ਮੇਰੀ ਬਦਲੀ ਸਿਰਫ਼ ਇਸ ਕਰਕੇ ਕੀਤੀ ਸੀ ਕਿ ਮੈਂ ਨੀਵੀਂ ਜਾਤ ਦਾ ਹਾਂ ਤੇ ਕੁੱਤੇ ਦਾ ਗੰਦ ਸਾਫ਼ ਕਰਨ ਲਈ ਇੱਥੇ ਰੱਖਿਆ ਗਿਆ ਸਾਂ।"

ਦਲਿਤ ਮੁੱਦਿਆਂ 'ਤੇ ਵਿਗਿਆਨਕ ਦ੍ਰਿਸ਼ਟੀ ਨਾਲ ਗੰਭੀਰਤਾ ਨਾਲ ਗੱਲ ਕਰਨ ਵਾਲੇ ਡਾ. ਰੌਣਕੀ ਰਾਮ ਦੀ ਨਵੀਂ ਪੁਸਤਕ ਜਿਸ ਵਿਚ ਪੰਜਾਬ ਦੇ ਦਲਿਤਾਂ ਦੀ ਪਛਾਣ ਦੇ ਮੁੱਦੇ ਵਿਆਪਕ ਪੱਧਰ ਤੇ ਪਹਿਲੀ ਵਾਰ ਪੁਸਤਕ ਰੂਪ ਵਿਚ ਆਏ ਹਨ !


**ਦਲਿਤ ਪਛਾਣ ਮੁਕਤੀ ਅਤੇ ਸ਼ਕਤੀਕਰਨ**

**ਡਾ. ਰੌਣਕੀ ਰਾਮ**

ਪ੍ਰਕਾਸ਼ਕ ਪਬਲੀਕੇਸ਼ਨ ਬਿਊਰੋ,

ਪੰਜਾਬੀ ਯੂਨੀਵਰਸਿਟੀ, ਪਟਿਆਲਾ

ਮੁੱਲ 300 ਰੁਪਏ



## ਬੰਗਲਾ ਕਹਾਣੀ / ਇਕ ਸ਼ਾਮ ਦੀ ਘਟਨਾ / ਕਪਿਲ ਕ੍ਰਿਸ਼ਨਾ ਠਾਕੁਰ

ਅਸੀਂ ਦੋਵੇਂ ਇਕ ਦੂਜੇ ਵੱਲ ਮੂੰਹ ਕਰਕੇ ਬੈਠੇ ਸਾਂ -ਡਾ. ਹਾਜ਼ਰਾ ਅਤੇ ਮੈਂ। ਸਾਡੇ ਵਿਚਕਾਰ ਇਕ ਮੇਜ਼ ਸੀ ਤੇ ਉਸਤੇ ਦੀਵਾ ਜਗ ਰਿਹਾ ਸੀ। ਮੇਜ ਤੇ ਡਾਕਟਰ ਦਾ ਸਮਾਨ ਪਿਆ ਹੋਇਆ ਸੀ। ਇਕ ਸਟੈਥੋਸਕੋਟ, ਦਵਾ ਵਾਲਾ ਇਕ ਥੈਲਾ, ਦਵਾਈਆਂ ਦੀਆਂ ਬੋਤਲਾਂ, ਸਭ ਸਮਾਨ ਖਿਲਰਿਆ ਪਿਆ ਸੀ। ਡਾ. ਹਾਜ਼ਰਾ ਆਪਣੀ ਕੁਰਸੀ ਤੇ ਪਿੱਛੇ ਵੱਲ ਝੁਕਿਆ ਹੋਇਆ ਸੀ ਪਰ ਮੈਂ ਉਸਦਾ ਚਿਹਰਾ ਨਹੀਂ ਦੇਖ ਸਕਿਆ। ਉਂਝ ਤਾਂ ਉਸ ਛੋਟੇ ਜਿਹੇ ਦੀਵੇ ਦੀ ਰੌਸ਼ਨੀ ਕਮਰੇ ਦੇ ਹਨੇਰੇ ਲਈ ਕਾਫੀ ਨਹੀਂ ਸੀ।

ਦਿਨ ਹੋਰ ਵੀ ਜਿਆਦਾ ਗਰਮ ਤੇ ਸਿੱਲ੍ਹਾ ਜਿਹਾ ਹੋ ਰਿਹਾ ਸੀ। ਸ਼ਾਮ ਵੇਲੇ ਵੀ ਹਵਾ ਬਿਲਕੁਲ ਬੰਦ ਸੀ। ਡਾ. ਹਾਜ਼ਰਾ ਨੂੰ ਬਹੁਤ ਪਸੀਨਾ ਆ ਰਿਹਾ ਸੀ। ਉਸਦੇ ਚਿਹਰੇ ਤੇ ਪਸੀਨੇ ਦੇ ਨਿਸ਼ਾਨ ਪਏ ਹੋਏ ਸਨ। ਇਕ ਛੋਟੀ ਜਿਹੀ ਪੱਖੀ ਨਾਲ ਆਪਣੇ ਆਪ ਨੂੰ ਹਵਾ ਝੱਲਦਿਆਂ ਉਹ ਮੇਰੇ ਕੋਲ ਜਿਹੇ ਆਇਆ, "ਇਕੱਨਵਿਆਂ 'ਚੋਂ ਸਤਾਲੀ ਘਟਾਏ ਕਿੰਨੇ ਹੁੰਦੇ ਨੇ? "

"ਚੁਤਾਲੀ।" ਮੈਂ ਕਿਹਾ।

"ਚੁਤਾਲੀ ਸਾਲ!" ਡਾ. ਹਾਜ਼ਰਾ ਨੇ ਹੌਂਕਾ ਲਿਆ।

"ਬਹੁਤ ਲੰਮਾ ਸਮਾਂ ਹੈ ਇਹ... ਤੁਹਾਨੂੰ ਪਤਾ ਹੈ, ਅੱਜ ਤੋਂ ਲਗਭਗ ਪੈਂਹਠ ਸਾਲ ਪਹਿਲਾਂ ਸਾਡੀ ਬਰਾਦਰੀ ਵਿਚ ਮੇਰੇ ਪਿਤਾ ਪਹਿਲੇ ਸਨ ਜਿਨ੍ਹਾਂ ਨੇ ਇਕ ਵਿਧਵਾ ਨਾਲ ਵਿਆਹ ਕਰਵਾਇਆ ਸੀ।

"ਅੱਛਾ! ਮੈਂ ਹੈਰਾਨ ਹੁੰਦਿਆਂ ਕਿਹਾ। ਮੈਂ ਡਾਕਟਰ ਦੀਆਂ ਗੱਲਾਂ ਸੁਣ ਕੇ ਖੁਸ਼ ਸੀ ਅਤੇ ਮੈਂ ਡਾ. ਦੇ ਚਿਹਰੇ ਵੱਲ ਟਿਕਟਿਕੀ ਲਗਾ ਕੇ ਦੇਖਣ ਲੱਗਾ।

"ਉਸਨੂੰ ਸਾਰੀ ਬਰਾਦਰੀ ਨੂੰ ਦੱਬਿਆ, ਦੁਰਕਾਰਿਆ, ਬੇਇੱਜਤ ਕੀਤਾ ਤੇ ਸਮਾਜ ਅਤੇ ਬਰਾਦਰੀ ਤੋਂ ਬਾਹਰ ਕੱਢ ਦਿੱਤਾ। ਪਰ ਫਿਰ ਵੀ ਅਸੀਂ ਉਸਨੂੰ ਕਦੇ ਰੋਂਦੇ ਕੁਰਲਾਉਂਦੇ ਜਾਂ ਦੁਖੀ ਹੁੰਦਿਆਂ ਨਹੀਂ ਦੇਖਿਆ। ਉਹ ਇਕ ਹੌਸਲੇ ਵਾਲਾ ਹਿੰਮਤੀ ਤੇ ਚੜ੍ਹਦੀ ਕਲਾ ਵਿਚ ਰਹਿਣ ਵਾਲਾ ਇਨਸਾਨ ਸੀ। ਜੇ ਉਹ ਕੁਝ ਕਰਨ ਦੀ ਸੋਚ ਲੈਂਦਾ ਤਾਂ ਉਹ ਕੰਮ ਕਰ ਕੇ ਹੀ ਹਟਦਾ। ਉਸਦੀ ਇਹੀ ਆਦਤ ਉਸਨੂੰ ਸਮਾਜ ਦੇ ਵਿਰੋਧ ਵਿਚ ਖੜੇ ਹੋਣ ਦੀ ਤਾਕਤ ਦਿੰਦੀ ਸੀ।

ਡਾ. ਹਾਜ਼ਰਾ ਦੀਆਂ ਅੱਖਾਂ ਹੁਣ ਆਪਣਾ ਹੀ ਬੀਤਿਆਂ ਸਮਾਂ ਦੇਖਣ ਲੱਗੀਆਂ। ਉਸੇ ਸਮੇਂ ਇਕ ਮਰੀਜ਼ ਬਹੁਤ ਹੌਲੀ ਹੌਲੀ ਚਲਦਾ ਹੋਇਆ ਉਸਦੇ ਨੇੜੇ ਪਈ ਕੁਰਸੀ ਤੇ ਬੈਠ ਗਿਆ।

"ਨਮਸਤੇ ਡਾਕਦਾਰ ਸਾਹਿਬ!" ਉਸਨੇ ਕਿਹਾ।

"ਓ ਹਾਂ ... ਹਾਂ ਨਮਸਤੇ।" ਡਾ. ਹਾਜ਼ਰਾ ਨੇ ਅਚਾਨਿਕ ਆਪਣੀਆਂ ਸੋਚਾਂ ਨੂੰ ਸਮੇਟਦਿਆਂ ਕਿਹਾ।

ਉਹ ਮਰੀਜ਼ ਕਿਸੇ ਨੇੜੇ ਤੇੜੇ ਦੇ ਪਿੰਡ ਤੋਂ ਆਇਆ ਲੱਗਦਾ ਸੀ। ਸਾਇਦ ਉਹ ਪਿੰਡ ਦਾ ਜ਼ਿਮੀਦਾਰ ਸੀ। ਹੋ ਸਕਦਾ ਹੈ ਉਹ ਡਾਕਟਰ ਨਾਲ ਕੇਵਲ ਗੱਲਬਾਤ ਕਰਨ ਲਈ ਆਇਆ ਹੋਵੇ। ਪਰ ਡਾ. ਹਾਜ਼ਰਾ ਥੋੜੀ ਕਾਹਲੀ ਵਿਚ ਸਨ। ਉਸਨੂੰ ਡਾਕਟਰ ਨੇ ਕੁਝ ਦਵਾਈ ਦਿੱਤੀ ਤੇ ਉਸਨੂੰ ਭੇਜ ਦਿੱਤਾ। ਸਾਇਦ ਡਾ. ਹਾਜ਼ਰਾ ਅੱਜ ਕੁਝ ਫ਼ਿਕਰਮੰਦ ਸਨ। ਉਸਦਾ ਆਪਣੇ ਕੰਮ ਵੱਲ ਵੀ ਬਹੁਤਾ ਧਿਆਨ ਨਹੀਂ ਸੀ। ਕੋਈ ਬੁਰੀ ਗੱਲ ਉਸਨੂੰ ਦੁੱਖੀ ਕਰ ਰਹੀ ਸੀ।

ਅੱਜ ਸ਼ਾਮੀਂ ਮੇਰੀ ਡਾ. ਹਾਜ਼ਰਾ ਨਾਲ ਮੁਲਾਕਾਤ ਸੀ। ਮੈਨੂੰ 'ਬੇਸ਼ਾਮੀ' ਤੋਂ 'ਚਪੜਾ' ਕਿਸੇ ਕੰਮ ਲਈ ਆਉਣਾ ਪੈਣਾ ਸੀ ਫਿਰ ਮੈਨੂੰ ਚਿੰਦਾਨੰਦ ਦਾ ਖਿਆਲ ਆਇਆ। ਸਾਡਾ ਸਾਂਝਾ ਦੋਸਤ, ਜਿਸਨੇ ਮੈਨੂੰ ਡਾ.



ਹਾਜ਼ਾਰਾ ਦਾ ਪਤਾ ਦਿੱਤਾ ਸੀ। ਉਸਨੇ ਡਾ. ਹਾਜ਼ਾਰਾ ਦੀ ਬਹੁਤ ਤਾਰੀਫ ਕੀਤੀ ਕਿ ਉਹ ਬਹੁਤ ਵਧੀਆ ਬੰਦਾ ਹੈ, ਉਸਦਾ ਸੁਭਾਅ ਬੜਾ ਚੰਗਾ ਹੈ, ਉਹ ਇਥੇ ਪਿਛਲੇ 30 ਸਾਲਾਂ ਤੋਂ ਰਹਿ ਰਿਹਾ ਹੈ। ਮੈਂ ਆਪਣੇ ਆਪ ਨੂੰ ਉਸਨੂੰ ਮਿਲਣ ਤੋਂ ਨਾ ਰੋਕ ਸਕਿਆ ਅਤੇ ਇਸੇ ਲਈ ਮੈਂ ਇਥੇ ਸੀ।

ਡਾ. ਹਾਜ਼ਰਾ ਨੇ ਆਪਣੀ ਗੁੱਟ ਘੜੀ ਵੇਖਣ ਲਈ ਬਾਂਹ ਘੁਮਾਈ।

ਉਸਨੇ ਮੇਰੇ ਵੱਲ ਮੂੰਹ ਕਰਕੇ ਪੁੱਛਿਆ, "ਮੈਨੂੰ ਲੱਗਦਾ ਹੈ ਕਿ ਤੁਸੀਂ ਕਿਸੇ ਕਿਸਮ ਦੀ ਕਾਹਲੀ ਵਿਚ ਨਹੀਂ ਹੋ? "

ਮੈਂ ਉੱਤਰ ਦਿੱਤਾ,"ਨਹੀਂ ਨਹੀਂ ਏਨੀ ਰਾਤੀਂ ਮੈਂ ਕੀ ਕਰਨਾ ਹੈ।"

"ਚਲੋ ਫਿਰ ਇੱਥੇ ਕਿਤੇ ਚੱਲੀਏ।"

"ਪਰ ਕਿੱਥੇ? "

"ਜਾਂਦਿਆਂ ... ਦੱਸਾਂਗਾ...।"

ਕਿਸੇ ਕਾਹਲੀ ਜਿਹੀ 'ਚ ਡਾ. ਹਾਜ਼ਰਾ ਨੇ ਮੇਜ਼ ਤੇ ਪਿਆ ਆਪਣਾ ਸਮਾਨ ਥੋੜਾ ਤਰਤੀਬ 'ਚ ਕੀਤਾ ਤੇ ਆਪਣਾ ਬੈਗ ਲੈ ਕੇ ਚਲ ਪਿਆ।

ਉਹ ਆਪਣਾ ਸਾਇਕਲ ਬਾਹਰ ਕੱਢਣ ਲਈ ਚਲਾ ਗਿਆ। ਫਿਰ ਉਸਨੇ ਸੋਚਿਆ ਕਿ ਸਾਇਕਲ ਤੇ ਨਾ ਜਾਇਆ ਜਾਏ।

"ਨਹੀਂ ਆਓ... ਇਕੱਠੇ ਪੈਦਲ ਚਲਦੇ ਹਾਂ। ਬਹੁਤੀ ਦੂਰ ਨਹੀਂ ਜਾਣਾ। ਮੈਨੂੰ ਲੱਗਦਾ ਆਪਣੇ ਨਾਲ ਟਾਰਚ ਲਜਾਣਾ ਕਾਫ਼ੀ ਰਹੇਗਾ।"

ਲੁਕ ਵਾਲੀ ਸੜਕ ਤੋਂ ਹੁੰਦਿਆਂ ਅਸੀਂ ਪਿੰਡ ਨੂੰ ਜਾਣ ਵਾਲੀ ਸੜਕ ਤੇ ਤੁਰ ਪਏ। ਸੜਕ ਦੇ ਦੋਹਾਂ ਪਾਸੇ ਮੱਕੀ ਦੇ ਖੇਤ ਸਨ ਤੇ ਟਿੱਡੀਆਂ ਤੇ ਬੀਂਡਿਆ ਦੀ ਆਵਾਜ਼ ਬੜੀ ਉੱਚੀ ਆ ਰਹੀ ਸੀ। ਡਾ. ਹਾਜ਼ਰਾ ਮੇਰੇ ਕਰਕੇ ਟਾਰਚ ਦੀ ਰੋਸ਼ਨੀ ਅੱਗੇ ਪਿੱਛੇ ਕਰ ਰਹੇ ਸਨ ਤਾਂ ਕਿ ਮੈਂ ਹਨੇਰੇ 'ਚ ਡਿੱਗ ਨਾ ਪਵਾਂ। ਅਚਾਨਿਕ ਉਸਨੇ ਕਿਹਾ, "ਹਰ ਕਦਮ ਤੇ ਸਾਨੂੰ ਇਹ ਖਿਆਲ ਰੱਖਣਾ ਚਾਹੀਦਾ ਹੈ ਕਿ ਇਹ ਬੰਗਾਲ ਨਹੀਂ ਹੈ।"

"ਹਮ ..ਮ ...ਮ।" ਮੈਂ ਹਨੇਰੇ 'ਚ ਹੀ ਸਿਰ ਹਿਲਾਇਆ।

"ਇਥੇ ਆਦਮੀ ਦੀ ਸਭ ਤੋਂ ਵੱਡੀ ਤ੍ਰਾਸਦੀ ਹੈ ਕਿ ਉਸਦੀ ਜਾਤ ਬਰਾਦਰੀ ਜਿਸ ਨਾਲ ਉਹ ਸੰਬੰਧਿਤ ਹੈ, ਇਹ ਨਾ ਸੋਚੋ ਕਿ ਮੈਂ ਇਥੇ ਜ਼ਮੀਨ ਪੁੱਟ ਕੇ ਕਮਾਈ ਨਹੀਂ ਕਰਦਾ, ਮੈਂ ਆਪਣੇ ਰੁਤਬੇ ਅਤੇ ਪਿਛੋਕੜ ਦੇ ਸਿਰ ਤੇ 30 ਸਾਲਾਂ ਤੋਂ ਕਮਾਈ ਕਰ ਰਿਹਾ ਹਾਂ। "

"ਫਿਰ? " ਮੈਂ ਜਾਨਣ ਲਈ ਉਤਸੁਕ ਸੀ।

"ਡਾ. ਹਾਜ਼ਰਾ ਨੇ ਆਪਣੀ ਕਮੀਜ਼ ਹੇਠੋਂ ਪਵਿੱਤਰ ਧਾਗਾ ਕੱਢ ਕੇ ਦਿਖਾਇਆ।

"ਇਸ ਨੇ ਮੇਰੀ ਖੁਸ਼ਹਾਲੀ ਵਿਚ ਬਹੁਤ ਯੋਗਦਾਨ ਪਾਇਆ।"

"ਇਹਦਾ ਕੀ ਮਤਲਬ? " ਮੈਨੂੰ ਪੁੱਛਣਾ ਹੀ ਪਿਆ।

ਡਾ. ਹਾਜ਼ਰਾ ਮੇਰੀ ਹੈਰਾਨੀ ਵਾਲੀ ਹਾਲਤ ਦੇਖ ਕੇ ਹੱਸੇ।

"ਤੁਸੀਂ ਕੁਝ ਨਹੀਂ ਸਮਝੇ? ਮੇਰੇ ਪਿਆਰੇ, ਮੈਂ ਇਹ ਸਭ ਚੀਜ਼ਾਂ ਪਵਿੱਤਰ ਧਾਗੇ ਆਦਿ ਕਦੇ ਨਹੀਂ ਪਾਉਂਦਾ ਸੀ। ਪਰ ਦੇਖ ਲਓ ਜੇ ਮੈਂ ਇੰਝ ਨਾ ਕਰਾਂ ਮੈਨੂੰ ਨਹੀਂ ਪਤਾ 'ਮਨੂੰ ਮਹਾਰਾਜ' ਮੈਨੂੰ ਕਿੱਥੇ ਪਹੁੰਚਾ ਦਵੇ। ਮੈਂ ਇਹ ਢੋਂਗ ਸਿਰਫ਼ ਕਮਾਈ ਲਈ ਕਰਦਾ ਹਾਂ। ਸਿਰਫ ਇੱਥੇ ਰਹਿਣ ਤੇ ਜਿਉਣ ਲਈ। ਹੁਣ ਸਮਝ ਆਈ?"

"ਤੁਸੀਂ ਇਹ ਸਭ? ਹੈਂ!!? ਮੈਨੂੰ ਯਕੀਨ ਨਹੀਂ ਆ ਰਿਹਾ। ਮੈਨੂੰ ਅੰਦਰ ਹੀ ਅੰਦਰ ਗੁੱਸਾ ਆਇਆ।

ਮੇਰੀਆਂ ਅੱਖਾਂ ਵਿਚੋਂ ਮੇਰਾ ਗੁੱਸਾ ਸਾਫ਼ ਝਲਕ ਰਿਹਾ ਸੀ। ਡਾ. ਹਾਜ਼ਰਾ ਨੂੰ ਅਹਿਸਾਸ ਹੋ ਗਿਆ ਸੀ ਕਿ ਮੈਨੂੰ ਇਸ ਗੱਲ ਦੀ ਤਕਲੀਫ਼ ਹੋਈ।

"ਤੂੰ ਅਜੇ ਵੀ ਉਸ ਖੇਹ-ਸੁਆਹ ਤੇ ਨਿਕੰਮੀ ਸੋਚ ਵਿਚ ਉਲਝਿਆ ਹੋਇਆ ਏ?"

"ਤੂੰ ਅੱਜ ਤੱਕ ਚੱਲੀ ਆ ਰਹੀ ਦੋਸਤੀ ਤੇ ਸਾਡੀ ਜਾਣ ਪਹਿਚਾਣ ਤੋਂ ਕੀ ਅੰਦਾਜ਼ਾ ਲਗਾਉਂਦਾ ਏ? " ਡਾ. ਹਾਜ਼ਰਾ ਦੀਆਂ ਅੱਖਾਂ ਵਿਚ ਇਕ ਚਮਕ ਜਿਹੀ ਆਈ।

ਮੈਂ ਅਚਾਨਿਕ ਉਸਦੀ ਦੱਸੀ ਹੋਈ ਤੇ ਉਸਦੀ ਬੀਤੀ ਜ਼ਿੰਦਗੀ ਬਾਰੇ ਸੋਚਣ ਲੱਗਾ। ਉਸਦੇ ਪਰਿਵਾਰ ਦੀ ਕਹਾਣੀ। ਮੈਂ ਉਲਝ ਜਿਹਾ ਗਿਆ, "ਨਹੀਂ, ਮੇਰਾ ਮਤਲਬ...।" ਮੈਂ ਪੁੱਛਣਾ ਚਾਹਿਆ।

" ਤੁਹਾਨੂੰ ਪਤਾ ਹੈ ਇਹ ਕੀ ਹੈ? " ਡਾ. ਹਾਜ਼ਰਾ ਨੇ ਕੁਝ ਗੱਲ ਕਰਨੀ ਚਾਹੀ,"ਜੇਕਰ ਤੁਹਾਡੀਆਂ ਆਪਣੀਆਂ ਹੀ ਨੀਹਾਂ ਮਜ਼ਬੂਤ ਨਹੀਂ ਹਨ ਤਾਂ ਤੁਸੀਂ ਕਿੰਝ ਲੜੋਗੇ? ਤੁਸੀਂ ਕਿਸਦੇ ਭਰੋਸੇ ਤੇ ਆਪਣਾ ਹੌਂਸਲਾ ਕਾਇਮ ਰੱਖੋਗੇ? "

ਡਾ. ਹਾਜ਼ਾਰਾ ਦਾ 'ਲੜਾਈ' ਸ਼ਬਦ ਤੋਂ ਅੰਦਾਜ਼ਾ ਲਗਾ ਸਕਦਾ ਸੀ ਕਿ ਉਹਨਾਂ ਦਾ ਕੀ ਮਤਲਬ ਸੀ।

ਅਸੀਂ ਚੁਪ ਚਾਪ ਤੁਰਦੇ ਰਹੇ ਤੇ ਫਿਰ ਮੈਂ ਪੁੱਛਿਆ ,"ਕੀ ਅਸੀਂ ਕੁਝ ਦੇਖਣ ਜਾ ਰਹੇ ਹਾਂ? "

ਉਸਨੇ ਅਜੀਬ ਜਿਹੇ ਮੁਸਕੁਰਾਉਂਦਿਆਂ ਕਿਹਾ, "ਹਾਂ! ਪਿਆਰ ਪਰ ਅਸਲ ਵਿਚ ਪਿਆਰ ਨਹੀਂ ਉਸਦੀ ਗਿਰਾਵਟ , ਸਨੱਮ ਬੋਨਸ।"

"ਉਹ ਕੀ ਹੈ? " ਮੈਂ ਜਾਨਣਾ ਚਾਹਿਆ, ਇਕ ਵਾਰ ਫਿਰ ਕੁਝ ਨਾ ਸਮਝ ਸਕਿਆ।

ਜਿਵੇਂ ਜਿਵੇਂ ਅਸੀਂ ਤੁਰਦੇ ਗਏ ਤਾਂ ਹਾਜ਼ਰਾ ਨੇ ਇਕ ਕਹਾਣੀ ਸੁਣਾਉਣੀ ਸ਼ੁਰੂ ਕੀਤੀ। ਇਸ ਵਿਚ ਕੁਝ ਵੀ ਨਵਾਂ ਨਹੀਂ ਸੀ। ਉਹ ਪੁਰਾਣੀ ਹੀ ਪਿੰਡ ਦੀ ਕਹਾਣੀ ਸੀ। ਉਹੀ ਪੁਰਾਣੀ ਕਹੀਆਂ ਸੁਣੀਆਂ ਗੱਲਾਂ। ਉਹ ਸਮਾਜਿਕ ਕਦਰਾਂ-ਕੀਮਤਾਂ ਜੋ ਇਕ ਆਦਮੀ ਦੀਆਂ ਇੱਛਾਵਾਂ ਅਤੇ ਅਜ਼ਾਦੀ ਨਸ਼ਟ ਕਰਦੀਆਂ ਸਨ। ਇਕ ਉੱਚੀ ਜਾਤ ਦਾ ਲੜਕਾ ਨੀਵੀਂ ਜਾਤ ਦੀ ਕੁੜੀ ਦੇ ਪਿਆਰ ਵਿਚ ਪੈ ਗਿਆ ਹੈ। ਉਹ ਦੋਵੇਂ ਆਪਣੀ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਲਈ ਘਰੋਂ ਭੱਜ ਗਏ ਤੇ ਫਿਰ ਫੜੇ ਗਏ ਵਾਪਸ ਪਿੰਡ ਵਿਚ ਲਿਆਂਦੇ ਗਏ। ਅੱਜ ਸ਼ਾਮ ਸਾਰੇ ਪਿੰਡ ਦੇ ਵੱਡੇ ਵਡੇਰਿਆਂ ਨੇ ਇਕੱਠੇ ਹੋ ਕੇ ਉਹਨਾਂ ਦੀ ਕਿਸਮਤ ਦਾ ਫੈਸਲਾ ਕਰਨਾ ਸੀ।

ਮੈਂ ਮੂਰਖਾਂ ਵਾਂਗ ਪੁੱਛਿਆ, "ਨਿਆ ਦੇ ਤੌਰ ਤੇ ਤਾਂ ਉਹ ਸਭ ਢੋਂਗ ਹੀ ਹੋਵੇਗਾ।"

"ਤੈਨੂੰ ਸਭ ਪਤਾ ਲੱਗ ਜਾਏਗਾ, ਜਦੋਂ ਤੂੰ ਉਥੇ ਜਾਏਗਾ।" ਡਾ. ਹਾਜ਼ਰਾ ਨੇ ਕਿਹਾ, "ਇਹ ਲੋਕ ਅਜਿਹੇ ਵਿਆਹ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਪਾਪ ਮੰਨਦੇ ਹਨ। ਇਹ ਇਕ ਬਹੁਤ ਵੱਡਾ ਸਮਾਜਿਕ ਜ਼ੁਰਮ ਹੈ ਉਹਨਾਂ ਲਈ। ਇਕ ਪਾਪ, ਮੈਨੂੰ ਨਹੀਂ ਪਤਾ ਹੁਣ ਉਹਨਾਂ ਦੋਹਾਂ ਦਾ ਕੀ ਬਣੇਗਾ। ਪਰ ਜਿਵੇਂ ਹੀ ਮੈਨੂੰ ਇਸ ਬਾਰੇ ਥੋੜਾ ਜਿਹਾ ਵੀ ਪਤਾ ਚੱਲਿਆ ਤਾਂ ਮੈਂ ਪੁਲਿਸ ਥਾਣੇ ਇਸ ਬਾਰੇ ਸੂਚਨਾ ਦੇ ਦਿੱਤੀ ਸੀ। ਇਸ ਤੋਂ ਵਧੀਆ ਹੋਰ ਕੋਈ ਸਾਵਧਾਨੀ ਨਹੀਂ ਸੀ। ਮੈਨੂੰ ਹੈਰਾਨੀ ਹੋਈ ਕਿ ਜਿਵੇਂ, "ਕਿਸਾਨ ਮੁਕਤੀ ਮੋਰਚਾ' ਸੰਸਥਾ ਵਰਗੀ ਸਾਨੂੰ ਕੋਈ ਸੰਸਥਾ ਅਜਿਹੇ ਮਸਲਿਆਂ ਨੂੰ ਹੱਲ ਕਰਨ ਲਈ ਬਣਾਉਣੀ ਚਾਹੀਦੀ ਹੈ।

ਕਿਸੇ ਦੇ ਕਦਮਾਂ ਦੀ ਆਹਟ ਸੁਣਦਿਆਂ ਹੀ ਡਾ. ਹਜ਼ਾਰਾ ਰੁਕ ਗਏ। ਕੁਝ ਸਮੇਂ ਵਿਚ ਹੀ ਅਸੀਂ ਉਸ ਜੋੜੇ ਦੇ ਬਾਰੇ ਫੈਸਲਾ ਕੀਤੇ ਜਾਣ ਵਾਲੀ ਥਾਂ ਤੇ ਆ ਗਏ। ਇਹ ਪਿੰਡ ਦਾ ਪੰਚਾਇਤ ਦਫ਼ਤਰ ਨਹੀਂ ਸੀ ਸਾਇਦ ਇਹ ਕੋਈ ਸ਼ਿਵ ਮੰਦਰ ਸੀ। ਪੰਜਾਹ ਕੁ ਲੋਕ ਇਕੱਠੇ ਉਹ ਇਕ ਗੈਸ ਨਾਲ ਚੱਲਦੀ ਲਾਲਟੈਨ ਦੇ ਦੁਆਲੇ ਬੈਠੇ ਸਨ। ਮੈਂ ਇਹ ਦੇਖ ਕੇ ਥੋੜਾ ਪਰੇਸ਼ਾਨ ਹੋਇਆ ਕਿ ਉਸ ਘੁੱਪ ਹਨੇਰੇ ਦੀ ਜਗ੍ਹਾ ਵਿਚ ਉਹਨਾਂ



ਲੋਕਾਂ ਦੇ ਪਰਛਾਵੇ ਹੋਰ ਵੀ ਹਨੇਰੇ ਵਿਚ ਲੁਕ ਗਏ ਸਨ। ਉਥੇ ਥੋੜੇ ਜਿਹੇ ਲੋਕ ਡਾਂਗਾ ਫੜ ਕੇ ਇਧਰ ਉਧਰ ਘੁੰਮ ਰਹੇ ਸਨ। ਉਹਨਾਂ ਵਿਚੋਂ ਇਕ ਨੇ ਬੜੇ ਰੋਹਬ ਨਾਲ ਪੁੱਛਿਆ, "ਕੌਣ ਹੈ ਉਧਰ? "

"ਮੈਂ ਹਾਂ ਡਾ. ਹਾਜ਼ਰਾ।"

"ਓ ਡਾਕਟਰ ਸਾਹਿਬ, ਨਮਸਤੇ!" ਇੰਝ ਕਹਿੰਦਿਆਂ ਉਹ ਉਥੋਂ ਚਲਾ ਗਿਆ। ਗੈਸ ਲਾਇਟ ਕੋਲ ਕੁਝ ਮੁੱਖ ਲੋਕ ਬੈਠੇ ਸਨ ਜੋ ਪੁਰਾਣੀਆਂ ਕਦਰਾਂ ਕੀਮਤਾਂ ਨੂੰ ਦਰਸਾਉਂਦੇ ਸਨ। ਉਹ ਲੋਕ ਤੇ ਉਹਨਾਂ ਦੀਆਂ ਗੱਲਾਂ ਮਾਹੌਲ ਤੇ ਭਾਰੀ ਬਣੀਆਂ ਹੋਈਆਂ ਸਨ। ਡਾਕਟਰ ਦੇ ਆਉਣ ਤੇ ਉਹਨਾਂ ਵਿਚੋਂ ਇਕ ਨੇ ਟਾਂਚ ਮਾਰਦਿਆਂ ਪੁੱਛਿਆ, "ਡਾਕਟਰ ਸਾਹਿਬ ਤੁਸੀਂ ਇੰਨੀ ਛੇਤੀ ਕਿਉਂ ਆ ਗਏ? "

"ਮੈਨੂੰ ਥੋੜਾ ਕੰਮ ਪੈ ਗਿਆ ਸੀ, ਪੰਡਿਤ ਜੀ।" ਡਾ. ਹਾਜ਼ਰਾ ਨੇ ਮੂੰਹ ਲਟਕਾਉਂਦਿਆਂ ਕਿਹਾ, "ਕੀ ਅਜੇ ਤੱਕ ਮੀਟਿੰਗ ਸ਼ੁਰੂ ਨਹੀਂ ਹੋਈ? "

"ਸ਼ੁਰੂ ਕਰਨ ਲਈ ਹੈ ਕੀ ਸੀ? ਉਹ ਤਾਂ ਖਤਮ ਵੀ ਹੋ ਗਈ।"

"ਖਤਮ ਵੀ ਹੋ ਗਈ? "

"ਹਾਂ ਭਾਈ, ਸਭ ਕੰਮ 10 ਮਿੰਟਾਂ ਵਿਚ ਹੋ ਗਿਆ ।"

"ਓ! ਡਾ. ਹਾਜ਼ਰਾ ਨੇ ਦੁੱਖੀ ਜਿਹਾ ਹੁੰਦਿਆਂ ਕਿਹਾ। ਉਸ ਨੇ ਆਲੇ-ਦੁਆਲੇ ਕੁਝ ਲੱਭਣ ਦੀ ਕੋਸ਼ਿਸ਼ ਕੀਤੀ।

"ਉਹ ਦੋਵੇਂ ਕਿੱਥੇ ਨੇ? ਕੀ ਤੁਸੀਂ ਉਹਨਾਂ ਨੂੰ ਜਾਣ ਦਿੱਤਾ? "

ਪਿੰਡ ਦਾ ਉਹ ਬੰਦਾ ਉੱਚੀ ਉੱਚੀ ਹੱਸਣ ਲੱਗਾ। "ਅਸੀਂ ਉਹਨਾਂ ਨੂੰ ਬੰਨ੍ਹ ਦਿੱਤਾ। ਜਾਓ ਤੇ ਆਪ ਹੀ ਦੇਖ ਲਓ। ਓਏ, ਰਾਮਲੱਖਣ, ਜਾਹ ਤੇ ਡਾ. ਸਾਹਿਬ ਨੂੰ ਉਹ ਦੋਨੋਂ ਦਿਖਾ ਦੇ।"

ਇਕ ਹੱਟਾ ਕੱਟਾ ਆਦਮੀ ਸਾਡੇ ਸਾਹਮਣੇ ਆ ਕੇ ਖੜਾ ਹੋ ਗਿਆ।

"ਆਓ ਜੀ।" ਉਸਨੇ ਕਿਹਾ।

ਅਸੀਂ ਉਸਦੇ ਪਿੱਛੇ ਪਿੱਛੇ ਗਏ। ਉਸਨੇ ਆਪਣੀ ਟਾਰਚ ਨਾਲ ਸਾਨੂੰ ਇਕ ਰੁੱਖ ਉੱਤੇ ਲਾਈਟ ਮਾਰਦਿਆਂ ਕਿਹਾ, "ਉਧਰ ਨੇ।"

ਮੈਂ ਸਾਫ਼ ਸਾਫ਼ ਦੋ ਸਰੀਰ ਰੁੱਖ ਨਾਲ ਬੰਨ੍ਹੇ ਹੋਏ ਤੇ ਮਰਦੇ ਹੋਏ ਦੇਖ ਸਕਿਆ। ਉਹ ਦੋਵੇ ਟਾਹਣੀਆਂ ਨਾਲ ਲਟਕੇ ਹੋਏ ਪ੍ਰਤੀਤ ਹੋ ਰਹੇ ਸਨ। ਮੇਰੀ ਤਾਂ ਇਹ ਸਭ ਦੇਖਦਿਆਂ ਚੀਕ ਹੀ ਨਿਕਲਣ ਲੱਗੀ ਸੀ ਪਰ ਡਾ. ਹਾਜ਼ਰਾ ਨੇ ਆਪਣੇ ਹੱਥ ਨਾਲ ਮੇਰਾ ਮੂੰਹ ਘੁੱਟ ਦਿੱਤਾ ਤੇ ਮੈਨੂੰ ਇਕ ਪਾਸੇ ਲੈ ਗਏ। ਫਿਰ ਉਹਨਾਂ ਨੇ ਮੈਨੂੰ ਇਕ ਪਾਸੇ ਲਿਜਾ ਕੇ ਡਾਂਟਿਆ, "ਕਿੰਨੀ ਦਰਦਨਾਕ ਮੌਤ ਹੈ ਦੋਹਾਂ ਬੇਕਸੂਰਾਂ ਦੀ!" ਇਹ ਲੋਕ ਜਾਨਵਰ ਨੇ ਜਾਂ ਇਨਸਾਨ? " ਮੈਂ ਆਪਣੇ ਆਪ ਨੂੰ ਪੁੱਛਿਆ।

ਇਕ ਆਦਮੀ ਨੇ ਨੇੜੇ ਜਿਹੇ ਆ ਕੇ ਪੁੱਛਿਆ, "ਕੀ ਹੋਇਆ ਡਾਕਟਰ ਸਾਹਿਬ? "

"ਕੁਝ ਨਹੀਂ ਸਾਇਦ ਇਹ ਕੁੱਝ ਚੰਗਾ ਮਹਿਸੂਸ ਨਹੀਂ ਕਰ ਰਹੇ ਸੀ ਪਰ ਹੁਣ ਠੀਕ ਨੇ।"

ਸ਼ਾਇਦ ਉਹ ਠੀਕ ਹੀ ਸਨ। ਮੇਰਾ ਸਿਰ ਘੁੰਮ ਰਿਹਾ ਸੀ। ਮੈਂ ਆਪਣੇ ਆਪ ਨੂੰ ਠੀਕ ਕਰਨ ਦੀ ਕੋਸ਼ਿਸ਼ ਵਿਚ ਲੱਗਾ ਹੋਇਆ ਸੀ। ਪਰ ਮੈਂ ਉਸ ਡਰ ਵਿਚੋਂ ਕਿੰਝ ਨਿਕਲ ਸਕਦਾ ਸੀ, ਜਿਸ ਨੇ ਆਪਣੇ ਸ਼ਿਕੰਜੇ ਵਿਚ ਲੈ ਕੇ ਮੈਨੂੰ ਸੁੰਨ੍ਹ ਕੀਤਾ ਹੋਇਆ ਸੀ? ਕਿੰਨੀ ਭਿਆਨਿਕ ਚੀਜ਼ ਵਾਪਰੀ ਸੀ।

ਥੋੜੀ ਦੇਰ ਪਿੱਛੋਂ ਇਕ ਮੋਟਰ ਦੀ ਆਵਾਜ਼ ਵਰਗੀ ਆਵਾਜ਼ ਨੇ ਸਾਰੀ ਸਾਂਤੀ ਭੰਗ ਕਰ ਦਿੱਤੀ। ਇਕ ਪੁਲਿਸ ਵਾਲਾ ਕਾਹਲੀ ਕਾਹਲੀ ਮੰਦਰ ਦੇ ਨੇੜੇ ਦੇ ਇਕ ਰੁੱਖ ਕੋਲ ਆ ਪਿਆ।"

"ਪੁਲਿਸ!!"

"ਦੇਖੋ!! ਪੁਲਿਸ ਆ ਗਈ।"

ਡਾ. ਹਾਜ਼ਰਾ ਮੰਦਰ ਵੱਲ ਤੇਜੀ ਨਾਲ ਤੁਰ ਪਏ। ਸਾਰੀ ਭੀੜ ਇਹ ਦ੍ਰਿਸ਼ ਦੇਖ ਕੇ ਹੈਰਾਨ ਹੋ ਗਈ। ਉਹਨਾਂ ਨੂੰ ਪੁਲਿਸ ਦੀ ਤਾਂ ਉਸ ਥਾਂ ਉਮੀਦ ਹੀ ਨਹੀਂ ਕੀਤੀ ਸੀ। ਪਰ ਅਗਲੇ ਦਸ ਮਿੰਟਾਂ ਵਿਚ ਇਹ ਦ੍ਰਿਸ਼ ਵੀ ਖਤਮ ਹੋ ਗਿਆ ਪਿੰਡ ਦਾ ਮੁੱਖੀ ਪੁਲਿਸ ਕੋਲ ਗਿਆ ਤੇ ਕੁਝ ਗੱਲਬਾਤ ਕੀਤੀ। ਉਹਨਾਂ ਵਿਚਕਾਰ ਕੁਝ ਗੱਲਾਂ ਹੋਈਆਂ ਤੇ ਕੁਝ ਸਾਂਝਦਾਰੀ ਵਾਲਾ ਫੈਸਲਾ ਵੀ ਹੋਇਆ। ਉਹ ਆਪਸ ਵਿਚ ਗੱਲਾਂ ਕਰਦਿਆਂ ਵਿਚ ਵਿਚ ਹੱਸਦੇ ਵੀ ਸਨ। ਪਿੰਡ ਵਾਲੇ ਫਿਰ ਆਪਣੀ ਆਪਣੀ ਥਾਂ ਤੇ ਬੈਠਣ ਲੱਗੇ ਜਿਵੇਂ ਕੁਝ ਵੀ ਨਾ ਹੋਇਆ ਹੋਵੇ।

ਡਾ. ਹਾਜ਼ਰਾ ਹੌਲੀ ਹੌਲੀ ਪੁਲਿਸ ਦੀ ਜੀਪ ਕੋਲ ਚੱਲ ਕੇ ਗਏ।

"ਨਮਸਤੇ ਡਾਕਟਰ ਬਾਬੂ।"

"ਓ ਠਾਣੇਦਾਰ ਸਾਹਿਬ?"

"ਕੀ ਸਭ ਕੁਝ ਠੀਕ ਏ?"

"ਓ! ਹਾਂ ਜੀ ਹਾਂ ਜੀ ਬਿਲਕੁਲ ਮੁੱਖੀਆਂ ਜੀ ਨੇ ਕਿਹਾ ਕਿ ਇਹ ਆਤਮ ਹੱਤਿਆ ਦਾ ਕੇਸ ਹੈ ਤੇ ਇਹ ਆਤਮ ਹੱਤਿਆ ਹੀ ਹੋਵੇਗੀ , ਹੋਰ ਕੀ ਹੋ ਸਕਦਾ?"

ਫਿਰ ਜੀਪ ਹਨੇਰੇ ਵਿਚ ਕਿਤੇ ਗੁਆਚ ਗਈ ਅਤੇ ਅਸੀਂ ਵੀ ਉਸ ਪੰਚਾਇਤ ਲੱਗਣ ਵਾਲੀ ਥਾਂ ਤੋਂ ਦੂਰ ਜਾਣ ਲੱਗੇ ਤੇ ਸਾਡੇ ਵਿਚਕਾਰ ਬਿਲਕੁਲ ਚੁੱਪ ਪਸਰ ਗਈ। ਸਾਡੇ ਵਿਚੋਂ ਕੋਈ ਵੀ ਇਕ ਸ਼ਬਦ ਵੀ ਨਾ ਬੋਲ ਸਕਿਆ। ਅਸੀਂ ਦੋਵੇਂ ਦੋ ਪੱਥਰਾਂ ਵਾਂਗ ਉਸ ਹਨੇਰੇ ਵਿਚ ਗੁਆਚ ਰਹੇ ਸਾਂ।

ਕਾਫ਼ੀ ਫਰਲਾਂਗ ਅਗਾਹ ਲੰਘ ਕੇ ਡਾ. ਹਾਜ਼ਰਾ ਦੀ ਚੀਕ ਮੱਕੀ ਦੇ ਖੇਤ ਵਿਚ ਗੂੰਜੀ। "ਹੇ ਭਗਵਾਨ! ਉਹਨਾਂ ਪਾਪੀਆਂ ਨੂੰ ਕਦੇ ਨਾ ਛੱਡੀ। ਕਦੇ ਵੀ ਨਾ। ਉਹ ਮਨੁੱਖ ਜਾਤੀ ਦੇ ਮੂੰਹ ਤੇ ਇਕ ਗੰਦਾ ਧੱਬਾ ਹਨ।" ਉਹ ਥੋੜੀ ਦੇਰ ਰੁਕਿਆ ਆਪਣੇ ਹੰਝੂ ਧੋਤੀ ਨਾਲ ਪੂੰਝਦਿਆਂ ਉਹ ਮੇਰੇ ਵੱਲ ਦੁੱਖੀ ਹੋ ਕੇ ਵੇਖਣ ਲੱਗਾ।

"ਤੁਸੀਂ ਉਦੋਂ ਕੀ ਕਹਿ ਰਹੇ ਸੀ? ਇਕਨਵੇਂ ਵਿਚੋਂ ਸੰਤਾਲੀ ਗਏ ਤਾਂ ਕਿੰਨੇ ਹੁੰਦੇ ਨੇ? "

ਡਾ. ਹਾਜ਼ਰਾ ਦੀਆਂ ਅੱਖਾਂ ਨੇ ਅਸਮਾਨ ਵੱਲ ਟਿਕਟਿਕੀ ਲਾਈ ਹੋਈ ਸੀ। ਉਹ ਇਸ ਸਵਾਲ ਦਾ ਜਵਾਬ ਦੂਰ ਕਿਤੋਂ ਅਸਮਾਨ ਵਿਚੋਂ ਲੱਭ ਰਿਹਾ ਸੀ। ਉਸ ਦੀਆਂ ਅੱਖਾਂ ਲੱਖਾਂ ਕਰੋੜਾਂ ਤਾਰਾਂ ਸਮੂਹ ਦੇ ਅੰਬਰ ਵਿਚੋਂ ਇਸ ਗੱਲ ਦਾ ਉੱਤਰ ਲੱਭਣ ਲੱਗੀਆਂ।

ਇਨ੍ਹਾਂ ਗੱਲਾਂ ਦਾ ਜਿਆਦਾ ਡੂੰਘਾਈ 'ਚ ਅਹਿਸਾਸ ਨਾ ਹੁੰਦਿਆਂ ਮੈਂ ਵੀ ਉਹਨਾਂ ਦੀ ਤਲਾਸ਼ ਦਾ ਹਿੱਸਾ ਬਣ ਗਿਆ ਤੇ ਮੇਰੀਆਂ ਅੱਖਾਂ ਵੀ ਕੁਝ ਤਲਾਸ਼ ਕਰਨ ਲੱਗੀਆਂ ਤੇ ਵਿਸ਼ਾਲ ਅਸਮਾਨ ਵੱਲ ਦੇਖ ਕੇ ਕੁਝ ਲੱਭਣ ਦੀ ਕੋਸ਼ਿਸ਼ ਕਰਨ ਲੱਗੀਆਂ ਕਿ ਇਸ ਸਭ ਦਾ ਉੱਤਰ ਖ਼ਬਰੇ ਉਤੋਂ ਹੀ ਕਿਤੋਂ ਮਿਲ ਜਾਵੇ।

## ਪਾਠਕਾਂ , ਲੇਖਕਾਂ ਲਈ ਸੂਚਨਾ

'ਕਹਾਣੀ ਧਾਰਾ' ਨੂੰ ਪੜਚੋਲ ਲਈ ਦੋ ਪੁਸਤਕਾਂ ਭੇਜੀਆਂ ਜਾਣ।
ਵਿਦੇਸ਼ੀ ਪਾਠਕਾਂ ਨੂੰ ਬੇਨਤੀ ਹੈ ਕਿ ਚਿੱਠੀ ਵਿਚ ਵਿਦੇਸ਼ੀ ਕਰੰਸੀ ਪਾ ਕੇ ਨਾ ਭੇਜੀ ਜਾਵੇ। ਇਹ ਗੈਰ ਕਾਨੂੰਨੀ ਹੈ ਅਤੇ ਡਾਕ ਵਿਭਾਗ ਇਸ ਨੂੰ ਆਪਣੇ ਕਬਜੇ ਵਿਚ ਲੈ ਲੈਂਦਾ ਹੈ।
ਇਸ ਅੰਕ ਤੋਂ ਅਸੀਂ ਉਨ੍ਹਾਂ ਪਾਠਕਾਂ ਨੂੰ ਪਰਚਾ ਬੰਦ ਕਰ ਰਹੇ ਹਾਂ ਜਿਨ੍ਹਾਂ ਦਾ ਚੰਦਾ ਮੁੱਕ ਗਿਆ ਹੈ ਜਾਂ ਜਿਨ੍ਹਾਂ ਨੇ ਲਾਰਾ ਲਾ ਕੇ ਚੰਦਾ ਭੇਜਿਆ ਹੀ ਨਹੀਂ।



## ਤਮਿਲ ਕਹਾਣੀ / ਇਕ ਡੂੰਘੀ ਰਾਤ / ਅਝਾਕਿਆ ਪੇਰੀਯਾਵਨ

ਉਹ ਰਹੱਸਮਈ ਡੂੰਘੀ ਰਾਤ ਅਜੀਬ ਜਿਹਾ ਡਰ ਤੇ ਸੰਨਾਟਾ ਪੈਦਾ ਕਰ ਰਹੀ ਸੀ। ਇੰਝ ਲੱਗਦਾ ਜਿਵੇਂ ਉਹ ਮਾਂ ਤੇ ਧੀ ਲੁਕਣਮੀਟੀ ਖੇਡ ਰਹੇ ਹੋਣ। ਉਸਨੇ ਆਪਣੇ ਘਰੋਂ ਇਕ ਟਾਰਚ ਹੀ ਲਿਆਂਦੀ ਸੀ। ਉਹ ਹੌਲੀ ਹੌਲੀ ਦਰਵਾਜ਼ਾ ਖੋਲਦੀ ਤੇ ਬੰਦ ਕਰ ਦਿੰਦੀ। ਦਰਵਾਜ਼ੇ ਦੀ ਆਵਾਜ਼ ਉਸਦਾ ਆਪਣਾ ਹੀ ਇਤਿਹਾਸ ਸੁਣਾਦਾ ਸੀ। ਦਾਦਾ ਜੀ ਨੇ ਤਰਖਾਣ ਦੀ ਮਦਦ ਨਾਲ ਟੀਕ ਦੀ ਲੱਕੜੀ ਘਰ ਵਿਚ ਲਿਆ ਕੇ ਇਸਨੂੰ ਬਣਾਇਆ ਗਿਆ। ਦਰਵਾਜ਼ਾ ਐਨਾ ਭਾਰਾ ਸੀ ਕਿ ਉਹ ਬੜੀ ਮੁਸ਼ਕਲ ਨਾਲ ਨਾ ਚਾਹੁੰਦਿਆਂ ਖੁੱਲ੍ਹਦਾ ਤੇ ਬੰਦ ਹੁੰਦਾ। ਜਦੋਂ ਉਹ ਦਰਵਾਜ਼ੇ ਨੂੰ ਹੱਥ ਲਗਾਉਂਦੀ ਤਾਂ ਉਸਨੂੰ ਕਿਸੇ ਅਜੀਬ ਜਿਹੇ ਜਾਨਵਰ ਦੀ ਅਵਾਜ਼ ਦਾ ਅਹਿਸਾਸ ਹੁੰਦਾ।

ਹਨੇਰਾ ਬਹੁਤ ਹੋ ਚੁੱਕਾ ਸੀ। ਉਸਨੂੰ ਉਸਦਾ ਅਹਿਸਾਸ ਹਰ ਜਗ੍ਹਾ ਹੋ ਰਿਹਾ ਸੀ, ਉਸ ਚਾਨਣੀ ਰਾਤ ਉਸਦਾ ਸਾਥ ਸੀ। ਉਹ ਜਾਣਦੀ ਸੀ ਕਿ ਲੋਗਾਨਾਥਨ ਅੰਕਲ ਦਾ ਕੁੱਤਾ ਪੇਲੇਆਲ ਮੰਦਰ ਦੀ ਕੰਧ ਨਾਲ ਹੀ ਬੈਠਾ ਹੋਵੇਗਾ। ਉਹ ਇਹ ਸੋਚ ਕੇ ਹੀ ਚਿੜ ਰਹੀ ਸੀ ਕਿ ਉਹ ਉਹਨਾਂ ਨੂੰ ਦੇਖ ਦੇ ਭੌਂਕੇਗਾ। ਉਸਦੇ ਦਿਲ ਦੀ ਧੜਕਣ ਵੱਧ ਗਈ। ਉਸਦੀ ਚਾਲ ਹੌਲੀ ਹੋ ਗਈ। ਉਸਨੇ ਆਪਣੀ ਬੈਟਰੀ ਬੰਦ ਕਰ ਦਿੱਤੀ ਤਾਂ ਕਿ ਉਸਦੇ ਬਾਰੇ ਪਤਾ ਨਾ ਲੱਗੇ। ਕੁੱਤਾ ਆਪਣੀ ਥਾਂ ਤੇ ਨਹੀਂ ਲੱਗਦਾ ਸੀ। ਉਹ ਉਸ ਜਗ੍ਹਾ ਤੋਂ ਜਲਦੀ ਨਾਲ ਲੰਘ ਗਈ।

ਗਲੀ ਦੇ ਆਖੀਰ ਤੇ ਦੋ ਜਣੇ ਕੰਬਲ ਲਪੇਟੀ ਸੁੱਤੇ ਹੋਏ ਸਨ। ਤੇ ਦੂਜੇ ਪਾਸੇ ਪਾਥੀਆਸਰੀਮਲ ਦਾ ਦੈਵੀ ਚਿਹਰਾ ਬਹੁਤ ਸੁੰਦਰ ਤੇ ਗੋਲ ਅੱਖਾਂ ਵਾਲਾ ਚਿਹਰਾ ਉਸ ਵੱਲ ਵੇਖ ਕੇ ਮੁਸਕਰਾ ਰਿਹਾ ਸੀ।

ਉਸ ਮੂਰਤੀ ਤੇ ਉੱਪਰ ਮੱਧਮ ਜਿਹੀ ਰੌਸ਼ਨੀ ਜਗਦੀ ਸੀ। ਉਹ ਬੜੀ ਭਾਵੁਕ ਹੋ ਕੇ ਉਸ ਨਿੰਮ ਤੇ ਪਿੱਪਲ ਦੇ ਰੁੱਖਾਂ ਦੀ ਛਾਂ ਨੂੰ ਚੇਤੇ ਕਰਨ ਲੱਗੀ ਜਿਸ ਹੇਠ ਉਹ ਆਪਣੀ ਬੱਸ ਦੀ ਉਡੀਕ ਕਰਦੀ ਸੀ। ਉਹ ਉਸ ਮੂਰਤੀ ਕੋਲ ਆਈ ਉਸ ਉੱਤੇ ਲੱਗਾ ਸੰਧੂਰ ਮੱਥੇ ਤੇ ਲਗਾਇਆ ਤੇ ਬੜੀ ਸ਼ਰਧਾ ਨਾਲ ਹੱਥ ਜੋੜ ਕੇ ਪ੍ਰਾਰਥਨਾ ਕਰਨ ਲੱਗੀ। ਇਕ ਦਮ ਉਸਦੀ ਲੂੰਈਂ ਖੜੀ ਹੋ ਗਈ ਤੇ ਉਸਨੂੰ ਇੰਝ ਲੱਗਾ ਜਿਵੇਂ ਉਸਦੇ ਅੰਦਰ ਕੋਈ ਸ਼ਕਤੀ ਸਰਸਰਾ ਗਈ ਹੋਵੇ। ਉਸਦੀਆਂ ਅੱਖਾਂ ਨਮ ਹੋ ਗਈਆਂ। ਉਹ ਚਾਹੁੰਦੀ ਸੀ ਕਿ ਥੋੜੀ ਦੇਰ ਹੋਰ ਉਸ ਦੈਵੀ ਚਿਹਰੇ ਨੂੰ ਦੇਖੇ। ਉਸਦਾ ਵਿਸ਼ਵਾਸ ਸੀ ਕਿ ਇਹ ਦੈਵੀ ਚਿਹਰਾ ਸਭ ਤੋਂ ਜਿਆਦਾ ਪ੍ਰਭਾਵਸ਼ਾਲੀ ਸੀ ਉਹਨਾਂ ਦੈਵੀ ਚਿਹਰਿਆਂ ਤੋਂ ਜੋ ਉਸਨੇ ਹੁਣ ਤੱਕ ਦੇਖੇ ਸਨ।

ਉਹ ਸੜਕ ਤੇ ਤੇਜ਼ ਤੁਰਨ ਲੱਗੀ। ਰਸਤੇ ਦੇ ਦਰਖ਼ਤ ਇਕ ਪਾਸੇ ਹੋ ਕੇ ਉਸ ਲਈ ਰਸਤਾ ਬਣਾ ਰਹੇ ਸਨ। ਇਸੇ ਰਸਤੇ ਉੱਤੇ ਉਹ ਸਾਫ਼ ਸਾਫ਼ ਛੱਪੜ ਦੇ ਡੱਡੂਆਂ ਦੀ ਆਵਾਜ਼ ਸੁਣ ਸਕਦੀ ਸੀ। ਕਿਹਾ ਜਾਂਦਾ ਸੀ ਕਿ ਉਸਦੇ ਦਾਦਾ ਜੋ ਪਿੰਡ ਦੇ ਮੁੱਖੀ ਸਨ ਉਹਨਾਂ ਦੁਆਰਾ ਉਹ ਛੱਪੜ ਬਣਾਏ ਗਏ ਸਨ। ਪਹਾੜਾਂ ਵਲੋਂ ਚਰ ਕੇ ਆਏ ਪਸ਼ੂਆਂ ਦੀ ਪਿਆਸ ਬੁਝਾਉਣ ਲਈ ਉਹਨਾਂ ਛੱਪੜਾ ਵਿਚ ਥੋੜ੍ਹਾ ਬਹੁਤ ਪਾਣੀ ਹਮੇਸ਼ਾਂ ਪਾਇਆ ਜਾਂਦਾ ਸੀ।

ਉਹਨਾਂ ਦੇ ਕੰਢਿਆ ਤੇ ਡੱਡੂ ਵੀ ਤਰਦੇ ਹੁੰਦੇ। ਪਿੰਡ ਦੇ ਲੋਕ ਜੋ ਜੰਗਲ ਪਾਣੀ ਲਈ ਖੇਤਾਂ ਵਿਚ ਜਾਂਦੇ ਸਾਰੇ ਉਹ ਵੀ ਇਸ ਦਾ ਪਾਣੀ ਵਰਤਦੇ ਤੇ ਇਹ ਵੀ ਯਕੀਨ ਕਰਦੇ ਕਿ ਉਹਨਾਂ ਨੂੰ ਕੋਈ ਦੇਖ ਵੀ ਨਾ ਰਿਹਾ ਹੋਵੇ। ਇਹ ਸੋਚਦਿਆਂ ਉਸਦੇ ਚਿਹਰੇ ਤੇ ਹਲਕੀ ਜਿਹੀ ਮੁਸਕਾਨ ਆਈ ਤੇ ਅਜਿਹੀ ਹੀ ਇਕ ਹੋਰ ਘਟਨਾ ਉਸਦੇ ਦਿਮਾਗ਼ ਵਿਚ ਆਈ। ਇਕ ਪਿੰਡ ਦਾ ਬਜ਼ੁਰਗ ਜਿਸ ਦੇ ਐਨਕਾਂ ਲੱਗੀਆਂ ਹੋਈਆਂ ਸਨ ਉਸੇ ਹੌਦੀ ਦਾ ਪਾਣੀ ਜੰਗਲ ਪਾਣੀ ਤੋਂ ਬਾਅਦ ਵਰਤ ਰਿਹਾ ਸੀ। ਤੇ ਆਲਾ ਦੁਆਲਾ ਵੀ ਵੇਖ ਰਿਹਾ ਸੀ ਤਾਂ ਕਿ ਉਸਨੂੰ ਕੋਈ ਦੇਖ ਨਾ ਰਿਹਾ ਹੋਵੇ ਪਰ ਉਸਨੂੰ ਜਦ ਪਤਾ ਚੱਲਿਆ ਕਿ ਉਹ ਉਸਨੂੰ ਦੇਖ ਰਹੀ ਹੈ

ਤਾਂ ਉਹ ਹੌਦੀ ਦੇ ਪਾਣੀ ਵਿਚ ਡਿੱਗ ਪਿਆ।

ਮੁਰਗੀਖਾਨਾ ਲੰਘਦਿਆਂ ਉਹ ਇਕ ਨਾਲੇ ਨੂੰ ਪਾਰ ਕਰ ਰਹੀ ਸੀ। ਹੈਰਾਨੀਜਨਕ ਢੰਗ ਨਾਲ ਉਸਦੀ ਮਾਂ ਉਥੇ ਆ ਗਈ। ਬਿਲਕੁਲ ਚੁੱਪ ਚਾਪ ਉਹ ਉਸਦਾ ਪਿੱਛਾ ਕਰਨ ਲੱਗੀ। ਉਹ ਉਸਦਾ ਹੱਥ ਖਿੱਚ ਕੇ ਉਸ ਨੂੰ ਰੋਕਦੀ। ਉਸਦੀ ਮਾਂ ਦੇ ਹੱਥਾਂ ਦੀ ਕੋਮਲਤਾ ਕਿਤੇ ਗੁਆਚ ਚੁੱਕੀ ਸੀ ਉਹ ਬੜੇ ਰੁੱਖੇ ਤੇ ਖੁਰਦਰੇ ਹੋ ਚੁੱਕੇ ਸਨ। ਜਦੋਂ ਉਸਦੀ ਮਾਂ ਨੇ ਉਸਨੂੰ ਕਲਾਵੇ ਵਿਚ ਲੈਣ ਲਈ ਬਾਂਹ ਅੱਗੇ ਵਧਾਈ ਤਾਂ ਉਹ ਇਕ ਦਮ ਝਾੜੀ ਜਿਹੀ ਪਿੱਛੇ ਆਪਣਾ ਆਪ ਛੁਡਾ ਕੇ ਲੁੱਕ ਗਈ।

ਉਸਦੀ ਮਾਂ ਬਾਹਾਂ ਫੈਲਾ ਕੇ ਹਨੇਰੇ ਵਿਚ ਉਸਨੂੰ ਇੰਝ ਲੱਭਣ ਲੱਗੀ ਜਿਵੇਂ ਕੋਈ ਲੁਕਣ ਮੀਟੀ ਖੇਡ ਰਿਹਾ ਹੋਵੇ। ਇਸ ਤੋਂ ਪਹਿਲਾਂ ਕਿ ਉਹ ਉਹਨਾਂ ਝਾੜੀਆਂ ਤੋਂ ਨਿਕਲਦੀ ਉਸਦੀ ਮਾਂ ਸਭ ਝਾੜੀਆਂ ਲੰਘ ਕੇ ਉਸ ਵੱਲ ਆਉਣ ਲੱਗੀ। ਲਗਾਤਾਰ ਉਸਤੋਂ ਬੱਚਣ ਦੀ ਕੋਸ਼ਿਸ਼ ਕਰਨ ਉਹ ਥੱਕ ਕੇ ਚੂਰ ਹੋ ਗਈ। ਉਸਦੀਆਂ ਬਾਹਵਾਂ ਝਾੜੀਆਂ ਵਾਂਗ ਹੀ ਫੈਲੀਆਂ ਜਾਪਦੀਆਂ ਸਨ। ਉਹ ਬੱਸ ਉਸਨੂੰ ਫ਼ੜਨ ਹੀ ਵਾਲੀਆਂ ਸਨ। ਉਸਨੇ ਭੱਜਣਾ ਸ਼ੁਰੂ ਕਰ ਦਿੱਤਾ। ਉਹ ਪੂਰੀ ਕੋਸ਼ਿਸ਼ ਵਿਚ ਸੀ ਕਿ ਉਹ ਆਪਣੀ ਮਾਂ ਦੇ ਹੱਥ ਨਹੀਂ ਆਏਗੀ ਡਰ ਨਾਲ ਉਸਨੂੰ ਮਹਿਸੂਸ ਹੋਇਆ ਜਿਵੇਂ ਉਹ ਆਪਣੀ ਮਾਂ ਦੇ ਸ਼ਿਕੰਜੇ ਵਿਚ ਫਸ ਚੁੱਕੀ ਹੈ ਬਹੁਤ ਸਾਹੋ ਸਾਹ ਹੋ ਗਈ। ਰਾਤ ਨੂੰ ਆ ਰਹੀ ਬੀਂਡਿਆਂ ਦੀ ਆਵਾਜ਼ ਉਸਨੂੰ ਪਰੇਸ਼ਾਨ ਕਰਨ ਲੱਗੀ। ਰੁੱਖ ਉਸਨੂੰ ਪੱਥਰਾਂ ਤੇ ਖੰਭਿਆ ਵਰਗੇ ਲੱਗਣ ਲੱਗੇ। ਜਦੋਂ ਉਹ ਆਪਣੀ ਟਾਰਚ ਨਾਲ ਥੋੜੀ ਰੌਸ਼ਨੀ ਕਰਦੀ ਤਾਂ ਰੁੱਖ ਆਪਸ ਵਿਚ ਜੁੜ ਕੇ ਇਕ ਦੁਆਰ ਜਿਹਾ ਬਣਾ ਕੇ ਉਸ ਦੇ ਸਵਾਗਤ ਕਰਦੇ ਪ੍ਰਤੀਤ ਹੁੰਦੇ। ਉਸਦੇ ਪੈਰ੍ਹਾਂ ਦੀ ਆਵਾਜ਼ ਤੋਂ ਇਲਾਵਾ ਹੋਰ ਕੋਈ ਵੀ ਆਵਾਜ਼ ਸੁਣਾਈ ਨਹੀਂ ਦੇ ਰਹੀ ਸੀ। ਉਸਨੂੰ ਹਰਿਆਲੀ ਦੀ ਬੋ ਤੇ ਹਵਾ ਵਿਚ ਠੰਡਕ ਜਿਹੀ ਮਹਿਸੂਸ ਹੋ ਰਹੀ ਸੀ।

ਫਾਈਬਰ ਤੋਂ ਰੱਸੀਆਂ ਬਣਾਉਣ ਵਾਲੇ ਪਹੀਏ ਵੀ ਉਥੇ ਪਏ ਸਨ। ਡੂੰਘੀ ਤੇ ਹੈਰਾਨ ਕਰਨ ਵਾਲੀ ਰਾਤ ਦਾ ਅਹਿਸਾਸ ਦੁਆਉਣ ਵਾਲੀਆਂ ਸਭ ਚੀਜ਼ਾਂ ਉਸੇ ਦੀ ਉਡੀਕ ਕਰਦੀਆਂ ਲੱਗਦੀਆਂ ਸਨ। ਥੋੜਾ ਅੱਗੇ ਜਾ ਕੇ ਉਸਨੂੰ ਲੱਗਾ ਕਿ ਉਸਦੀ ਮਾਂ ਤੇਜ਼ੀ ਨਾਲ ਅੱਗੇ ਵਧੱਣ ਲੱਗੀ ਹੈ। ਉਹ ਇਕ ਸ਼ਿਕਾਰੀ ਵਾਂਗ ਉਸ ਦੀ ਭਾਲ ਵਿਚ ਸੀ ਤੇ ਜਾਪਦਾ ਸੀ ਕਿ ਉਹ ਉਸਦਾ ਸ਼ਿਕਾਰ ਹੋ ਹੀ ਜਾਵੇਗਾ। ਉਹਨਾਂ ਭੋਲੇ ਭਾਲੇ ਪੰਛੀਆਂ ਬਾਰੇ ਸੋਚਣ ਲੱਗੀ ਜੋ ਉਸਦੀ ਮਾਂ ਦੇ ਰਸਤੇ ਵਿਚ ਆ ਗਏ ਤੇ ਆਪਣੀ ਜਾਨ ਗੁਆ ਬੈਠੇ। ਉਹਨਾਂ ਵਿਚੋਂ ਸਭ ਤੋਂ ਵੱਧ ਕਾਂ ਸਨ। ਇਨ੍ਹਾਂ ਗੱਲਾਂ ਨੂੰ ਸੋਚਦਿਆਂ ਸੋਚਦਿਆਂ ਉਸ ਦੀ ਮਾਂ ਨੇ ਉਸ ਨੂੰ ਆਪਣੀ ਪਕੜ ਵਿਚ ਲੈ ਲਿਆ। ਤੇ ਉਹ ਹੁਣ ਹਿਲਜੁਲ ਨਹੀਂ ਸਕਦੀ ਸੀ। ਆਪਣੀ ਮਾਂ ਪ੍ਰਤੀ ਵਿਰੋਧ ਉਸ ਦੀਆਂ ਅੱਖਾਂ ਵਿਚ ਸਾਫ਼ ਝਲਕ ਰਿਹਾ ਸੀ ਜੋ ਉਸਦੀ ਮਾਂ ਨੂੰ ਹੋਰ ਵੀ ਨਰਾਜ਼ ਕਰ ਰਿਹਾ ਸੀ।

ਜਦੋਂ ਉਸਨੇ ਉਸਨੂੰ ਪਹਿਲੀ ਵਾਰ ਦੇਖਿਆ ਤਾਂ ਉਹ ਹੈਰਾਨ ਹੋ ਗਈ। ਇਹ ਸੋਚ ਕੇ ਕਿ ਕਿਵੇਂ ਉਸਨੇ ਉਸਨੂੰ ਯਾਦ ਕਰਦਿਆਂ ਇਕ ਸਾਲ ਬੀਤਾਇਆ। ਸਵੇਰੇ ਪੂਰੇ ਅੱਠ ਵਜੇ ਮਾਲ ਬੱਸ ਆ ਜਾਂਦੀ ਉਹ ਚਾਰ ਪੰਜ ਸੀਟਾਂ ਤੋਂ ਅਗਲੀ ਸੀਟ ਲੈਣ 'ਚ ਸਫ਼ਲ ਹੋ ਜਾਂਦੀ। ਜੇ ਸੀਟ ਨਾ ਮਿਲਦੀ ਤਾਂ ਪ੍ਰੇਮ ਪੱਟੀ ਸਟਾਪ ਤੇ ਤਾਂ ਉਸਨੂੰ ਖਿੜਕੀ ਕੋਲ ਸੀਟ ਮਿਲ ਹੀ ਜਾਂਦੀ। ਉਹ ਹਮੇਸ਼ਾ ਬੱਸ ਦੇ ਪਿਛਲੇ ਦਰਵਾਜ਼ੇ ਦੇ ਕੋਲ ਵਾਲੀ ਦੋ ਜਣਿਆ ਦੀ ਸੀਟ ਨੂੰ ਪਹਿਲ ਦਿੰਦੀ। ਕਾਲਜ ਜਾਂਦੇ ਲੜਕੇ ਜੋ ਆਪਣੇ ਆਪ ਨੂੰ ਕਿਸੇ ਹੀਰੋ ਤੋਂ ਘੱਟ ਨਹੀਂ ਸਨ ਸਮਝਦੇ ਬੱਸ ਦੇ ਦਰਵਾਜ਼ਿਆ ਕੋਲ ਥਾਂ ਨਾ ਮਿਲਣ ਕਰਕੇ ਲਟਕੇ ਹੁੰਦੇ ਤੇ ਆਪਣੀਆਂ ਕਿਤਾਬਾਂ ਕਾਪੀਆਂ ਉਸਨੂੰ ਤੇ ਹੋਰ ਬੈਠੀਆਂ ਸਵਾਰੀਆਂ ਨੂੰ ਫੜਾ ਦਿੰਦੇ। ਉਹ ਖਾਲੀ ਹੱਥ ਬੱਸ ਦੀ ਸਵਾਰੀ ਦਾ ਆਨੰਦ ਮਾਣਦੇ। ਇਕ ਸਾਲ ਪਹਿਲਾਂ ਹੀ ਉਸਨੇ ਬੱਸ ਵਿਚ ਰੋਜ਼ ਸਫ਼ਰ ਕਰਨ ਵਾਲੀਆਂ ਸਵਾਰੀਆਂ ਦੇ ਚਿਹਰੇ ਪਹਿਚਾਨਣੇ ਸ਼ੁਰੂ ਕਰ ਦਿੱਤੇ।

ਉਸਨੂੰ ਬੜੀ ਹੈਰਾਨੀ ਹੋਈ। ਇਹ ਜਾਣ ਕੇ ਕਿ ਇਕ ਸਾਲ ਤੋਂ ਉਸਨੇ ਉਸਦਾ ਚਿਹਰਾ ਕਦੇ ਵੇਖਿਆ ਹੀ ਨਹੀਂ ਸੀ ਉਹ ਵੀ ਹੁਣ ਬੱਸ ਦੀਆਂ ਪੌੜੀਆਂ ਵਿਚ ਲਟਕਣ ਦੀ ਬਜਾਇ ਉਸਦੀ ਸੀਟ ਕੋਲ ਖੜੇ ਹੋ ਕੇ ਕੰਡਕਟਰ ਦੀਆਂ ਝਿੜਕਾ ਸੁਣਨਾ ਜਿਆਦਾ ਪਸੰਦ ਕਰਦਾ ਸੀ। ਉਹ ਉਸ ਵੱਲ ਬਹੁਤ ਡੂੰਘੀ ਨਜ਼ਰ ਨਾਲ ਕਈ ਵਾਰ ਦੇਖਦਾ ਰਹਿੰਦਾ।

ਇਕ ਦਿਨ ਮਾਰੂਥਨੀ ਨੇ ਉਸਦੀ ਕਾਪੀ ਦੇ ਪੰਨੇ ਪਲਟਦਿਆਂ ਉਸਦੇ ਲਿਖੇ ਕਾਲੇ ਸਿਆਹੀ ਦੇ ਅੱਖਰ ਜੋ ਉਸਦੇ ਰੰਗ ਨਾਲ ਮੇਲ ਖਾਂਦੇ ਸੀ ਦੀ ਤਰੀਫ਼ ਕੀਤੀ। ਦੁਸ਼ਿਆਨਧਰਨ ਉਸਨੇ ਉਸਦਾ ਨਾਂ ਪੜ੍ਹਿਆ। ਸਾਰਾ ਦਿਨ ਉਹ ਨਾਂ ਉਸਦੇ ਦਿਮਾਗ਼ ਵਿਚ ਘੁੰਮਦਾ ਰਿਹਾ।

"ਏ ਮਰੂੰਦਾ? ਉਹ ਵੀ ਇਕ ਕਾਲੇ ਆਦਮੀ ਨਾਲ!"

"ਕੀ ਤੈਨੂੰ ਉਸ ਨਾਲ ਪਿਆਰ ਹੈ...? "

ਉਸਦੀ ਸਹੇਲੀ ਨੇ ਉਸਨੂੰ ਥੋੜਾ ਸ਼ੱਕੀ ਤਰੀਕੇ ਨਾਲ ਪੁੱਛਿਆ। ਮਰੂਥਾ ਦਾ ਉਸ ਪ੍ਰਤੀ ਖਿੱਚਿਆ ਜਾਣਾ ਉਸ ਲਈ ਇਕ ਬੁਝਾਰਤ ਤੋਂ ਘੱਟ ਨਹੀਂ ਸੀ। ਉਹ ਕਿਸੇ ਜਾਦੂ ਦੇ ਪ੍ਰਭਾਵ ਵਿਚ ਪ੍ਰਤੀਤ ਹੋ ਰਹੀ ਸੀ। ਉਹ ਆਪਣੇ ਉਦਾਸ ਜਿਹੇ ਮੂਡ ਤੋਂ ਆਪਣੇ ਮਾਤਾ ਪਿਤਾ ਭੈਣਾਂ ਤੇ ਦਾਦੀ ਬਾਰੇ ਵੀ ਨਹੀਂ ਸੋਚਦੀ ਸੀ। ਉਸਨੇ ਆਪਣੇ ਆਪ ਵਿਚ ਰਹਿਣਾ ਸ਼ੁਰੂ ਕਰ ਦਿੱਤਾ ਉਹ ਸਾਰੇ ਸੰਸਾਰ ਨੂੰ ਦੱਸਣਾ ਚਾਹੁੰਦੀ ਸੀ ਕਿ ਪਿਆਰ ਹੋਰ ਕੁਝ ਨਹੀਂ ਬੱਸ ਸੋਚਾਂ ਵਿਚ ਡੁੱਬੇ ਰਹਿਣ ਦਾ ਨਾਂ ਹੈ। ਇਹ ਇਕ ਅਜਿਹਾ ਅਹਿਸਾਸ ਹੈ ਜੋ ਇਕ ਬੰਦੇ ਨੂੰ ਦੁੱਖੀ ਰਹਿਣ ਲਈ, ਮਰਨ ਲਈ ਤੇ ਇਕੱਲੇ ਜਿਹਾ ਰਹਿਣ ਲਈ ਮਜ਼ਬੂਰ ਕਰ ਦਿੰਦਾ ਹੈ। ਉਸਨੇ ਆਪਣੇ ਉਤੇਜਤ ਅਹਿਸਾਸਾਂ ਨੂੰ ਸਾਂਤ ਕਰਨ ਲਈ ਆਪਣੀਆਂ ਉਂਗਲਾਂ ਕੱਟ ਲਈਆਂ। ਤੇ ਉਸਨੂੰ ਕਿਸੇ ਤਰ੍ਹਾਂ ਦਾ ਦੁੱਖ ਵੀ ਨਹੀਂ ਲੱਗਿਆ। ਉਸ ਦੇ ਪਿਆਰ ਵਿਚ ਪਾਗਲ ਹੋਈ ਉਹ ਆਪਣੇ ਲਹੂ ਨਾਲ ਚਾਰ ਕੁ ਅੱਖਰ ਹੀ ਲਿਖਦੀ ਤੇ ਇਸ ਤੇ ਉਸਨੂੰ ਉਸ ਤੋਂ ਡਾਟ ਵੀ ਪੈਂਦੀ। ਰੋਜ਼ ਸੌਣ ਤੋਂ ਪਹਿਲਾਂ ਉਹ ਉਸਦੀ ਫੋਟੋ ਨੂੰ ਚੁੰਮਦੀ।

ਉਸਦੀ ਮਾਂ ਨੇ ਉਸਨੂੰ ਬਹੁਤ ਬੁਰਾ ਭਲਾ ਕਿਹਾ। ਉਹ ਵੀ ਚਿੜਚਿੜੀ ਜਿਹੀ ਹੋ ਕੇ ਆਪਣੀ ਮਾਂ ਦਾ ਵਿਰੋਧ ਕਰਦੀ। ਦਾਦੀ ਵੀ ਉਸ ਬਾਰੇ ਬੁਰਾ ਭਲਾ ਕਹਿੰਦੀ ਪਰ ਫ਼ਿਕਰਮੰਦ ਵੀ ਰਹਿੰਦੀ। ਸਵੇਰੇ ਸਵੇਰੇ ਪੂਰਬ ਵੱਲ ਮੂੰਹ ਕਰਕੇ ਉਸਦੀ ਸੁੱਖ-ਸ਼ਾਂਤੀ ਲਈ ਮੰਤਰਾਂ ਦਾ ਉਚਾਰਨ ਕਰਦੀ। ਤੇ ਸਾਹੋ ਸਾਹ ਹੋ ਜਾਂਦੀ। ਰੋਜ਼ਾਨਾ ਦਾ ਕੰਮ ਪਾਨ ਦੇ ਪੱਤਿਆਂ ਨੂੰ ਰਗੜਨਾ ਸਵੇਰੇ ਤੋਂ ਹੀ ਸ਼ੁਰੂ ਕਰ ਦਿੰਦੀ। ਉਹ ਇਹ ਕੰਮ ਬੈਠ ਕੇ ਆਪਣੀਆਂ ਲੱਤਾਂ ਪਸਾਰ ਕੇ ਕਰਦੀ ਤੇ ਸ਼ਾਮ ਸੂਰਜ ਢੱਲਣ ਤੱਕ ਇਸੇ ਕੰਮ ਲੱਗੀ ਰਹਿੰਦੀ। ਉਹ ਪੱਤਿਆਂ ਨੂੰ ਰਗੜਦੀ-ਰਗੜਦੀ ਉਹਨਾਂ ਸਭ ਬੰਦਿਆਂ ਨੂੰ ਮਨ ਹੀ ਮਨ ਉਹਨਾਂ ਨਾਲ ਰਗੜ ਦਿੰਦੀ ਜੋ ਉਸਨੂੰ ਨਹੀਂ ਪਸੰਦ ਸਨ। ਪਾਨ ਥੁੱਕਦਿਆਂ ਉਹ ਬੋਲੀ ,

"ਤੈਨੂੰ ਆਪਣੀ ਜਾਤ ਦਾ ਕੋਈ ਬੰਦਾ ਨਹੀਂ ਲੱਭਦਾ ਸੀ।"

"ਤੂੰ ਇਕ 'ਪਾਰਾਇਆ' (ਸਭ ਤੋਂ ਨੀਵੀਂ ਜਾਤ) ਨੂੰ ਫਸਾਣਾ ਸੀ। ਕੋਈ ਗਿਰੀ ਹੋਈ ਹੀ ਇਸ ਤਰ੍ਹਾਂ ਦੇ ਆਦਮੀ ਨੂੰ ਪਸੰਦ ਕਰੇਗੀ।"

ਮਾਰੂਥਨੀ ਗੁੱਸੇ ਵਿਚ ਆ ਗਈ ਤੇ ਉਸਨੂੰ ਮਾਰਨਾ ਚਾਹੁੰਦੀ ਸੀ। ਉਸਦੇ ਪਿਤਾ ਨੇ ਵੀ ਬਿਨਾ ਬੋਲੇ ਉਸਦਾ ਵਿਰੋਧ ਕੀਤਾ ਤੇ ਬਹੁਤ ਗੁੱਸੇ ਨਾਲ ਉਸ ਵੱਲ ਵੇਖਿਆ। ਉਸਦੇ ਪਿਤਾ ਦੀਆਂ ਲਾਲ ਗੁੱਸੇ ਨਾਲ ਭਰੀਆਂ ਅੱਖਾਂ ਉਸਨੂੰ ਦਿਨ ਰਾਤ ਡਰਾਉਂਦੀਆਂ ਰਹਿੰਦੀਆਂ। ਭਵਾਨੀ ਉਸਦੀ ਛੋਟੀ ਭੈਣ ਆਪਣੀ ਮਾਂ ਦੀ ਬਹੁਤ ਪਿਆਰੀ ਸੀ। ਛੋਟੇ ਹੁੰਦਿਆਂ ਉਹ ਆਪਣੀ ਮਾਂ ਦੀ ਸਾੜ੍ਹੀ ਦਾ ਪੱਲਾ ਫੜ ਕੇ ਉਸਦੇ ਪਿੱਛੇ ਪਿੱਛੇ ਘੁੰਮਦੀ ਰਹਿੰਦੀ ਸੀ। ਮਾਂ ਦੇ ਕਹਿਣ ਤੇ ਉਸਨੇ ਮਾਰੂਥਨੀ ਨੂੰ ਬੁਲਾਉਣਾ ਛੱਡ ਦਿੱਤਾ। ਸਭ ਤੋਂ ਛੋਟੀ ਸਵੀਤਾ, ਹੀ ਅਜਿਹੀ ਰੂਹ ਸੀ ਜੋ ਸਭ ਨਾਲ ਪਹਿਲਾਂ ਜਿਹਾ ਵਰਤਾ ਕਰਦੀ ਸੀ।

ਮਾਰੂਥਨੀ ਨੂੰ ਘਰ ਵਿਚ ਸਭ ਦੀਆਂ ਗਾਲਾਂ ਤੇ ਨਫ਼ਰਤ ਦਾ ਸਾਹਮਣਾ ਕਰਨਾ ਪੈਂਦਾ। ਉਹ ਹਰ ਸਮੇਂ ਰਾਤ ਆਉਣ ਦੀ ਪ੍ਰਾਰਥਨਾ ਕਰਦੀ ਰਹਿੰਦੀ ਤਾਂ ਜੋ ਉਹ ਆਪਣੇ ਆਪ ਨੂੰ ਹਨੇਰੇ ਵਿਚ ਛੁਪਾ ਲਵੇ ਤੇ ਉਸਦੇ ਖਿਆਲਾਂ ਵਿਚ ਗੁਆਚ ਜਾਵੇ। ਜਦੋਂ ਕਾਲਜ ਬੰਦ ਹੋ ਗਏ ਤਾਂ ਉਸ ਦੇ ਉੱਪਰ ਜਿਵੇਂ ਪਹਾੜ ਹੀ

ਟੁੱਟ ਗਿਆ ਹੋਵੇ। ਉਹ ਆਪਣੀ ਜਵਾਨੀ ਨੂੰ ਕੋਸਣ ਲੱਗੀ। ਉਹ ਮੂੰਹ ਵਿਚ ਬੁੜ ਬੁੜ ਕਰਨ ਲੱਗੀ ਕਿ ਕਾਲਜ ਸਕੂਲ ਵਾਂਗ ਕਿਉਂ ਨਹੀਂ ਚੱਲਦੇ। ਸਕੂਲ ਵਿਚ ਫੇਲ ਹੋ ਕੇ ਜਿੰਨੀ ਦੇਰ ਮਰਜ਼ੀ ਉਸੇ ਸਕੂਲ ਵਿਚ ਰਿਹਾ ਜਾ ਸਕਦਾ ਸੀ ਤੇ ਆਪਣੇ ਸਾਥੀ ਨੂੰ ਬੜੀ ਆਸਾਨੀ ਨਾਲ ਮਿਲਿਆ ਜਾ ਸਕਦਾ ਸੀ। ਇਕ ਦਿਨ ਅਚਾਨਿਕ ਦੁਸ਼ਯਨਧਰਨ ਆਇਆ ਤੇ ਉਸਨੇ ਦੇਖਿਆ ਕਿ ਉਹ ਚੇਨੱਈ ਜਾ ਰਿਹਾ ਹੈ। ਉਹ ਉਦਾਸ ਹੋ ਗਈ ਤੇ ਉਸਦਾ ਪਿਆਰ ਨਾਲ ਲਏ ਜਾਣ ਵਾਲੇ ਨਾਂ 'ਦੂਸ਼ੀ' ਦਾ ਮਤਲਬ ਸੋਚਣ ਲੱਗੀ, ਜਿਸਦਾ ਮਤਲਬ ਸੀ 'ਧੂੜ' ਉਹ ਉਸਦੀ ਛੋਹ ਲਈ ਹਮੇਸ਼ਾਂ ਤਰਸਦੀ ਰਹੀ। ਉਹ ਉਸਦੇ ਵਿਛੋੜੇ ਕਰਕੇ ਦੁੱਖੀ ਸੀ, ਇਹ ਸੋਚ ਕੇ ਕਿ ਕਿਤੇ ਉਹ ਵੀ ਧੂੜ ਵਾਂਗ ਕਿਤੇ ਉੱਡ ਨਾ ਜਾਵੇ। ਉਸਦੇ ਜਾਣ ਦੇ ਇਕ ਹਫ਼ਤੇ ਦੇ ਅੰਦਰ ਅੰਦਰ ਹੀ ਉਸਨੂੰ ਇਕ ਖ਼ਤ ਆਇਆ ਤਾਂ ਪਤਾ ਚਲਿਆ ਕਿ ਉਸਨੂੰ ਉਸਦੇ ਇਕ ਮਿੱਤਰ ਦੀ ਮਦਦ ਨਾਲ ਗੋਆਮ ਦੇ ਸੁਪਰਵਾਇਜ਼ਰ ਦੀ ਨੌਕਰੀ ਮਿਲ ਗਈ ਹੈ।

ਜਦੋਂ ਉਹ ਇਕ ਦੋ ਮਹੀਨਿਆਂ ਬਾਅਦ ਆਪਣੇ ਘਰ ਆਇਆ ਤਾਂ ਮਰੂਥਨੀ ਦੇ ਘਰ ਉਸਦੇ ਵਿਆਹ ਦੀਆਂ ਤਿਆਰੀਆਂ ਹੋ ਰਹੀਆਂ ਸਨ। ਜਦੋਂ ਉਹ ਉਸਨੂੰ ਚੋਰੀ ਮਿਲ ਕੇ ਆਪਣੇ ਪਿੰਡ ਪਰਤ ਰਿਹਾ ਸੀ ਤਾਂ ਪਿੰਡ ਵਾਲਿਆਂ ਨੇ ਉਸਨੂੰ ਫੜ ਲਿਆ ਤੇ ਦਬਕਿਆ।

"ਓ ਸੁਣ ਓਏ ! ਜੇ ਤੂੰ ਪੜ੍ਹ ਲਿਖ ਗਿਐਂ ਇਹਦਾ ਮਤਲਬ ਇਹ ਨਹੀਂ ਕਿ ਤੂੰ ਉੱਚੀ ਜਾਤ ਦਾ ਹੋ ਗਿਆ ਏਂ। ਤੂੰ ਸਾਡੀ ਇੱਜਤ ਵੱਲ ਝਾਕਣ ਦੀ ਵੀ ਹਿੰਮਤ ਕਿਵੇਂ ਕੀਤੀ? ਇਹ ਸਭ ਛੱਡ ਦੇ ਨਹੀਂ ਤਾਂ ਤੂੰ ਤੇ ਤੇਰੇ ਟੱਬਰ ਨੂੰ ਜਿਉਂਦਿਆਂ ਸਭ ਨੂੰ ਸਾੜ ਦਿੱਤਾ ਜਾਵੇਗਾ। ਯਾਦ ਰੱਖੀਂ।"

ਪਿਤਾ ਜੀ ਦਾ ਚਿਤੌੜ ਤੋਂ ਫੋਨ ਆਉਣ ਪਿਛੋਂ ਮਾਂ ਵਿਚ ਤਾਂ ਜਿਵੇਂ ਜਾਨ ਪੈ ਗਈ ਹੋਵੇ। ਉਹ ਇਕ ਨਵੀਂ ਸ਼ਕਤੀ ਨਾਲ ਘਰ ਦੇ ਇਧਰ ਉਧਰ ਘੁੰਮਣ ਲੱਗੀ। ਪਿਤਾ ਜੀ ਦੇ ਆਉਣ ਦੀ ਖ਼ਬਰ ਸੁਣ ਕੇ ਦਾਦੀ ਨੇ ਵੀ ਭਗਵਾਨ ਇਲੂਮਲਾਇਨ ਅੱਗੇ ਅਰਦਾਸ ਕੀਤੀ ਕਿ ਸਭ ਪ੍ਰੋਗਰਾਮ ਠੀਕ ਠਾਕ ਹੋ ਜਾਵੇ। ਦੁਪਹਿਰ ਦੇ ਖਾਣੇ ਪਿੱਛੋਂ ਮਾਂ ਆਈ ਤੇ ਮਾਰੂਧਨੀ ਦੇ ਕੋਲ ਬੈਠ ਗਈ।

ਉਸਨੇ ਦੱਸਿਆ, "ਤੇਰੇ ਪਿਤਾ ਦਾ ਫ਼ੋਨ ਆਇਆ ਸੀ ਦੁੱਲ੍ਹੇ ਦੇ ਘਰੇ ਕੱਲ ਤੈਨੂੰ ਚਿਤੌੜ ਤੋਂ ਦੇਖਣ ਲਈ ਆ ਰਹੇ ਹਨ। ਮਨ੍ਹਾਂ ਨਾ ਕਰੀਂ। ਅਸੀਂ ਤੈਨੂੰ ਖੂਹ ਵਿਚ ਧੱਕਾ ਨਹੀਂ ਦੇ ਸਕਦੇ। ਨਾ ਹੀ ਤੇਰੇ ਨਾਲ ਕੁਝ ਬੁਰਾ ਕਰਨਾ ਚਾਹੁੰਦੇ ਹਾਂ।

"ਜੋ ਅਸੀਂ ਤੈਨੂੰ ਕਹਿੰਦੇ ਹਾਂ ਉਹੀ ਕਰ...।"

ਇਕ ਦਮ ਉਹ ਫਿਰ ਗੁੱਸੇ ਵਿਚ ਬੋਲੀ, "ਜੇ ਤੂੰ ਕੋਈ ਵੀ ਪਾਗਲਪਨ ਕੀਤਾ ਤਾਂ ਮੈਂ ਤੇਰੀ ਉਥੇ ਹੀ ਜਾਨ ਲੈ ਲਵਾਂਗੀ।"

ਮਾਂ ਨੇ ਗੁੱਸੇ ਨਾਲ ਉਸਦਾ ਗਲ ਫੜਦਿਆਂ ਕਿਹਾ ਤੇ ਫਿਰ ਛੱਡ ਦਿੱਤਾ। ਅਗਲੇ ਦਿਨ ਸੰਘਣੀਆਂ ਮੁੱਛਾਂ ਵਾਲਾ ਤੇ ਗੋਰੇ ਰੰਗ ਦਾ ਮੁੰਡਾ, ਉਹਨੂੰ ਦੇਖਣ ਉਹਨਾਂ ਦੇ ਘਰ ਆਇਆ। ਦੱਸਿਆ ਜਾਂਦਾ ਸੀ ਕਿ ਉਹਨਾਂ ਦੀ ਕਾਫ਼ੀ ਜ਼ਮੀਨ ਹੈ ਤੇ ਉਹ ਖੇਤੀ ਬਾੜੀ ਦਾ ਕੰਮ ਕਰਦਾ ਹੈ। ਉਹਨਾਂ ਦੇ ਜਾਣ ਪਿੱਛੋਂ ਮਾਰੂਥਨੀ ਲਈ ਦਿਨ ਪਹਾੜ ਲੱਗਣ ਲੱਗਾ। ਉਹ ਇਹ ਸਭ ਛੱਡ ਕੇ ਆਪਣਾ ਅਧਿਕਾਰ ਲੈਣਾ ਚਾਹੁੰਦੀ ਸੀ।

ਰਾਤ ਨੂੰ ਇਕ ਵਜੇ ਦੇ ਕਰੀਬ ਉਹ ਆਪਣੇ ਬਿਸਤਰ ਤੋਂ ਉੱਠੀ। ਆਪਣੇ ਮਾਂ ਤੇ ਦਾਦੀ ਨੂੰ ਸੁੱਤਿਆ ਦੇਖਦਿਆਂ ਤੇ ਪਿਤਾ ਦੀ ਘਰਾੜਿਆਂ ਦੀ ਆਵਾਜ਼ ਸੁਣਦਿਆਂ ਸੁਣਦਿਆਂ ਉਹ ਘਰੋਂ ਬਾਹਰ ਲੰਘ ਗਈ। ਜਿਵੇਂ ਹੀ ਉਸਨੇ ਗਲੀ ਵਿਚ ਪੈਰ ਰੱਖਿਆ ਤਾਂ ਦੁਸ਼ਯਨਧਰਨ ਨਾਲ ਮਿਲਣ ਦੀ ਚਾਹਤ ਤੀਬਰ ਹੋ ਗਈ।

ਉਹ ਥੋੜੀ ਦੇਰ ਰੁਕ ਕੇ ਬੈਠਣਾ ਚਾਹੁੰਦੀ ਸੀ ਤੇ ਆਸ ਕਰਦੀ ਸੀ ਕਿ ਕਿਧਰੇ ਉਸਦੀ ਟਾਰਚ ਦੀ ਲੋਅ ਦੁਸ਼ਯਨਧਰਨ ਨੂੰ ਉੱਥੇ ਲਿਆ ਦੇਵੇ। ਚਾਰ ਪਿੰਡ ਲੰਘ ਕੇ ਦੁਸ਼ਯਨਧਰਨ ਦਾ ਪਿੰਡ ਆਉਣਾ ਸੀ। ਜੇ ਉਹ ਬੱਸ ਤੇ ਜਾਂਦੀ ਤਾਂ ਪਹਾੜੀ ਰਸਤੇ ਵਿਚੋਂ ਦੀ ਪਹੁੰਚਦੀ। ਉਸਨੂੰ ਉਸ ਰਸਤੇ ਦੀ ਸਾਰੀ ਖ਼ਬਰ ਸੀ। ਸੜਕ ਹੇਠਾਂ ਵੱਲ ਨੂੰ ਜਾਂਦੀ ਸੀ। ਉਹ ਝਾੜੀਆਂ ਦਾ ਹਵਾ ਨਾਲ ਹੁੰਦਾ ਨਾਚ ਦੇਖਦੀ ਜਾ ਰਹੀ ਸੀ। ਸੁੱਕੇ ਹੋਏ ਘਾਹ



ਨੂੰ ਉਹ ਆਪਣੇ ਪੈਰਾਂ ਹੇਠ ਮਹਿਸੂਸ ਕਰ ਰਹੀ ਸੀ। ਆਪਣੇ ਆਪ ਇਹ ਕਹਿ ਕੇ ਤਸੱਲੀ ਦਿੰਦੀ ਕਿ ਬਸ ਦੋ ਪਿੰਡ ਹੋਰ।

ਮਾਰੂਥਨੀ ਥੋੜੀ ਤੇਜ਼ ਚੱਲਣ ਲੱਗੀ। ਉਹ ਤੇਜ਼ ਹਵਾ ਵਾਂਗ ਅੱਗੇ ਵੱਧਣ ਲੱਗੀ। ਉਸਨੂੰ ਲੱਗ ਰਿਹਾ ਸੀ ਕਿ ਦੁਸ਼ਯਨਧਰਨ ਹਨੇਰੇ ਵਿਚੇ ਹੀ ਕਿਤੇ ਲੁਕਿਆ ਬੈਠਾ ਹੈ। ਉਸਨੂੰ ਲੱਗ ਰਿਹਾ ਸੀ ਜਿਵੇਂ ਉਹ ਉਸਨੂੰ ਬੁਲਾ ਰਿਹਾ ਹੈ। ਉਹ ਸੋਚਾਂ ਵਿਚ ਗੁਆਚੀ ਉਸਦੀ ਭਾਲ ਵਿਚ ਜਾ ਰਹੀ ਸੀ। ਕਦੀ ਉਸਨੂੰ ਲੱਗਦਾ ਕਿ ਉਹ ਉਸਦੇ ਸਾਹਮਣੇ ਖੜਾ ਹੈ? ਉਸਦਾ ਹੱਥ ਫੜ ਕੇ ਉਸਨੂੰ ਲਿਜਾ ਰਿਹਾ ਹੈ। ਉਹ ਬਹੁਤ ਪਿਆਰਾ ਲੱਗ ਰਿਹਾ ਸੀ। ਉਸਦੇ ਵਾਲ਼ ਹਵਾ ਵਿਚ ਲਹਿਰਾ ਰਹੇ ਸਨ। ਜਦੋਂ ਉਹ ਮੁਸਕਰਾਉਂਦਾ ਸੀ ਤਾਂ ਉਸਦਾ ਚਿਹਰਾ ਚਮਕਦਾ ਸੀ। ਕਦੀ ਉਹ ਥੋੜਾ ਅੱਗੇ ਜਾ ਕੇ ਉਸਨੂੰ ਬੁਲਾਉਂਦਾ।

ਇਸ ਤਰ੍ਹਾਂ ਉਹ ਉਸਨੂੰ ਹਨੇਰੇ ਵਿਚ ਲੱਭਦੀ ਤੇ ਪਿਆਰ ਦੀ ਦੁਨੀਆਂ ਵਿਚ ਪਹੁੰਚਣਾ ਚਾਹੁੰਦੀ।

ਜਦੋਂ ਉਹ ਈ. ਬੀ. ਸਟੇਸ਼ਨ ਕੋਲ ਪਹੁੰਚੀ ਤਾਂ ਉਹ ਬੱਸ ਰੂਟ ਵੱਲ ਚੱਲ ਪਈ। ਰੁੱਖ ਹੋਰ ਸੰਘਣੇ ਪ੍ਰਤੀਤ ਹੋਏ, ਕੁਝ ਫੁੱਲ੍ਹਾਂ ਦੀ ਸੁੰਗੰਧ ਵੀ ਉਥੇ ਫੈਲੀ ਹੋਈ ਸੀ। ਹੁਣ ਉਸਨੂੰ ਉਥੇ ਕੁਝ ਘਰ ਵੀ ਨਜ਼ਰ ਆਏ। ਉਸਨੂੰ ਫਿਰ ਕੁੱਤਿਆਂ ਦਾ ਡਰ ਸਤਾਉਣ ਲੱਗਾ ਜਿਵੇਂ ਹੀ ਉਹ ਪਿੰਡ ਵਿਚ ਵੜੀ। ਇਕ ਗਲੀ ਮੁੜ ਕੇ ਉਹ ਇਕ ਘਰ ਦੇ ਅੱਗੇ ਖਲੋ ਗਈ। ਆਖਿਰਕਾਰ ਉਹ ਆਪਣੀ ਮੰਜ਼ਲ ਤੇ ਪਹੁੰਚ ਚੁੱਕੀ ਸੀ। ਦਰਵਾਜ਼ਾ ਖੜਕਾਉਣ ਤੇ ਦੁਸ਼ਯਨਧਰਨ ਨੇ ਹੀ ਦਰਵਾਜ਼ਾ ਖੋਲ੍ਹਿਆ ਉਸਨੂੰ ਸਾਰਾ ਕਿੱਸਾ ਸਮਝਣ ਵਿਚ ਥੋੜਾ ਸਮਾਂ ਲੱਗਾ।

"ਹੈਂ !! ਇਹ ਕੀ? ... ਤੂੰ ਕਿਵੇਂ?? "

ਉਹ ਘਬਰਾਇਆ ਹੋਇਆ ਬੁੜਬੁੜਾਇਆ। ਹੁਣ ਦੋ ਵਜੇ ਹੋਏ ਸਨ ਤੇ ਉਹ ਵੀ ਘਬਰਾਈ ਹੋਈ ਉਸ ਵੱਲ ਵੇਖ ਰਹੀ ਸੀ ਤੇ ਉਸਦੇ ਗਲ਼ ਨਾਲ ਲੱਗ ਕੇ ਰੋਣ ਲੱਗੀ।

"ਅੱਜ ਤੋਂ ਬਾਅਦ ਮੈਂ ਆਪਣੇ ਘਰ ਕਦੇ ਵਾਪਸ ਨਹੀਂ ਜਾਵਾਂਗੀ।" ਰੁਕ ਕੇ ਉਹ ਫਿਰ ਬੋਲੀ,

"ਚੱਲ ਕਿਤੇ ਭੱਜ ਚੱਲੀਏ।" ਉਹ ਮਿੰਨਤ ਕਰਨ ਲੱਗੀ।

'ਇਕ ਇਕੱਲੀ ਔਰਤ ਐਨੀ ਰਾਤ ਗਏ ਸਿਰਫ਼ ਉਸਦੇ ਲਈ ਘਰ ਛੱਡ ਕੇ ਆ ਗਈ' ਇਹ ਸੋਚ ਕੇ ਉਸ ਦੀਆਂ ਅੱਖਾਂ ਵੀ ਭਰ ਗਈਆਂ। ਉਸ ਨੇ ਹਨੇਰੇ ਵਿਚ ਦੁਸ਼ਯਨਧਰਨ ਨੇ ਆਪਣਾ ਮੋਟਰਸਾਇਕਲ ਸਟਾਰਟ ਕੀਤਾ ਉਸਨੂੰ ਪਿੱਛੇ ਬਿਠਾਇਆ ਤੇ ਚੱਲਣ ਲੱਗਾ। ਉਸਦੀ ਮਾਂ ਉਸਨੂੰ ਤੋਰਨ ਲਈ ਦਰਵਾਜ਼ੇ ਵਿਚ ਖੜੀ ਸੀ ਉਸਨੇ ਕਿਹਾ, "ਆਪਣਾ ਧਿਆਨ ਰੱਖਿਓ ! ਹੌਲੀ ਜਾਇਓ ਤੇ ਛੇਤੀ ਵਾਪਸ ਆ ਜਾਇਓ। ਲੋਕੀ ਜੋ ਮਰਜੀ ਕਹਿਣ ਆਪਣੀ ਅਕਲ ਤੋਂ ਕੰਮ ਲਿਓ।"

ਥੋੜ੍ਹੇ ਸਮੇਂ ਲਈ ਕੋਈ ਗੱਲਬਾਤ ਨਹੀਂ ਹੋਈ। ਉਸਨੂੰ ਪਤਾ ਲੱਗ ਗਿਆ ਕਿ ਉਸਦੀ ਮਾਂ ਖੁਸ਼ ਸੀ। ਚੇਨਈ ਪਹੁੰਚ ਕੇ ਉਹਨਾਂ ਨੇ ਸੁੱਖ ਦਾ ਸਾਹ ਲਿਆ। ਉਸਦੇ ਦੋਸਤਾਂ ਮਿੱਤਰਾਂ ਤੇ ਕੁਝ ਰਿਸ਼ਤੇਦਾਰ ਉਹਨਾਂ ਦੇ ਵਿਆਹ 'ਤੇ ਆਏ।

ਮਾਰੂਥਨੀ ਆਰਾਮ ਨਾਲ ਬੈਠੀ ਸੀ ਉਸਨੇ ਹੁਣ ਤੱਕ ਆਪਣਾ ਪਿਆਰ ਉਸ ਲਈ ਸਾਂਭ ਕੇ ਰੱਖਿਆ ਹੋਇਆ ਸੀ। ਉਹ ਉਸਦੇ ਦਫ਼ਤਰ ਤੋਂ ਆਉਣ ਦੀ ਉਡੀਕ ਵਿਚ ਸੀ। ਉਹ ਵੀ ਉਸਦੀਆਂ ਕਹਾਣੀਆਂ ਵਰਗੀਆਂ ਗੱਲਾਂ ਸੁਣਨ ਲਈ ਉਤਾਵਲਾ ਸੀ। ਪਹਿਲੇ ਹਫ਼ਤੇ ਉਸਨੇ ਉਸਦੇ ਗੁਆਂਢ ਦੀ ਇਕ ਮਾਈ ਬਾਰੇ ਦੱਸਿਆ ਜੋ ਪਾਨ ਦੇ ਪੱਤੇ ਸਿਲ-ਪੱਥਰ ਤੇ ਰਗੜਦੀ ਹੁੰਦੀ ਸੀ। ਤੇ ਉਹ ਉਸਨੂੰ ਉਸਦੇ ਆਪਣੇ ਪਿੰਡ ਦਾ ਚੇਤਾ ਦਵਾਉਂਦੀ ਸੀ। ਉਸਦੀ ਦਾਦਕਿਆਂ ਦਾ ਟੱਬਰ ਬਹੁਤ ਵੱਡਾ ਸੀ। ਕੋਈ ਨਾ ਕੋਈ ਉਹਨਾਂ ਦੇ ਘਰ ਦਾਦੀ ਨੂੰ ਮਿਲਣ ਲਈ ਤੁਰਿਆ ਰਹਿੰਦਾ ਸੀ। ਦਾਦੀ ਦੇ ਉਪਰਲੇ ਦੰਦ ਥੋੜੇ ਉੱਚੇ ਸਨ। ਜੋ ਵੀ ਉਸਦੇ ਨੇੜੇ ਬੈਠਦਾ ਉਹਨਾਂ ਨੂੰ ਉਹਦੇ ਕੋਲੋਂ ਪਾਨ ਤੇ ਤੰਬਾਕੂ ਦੀ ਬੋ ਆਉਂਦੀ। ਜਦੋਂ ਉਹ ਆਪਣੇ ਪਤੀ ਨਾਲ ਸਮੁੰਦਰ ਕੰਡੇ ਗਈ ਤਾਂ ਉਸਨੂੰ ਦੱਸਣ ਲੱਗੀ ਕਿ ਉਸਨੇ ਉਥੇ ਆਪਣੀ ਮਾਂ ਵਰਗੀ ਇਕ ਔਰਤ ਦੇਖੀ । ਇਹ ਸਭ ਦੱਸਣ ਲੱਗੀ ਉਹ ਚੁੱਪ ਹੋ ਗਈ। ਤੇ ਉਸਦੀ ਚੁੱਪ ਦੁਸ਼ਯਨਧਰਨ ਨੂੰ ਸਤਾਉਂਣ ਲੱਗੀ।

ਰਾਤ ਦੇ ਖਾਣੇ ਪਿਛੋਂ ਉਸਨੇ ਪੁੱਛ ਹੀ ਲਿਆ, "ਮਾਰੂ ਤੇਰੇ ਪਿੰਡ ਚਲੀਏ?" ਥੋੜੀ ਦੇਰ ਸੋਚਣ ਤੇ ਉਸਨੇ ਕਿਹਾ, "ਥੋੜੀ ਦੇਰ ਰੁਕ ਜਾਓ ਮੈਂ ਸੋਚ ਕੇ ਦੱਸਾ ਗੀ।"

ਥੋੜੇ ਦਿਨਾਂ ਵਿਚ ਮਾਰੂਥਨੀ ਦੀਆਂ ਲੱਤਾਂ ਸੁੱਜਣ ਲੱਗ ਪਈਆਂ। ਡਾਕਟਰ ਨੇ ਦੱਸਿਆ ਕਿ ਇਹ ਲੱਛਣ ਗਰਭਵਤੀ ਔਰਤ ਲਈ ਆਮ ਜਿਹੀ ਗੱਲ ਹੈ। ਦੁਸ਼ਯਨਧਰਨ ਇਸ ਲਈ ਆਪਣੇ ਆਪ ਨੂੰ ਕਸੂਰਵਾਰ ਸਮਝਣ ਲੱਗਾ। ਉਹ ਪਹਿਲਾਂ ਹੀ ਉਸਨੂੰ ਦੱਸ ਚੁੱਕਾ ਸੀ ਕਿ ਉਹ ਉਸ ਕਮਰੇ ਨੂੰ ਤੇ ਸ਼ਹਿਰ ਨੂੰ ਪਸੰਦ ਨਹੀਂ ਕਰਦੀ। ਉਥੇ ਸਭ ਦਾ ਸਾਂਝਾ ਗੁਸਲਖਾਨਾ ਸੀ ਘਰ ਨਾਲ ਨਾਲ ਜੁੜੇ ਹੋਏ, ਟੀਨਾਂ ਵਿਚੋਂ ਗਰਮੀ ਕਹਿਰ ਦੀ ਲੱਗਦੀ ਸੀ ਤੇ ਗਲੀ ਵਿਚ ਲੱਗੇ ਰੁੱਖਾਂ ਨੂੰ ਛੂਹ ਕੇ ਉਹ ਆਪਣਾ ਪਿੰਡ ਯਾਦ ਕਰਦੀ ਤੇ ਉਹ ਉਸਨੂੰ ਤਸੱਲੀ ਦਿੰਦੇ।

"ਮੈਂ ਆਪਣੇ ਇਕ ਮਿੱਤਰ ਨੂੰ ਇਕ ਨਵਾਂ ਘਰ ਲੱਭਣ ਲਈ ਕਿਹਾ ਹੈ। ਪਿੰਡ ਜਾਣ ਮਗਰੋਂ ਅਸੀਂ ਨਵੇਂ ਘਰ ਚਲੇ ਜਾਵਾਂਗੇ। ਚਲੋ ਹੁਣ ਚੱਲੀਏ।"

ਮੋਟਰ ਸਾਇਕਲ ਹੌਲੀ ਹੌਲੀ ਚਲ ਰਿਹਾ ਸੀ ਉਹ ਸੋਚ ਰਹੀ ਸੀ ਕਿ ਉਸਦੇ ਪਿੰਡ ਦੇ ਤੇ ਘਰ ਵਾਲੇ ਤਾਂ ਉਸਦੇ ਖੂਨ ਦੇ ਪਿਆਸੇ ਸਨ ਪਰ ਹੁਣ ਉਹ ਸ਼ਾਂਤੀ ਨਾਲ ਕਿਉਂ ਬੈਠੇ ਸਨ? ਉਹਨਾਂ ਨੇ ਉਹਨਾਂ ਦੋਹਾਂ ਨੂੰ ਕੋਈ ਨੁਕਸਾਨ ਵੀ ਨਹੀਂ ਪਹੁੰਚਾਇਆ। ਹੋ ਸਕਦਾ ਹੈ ਉਸਦੇ ਮਾਤਾ ਪਿਤਾ ਸਭ ਕੁਝ ਭੁਲਾ ਕੇ ਉਹਨਾਂ ਨੂੰ ਮਾਫ਼ ਕਰਨਾ ਚਾਹੁੰਦੇ ਹੋਣ।

ਜਦੋਂ ਮਾਂ ਨੂੰ ਉਸਦੇ ਗਰਭਵਤੀ ਹੋਣ ਬਾਰੇ ਪਤਾ ਲੱਗਾ ਤਾਂ ਉਹ ਬਹੁਤ ਖੁਸ਼ ਹੋਵੇਗੀ। ਸੋਚਾਂ ਵਿਚ ਡੁੱਬੀ ਉਹ ਆਪਣੇ ਘਰ ਵੱਲ ਜਾ ਰਹੀ ਸੀ। ਉਹ ਹੋਰ ਵੀ ਬਹੁਤ ਕੁਝ ਸੋਚ ਰਹੀ ਸੀ ਜਿਵੇਂ ਜੈਸਮਿਨ ਦੇ ਬੂਟੇ ਵੱਡੇ ਹੋ ਗਏ ਹੋਣੇ ਜੋ ਉਸਨੇ ਲਗਾਏ ਸਨ। ਦਾਦੀ ਦੀ ਸਾਹ ਦੀ ਬਿਮਾਰੀ ਕਿਵੇਂ ਹੋਵੇਗੀ? ਭਵਾਨੀ ਸਵਿਤਾ ਦਾ ਤਾਂ ਪਿਛਲੇ ਮਹੀਨੇ ਜਨਮ ਦਿਨ ਸੀ? ਮਾਂ ਨਹਾਉਣ ਵੇਲੇ ਆਪਣੀ ਪਿੱਠ ਧੋਣ ਲਈ ਕਿਸ ਨੂੰ ਬੁਲਾਉਂਦੀ ਹੋਵੇਗੀ?

ਆਖਿਰ ਉਸਦਾ ਪਿੰਡ ਵੀ ਆ ਗਿਆ। ਉਸਦਾ ਦਿਲ ਤੇਜ਼ੀ ਨਾਲ ਧੜਕਣ ਲੱਗਾ। ਗਲੀ ਵਿਚ ਕਿਸੇ ਨੂੰ ਨਹੀਂ ਪਤਾ ਸੀ ਕਿ ਉਹ ਕਿਵੇਂ ਆਏ ਸਨ। ਇਕ ਦੋ ਬੰਦੇ ਉਹਨਾਂ ਕੋਲੋਂ ਲੰਘੇ। ਜੈਸਮਿਨ ਦੀਆਂ ਵੇਲਾਂ ਦੂਰੋਂ ਹੀ ਦਿਸ ਰਹੀਆਂ ਸਨ। ਮੋਟਰ ਸਾਇਕਲ ਖੜਾ ਕਰਕੇ ਉਹਨਾਂ ਨੇ ਦਰਵਾਜ਼ਾ ਖੜਕਾਇਆ।

"ਕੌਣ ਹੈ?" ਮਾਂ ਦੀ ਆਵਾਜ਼ ਆਈ। ਦਰਵਾਜ਼ਾ ਖੋਲ੍ਹ ਕੇ ਉਹ ਉਹਨਾਂ ਵੱਲ ਗੁੱਸੇ ਨਾਲ ਦੇਖਣ ਲੱਗੀ। ਉਹ ਹੱਕੀ ਬੱਕੀ ਰਹਿ ਗਈ।

"ਮਾਂ!!"

"ਇਥੇ ਹੀ ਖੜੇ ਰਹੋ, ਅੰਦਰ ਨਾ ਵੜਿਓ।" ਉਹ ਬੜੇ ਗੁੱਸੇ ਵਿਚ ਬੋਲੀ।

"ਮਾਂ ... ਮੈਂ.... ਮਾਂ!!"

ਦੁਸ਼ਯਨਧਰਨ ਉਸਨੂੰ ਰੋਂਦੀ ਨੂੰ ਮੋਢੇ ਤੋਂ ਫੜ੍ਹ ਕੇ ਚੁੱਪ ਕਰਾਉਣ ਲੱਗਾ। ਜਦੋਂ ਮਾਂ ਉਸਨੂੰ ਕੋਸਦੀ ਅੰਦਰ ਚਲੀ ਗਈ ਤਾਂ ਸਵਿਤਾ ਨੇ ਅੰਦਰੋਂ ਭੱਜ ਕੇ ਆ ਕੇ ਉਸਨੂੰ ਗਲ ਨਾਲ ਲਾ ਲਿਆ। ਭਵਾਨੀ ਖੜੀ ਦੇਖਦੀ ਰਹੀ। ਉਹ ਆਪਣੇ ਪਿਤਾ ਦਾ ਗੁੱਸਾ ਦੇਖ ਰਹੀ ਸੀ। ਉਹਨਾਂ ਦਾ ਪਿਤਾ ਗੁੱਸੇ ਵਿਚ ਇਧਰ ਉਧਰ ਘੁੰਮ ਰਿਹਾ ਸੀ। ਜਦੋਂ ਮਾਰੂਥਨੀ ਨੇ ਬੁਲਾਇਆ, "ਦਾਦੀ ਮਾਂ...।" ਕੋਈ ਜਵਾਬ ਨਾ ਆਇਆ। ਮਾਂ ਨੇ ਅੰਦਰੋਂ ਆ ਕੇ ਇਕ ਪੋਟਲੀ ਲਿਆ ਕੇ ਉਸਦੇ ਅੱਗੇ ਸੁੱਟ ਦਿੱਤੀ।

"ਆਹ ਚੁੱਕ ਆਪਣੇ ਕੱਪੜੇ ਤੇ ਇਥੋਂ ਦਫਾ ਹੋ ਜਾ... ਨੀਚ ਬੰਦੇ ਦਾ ਬੀਅ ਢਿੱਡ ਵਿਚ ਲੈ ਕੇ ਸਾਡੇ ਘਰ ਵਿਚ ਆਪਣੇ ਚੰਦਰੇ ਪੈਰ ਨਾ ਪਾਈ। ਸਾਡੇ ਲਈ ਤੂੰ ਪਹਿਲਾਂ ਹੀ ਮਰ ਚੁੱਕੀ ਏਂ। ਜਦੋਂ ਤੂੰ ਇਸ ਘਰ ਦਾ ਬੂਹਾ ਟੱਪ ਕੇ ਨੀਚ ਦੇ ਬੂਹੇ ਵੜੀ ਸੀ। ਤੂੰ ਸਾਡੇ ਲਈ ਉਦੋਂ ਹੀ 'ਪਾਰਾਚੀ' ਬਣ ਗਈ ਸੀ। ਅਸੀਂ ਤੈਨੂੰ ਜਨਮ ਹੀ ਨਹੀਂ ਦਿੱਤਾ।...."



## ਕੰਨੜ ਕਹਾਣੀ / ਅੰਤਮ ਸੰਸਕਾਰ / ਅਰਵਿੰਦਾ ਮਾਲਾ ਗੱਟੀ

ਸੈਂਕੜੇ ਲੋਕ ਗਲੀ ਵਿਚ ਤੁਰੇ ਜਾ ਰਹੇ ਸਨ ਪਰ ਕੋਈ ਵੀ ਆਪਸ ਵਿਚ ਗੱਲਬਾਤ ਨਹੀਂ ਕਰ ਰਿਹਾ ਸੀ। ਹਰ ਪਾਸੇ ਚੁੱਪ ਛਾਈ ਹੋਈ ਸੀ। ਸਿਰਫ ਤੇਜ਼ ਤੇਜ਼ ਚਲਦੇ ਕਦਮਾਂ ਦੀ ਆਵਾਜ਼ ਸੁਣੀ ਜਾ ਸਕਦੀ ਸੀ।

ਲਗਭਗ ਦੋ ਸੌ ਲੱਤਾਂ ਤਿੰਨ ਭਾਗਾਂ ਵਿਚ ਇਕ ਦੂਜੇ ਨਾਲੋਂ ਦੌੜਾਂ ਲਾਈਆਂ ਜਾ ਰਹੀਆਂ ਸਨ। ਸਭ ਤੋਂ ਅਗਲੇ ਭਾਗ ਵਿਚ ਗੱਟੇਗਰ ਮਲੱਪਾ ਦੇ ਨਾਲ ਸਨ, ਉਸਦੇ ਖੱਬੇ ਹੱਥ ਵਿਚ ਸੁੱਕੀਆਂ ਪਾਥੀਆਂ ਸਨ ਸੱਜੇ ਹੱਥ ਵਿਚ ਜਲਦੇ ਕੋਲੇ ਤੇ ਉੱਪਰ ਪਾਥੀਆਂ ਦੇ ਟੁਕੜੇ ਸਨ। ਉਹ ਬਹੁਤ ਉਦਾਸ ਸੀ। ਉਹ ਬੜੇ ਧਿਆਨ ਨਾਲ ਚੱਲ ਰਿਹਾ ਸੀ। ਸਫ਼ੈਦ ਰੰਗ ਦਾ ਛੱਲੇਦਾਰ ਧੂੰਆਂ ਲੱਗ ਰਿਹਾ ਸੀ ਕਿ ਮਲੱਪਾ ਨੂੰ ਅੱਗੇ ਵੱਲ ਧੱਕ ਰਿਹਾ ਸੀ। ਉਸਦੀ ਕਾਲੇ ਰੰਗ ਦੀ ਦਿੱਖ ਅੱਗੇ ਸਫੈਦ ਧੂੰਆਂ ਉੱਡਦਾ ਜਾ ਰਿਹਾ ਸੀ ਤੇ ਉਹ ਇੰਝ ਸਾਫ਼ ਨਜ਼ਰ ਆਉਂਦਾ ਸੀ। ਉਸਦੇ ਪਿੱਛੇ ਹੀ ਫੱਕੀ ਰੱਪਾ ਸੀ। ਉਸਦੇ ਹੱਥਾਂ ਵਿਚ ਟੁੱਟੀ ਫੁੱਟੀ ਜਿਹੀ ਬਾਂਸ ਦੀ ਟਰੇਅ ਸੀ। ਕੁਝ ਉਬਲੇ ਹੋਏ ਮੀਟ ਦੇ ਟੁਕੜੇ ਉਸ ਟਰੇਅ ਵਿਚ ਸਨ। ਥੋੜੀਆਂ ਜਿਹੀਆਂ ਹੱਡੀਆਂ, ਕੁਝ ਮੱਕੀ ਦੀ ਰੋਟੀ ਦੇ ਟੁਕੜੇ, ਥੋੜੀ 'ਚੱਕਲੀ' (ਲੂਣ ਵਾਲੀ ਖਾਣ ਦੀ ਚੀਜ਼) ਇਕ ਦਵਾਈ ਦੀ ਬੋਤਲ ਆਦਿ ਵੀ ਉਸਦੇ ਹੱਥਾਂ ਵਿਚ ਸਨ ਉਹ ਟਰੇਅ ਇਕ ਨਵੇਂ ਕੱਪੜੇ ਦੇ ਟੁਕੜੇ ਨਾਲ ਢੱਕੀ ਹੋਈ ਸੀ। ਤੇਜ਼ ਚੱਲਣ ਕਾਰਣ ਟਰੇਅ ਦੇ ਉੱਤੇ ਦਿੱਤਾ ਕੱਪੜਾ ਕਈ ਵਾਰ ਉੱਡ ਵੀ ਜਾਂਦਾ ਸੀ। ਫੱਕੀ ਰੱਪਾ ਖਿਝਿਆ ਜਿਹਾ ਉਸ ਕੱਪੜੇ ਵੱਲ ਦੇਖਦਾ ਅਤੇ ਫਿਰ ਘੁੱਟ ਕੇ ਉਸਨੂੰ ਫਿਰ ਟਰੇਅ ਉੱਤੇ ਫੜ੍ਹ ਲੈਂਦਾ ਤਾਂ ਕਿ ਦੁਬਾਰਾ ਨਾ ਉੱਡੇ।

ਦੂਜੇ ਗਰੁੱਪ ਦੇ ਮੈਂਬਰਾਂ ਦੇ ਹੱਥ ਖ਼ਾਲੀ ਸਨ ਤੇ ਕਈਆਂ ਦੇ ਸਿਰ ਵੀ ਢੱਕੇ ਹੋਏ ਨਹੀਂ ਸਨ। ਕੁਝ ਲੋਕਾਂ ਦੇ ਵਾਲ਼ ਸਵਾਰੇ ਹੋਏ ਸਨ। ਕਈਆਂ ਨੇ ਪਗੜੀਆਂ ਬੰਨ੍ਹੀਆਂ ਹੋਈਆਂ ਸਨ। ਜੇ ਕਿਸੇ ਨੂੰ ਖੰਘ ਵੀ ਆਉਂਦੀ ਤਾਂ ਉਹ ਕੋਸ਼ਿਸ਼ ਇਹੀ ਕਰਦਾ ਕਿ ਆਵਾਜ਼ ਨਾ ਨਿਕਲੇ। ਇੰਝ ਲੱਗ ਰਿਹਾ ਸੀ ਜਿਵੇਂ ਉਹ ਕੋਈ ਲੜਾਈ ਤੇ ਜਾ ਰਹੇ ਹੋਣ।

ਤੀਜੇ ਟੋਲੇ ਵਿਚ ਔਰਤਾਂ ਸਨ ਉਹਨਾਂ ਨੇ ਆਪਣੀਆਂ ਸਾੜੀਆਂ ਦੇ ਪੱਲਿਆਂ ਨਾਲ ਸਿਰ ਤੇ ਮੂੰਹ ਢੱਕੇ ਹੋਏ ਸਨ। ਜਿਆਦਾਤਰ ਔਰਤਾਂ ਸੁਹਾਗਣਾਂ ਸਨ। ਭਾਵੇਂ ਉਹਨਾਂ ਵਿਚੋਂ ਬਹੁਤ ਸਾਰੀਆਂ ਔਰਤਾਂ ਵਧੇਰੇ ਉਮਰ ਦੀਆਂ ਸਨ। ਕੁਆਰੀਆਂ ਕੁੜੀਆਂ ਉਹਨਾਂ ਵਿਚ ਨਹੀਂ ਸਨ। ਕਈ ਔਰਤਾਂ ਰੋਂਦੀਆਂ ਔਰਤਾਂ ਨੂੰ ਹੌਂਸਲਾ ਦੇਣ ਕਰਕੇ ਉਹਨਾਂ ਨੂੰ ਆਪਣੇ ਕਲਾਵੇ ਵਿਚ ਲੈ ਕੇ ਜਾ ਰਹੀਆਂ ਸਨ। ਇਹ ਸਾਰਾ ਦ੍ਰਿਸ਼ ਬਹੁਤ ਹੀ ਲੰਮਾ ਲੱਗ ਰਿਹਾ ਸੀ। ਸਾਰੇ ਰਸਤੇ ਵਿਚ ਉਹ ਆਪਣਾ ਦੁੱਖ ਕਦੇ ਹੌਕੇ ਲੈ ਕੇ ਜਾਂ ਹਟਕੋਰੇ ਲੈ ਕੇ ਪ੍ਰਗਟ ਕਰਦੀਆਂ ਆ ਰਹੀਆਂ ਸਨ। ਹੌਂਸਲਾ ਅਤੇ ਤਸੱਲੀ ਦੇਣ ਵਾਲੀਆਂ ਔਰਤਾਂ ਬਸ ਇਹੀ ਕਹੀ ਜਾ ਰਹੀਆਂ ਸਨ, "ਭੈਣੇ ਕੀ ਕੀਤਾ ਜਾ ਸਕਦਾ ਹੈ, ਕੁਦਰਤ ਅੱਗੇ! ਬਹੁਤ ਰੋ ਲਿਆ, ਪਿੱਟ ਸਿਆਪਾ ਕਰ ਲਿਆ, ਰੋਣ ਦਾ ਕੋਈ ਫਾਇਦਾ ਨਹੀਂ।" ਲੋਕ ਘਰਾਂ ਤੋਂ ਬਾਹਰ ਆ ਕੇ ਰੋਂਦੇ ਪਿਟਦੇ ਲੋਕਾਂ ਨੂੰ ਦੇਖ ਕੇ ਦੁੱਖ ਪ੍ਰਗਟ ਕਰ ਰਹੇ ਸਨ।

–ਤਿੰਨ ਦਿਨ ਹੋ ਗਏ ਹਨ ਬੰਗਾਰੇਵਾ ਨੂੰ ਮਰਿਆ।"

–ਦੇਖੋ, ਕਿਵੇਂ ਤੇ ਕਿੰਨੀ ਛੇਤੀ ਦਿਨ ਬੀਤਦੇ ਹਨ।"

–ਆਪਣੇ ਪਤੀ ਦੇ ਜਿਉਂਦਿਆਂ ਅਜਿਹੀ ਘਟਨਾ ਵਾਪਰ ਜਾਣੀ, ਆਚੰਭਿਤ ਹੀ ਕਰਦੀ ਹੈ।

–ਚਲੋ ਜਿਵੇਂ ਮਰਜ਼ੀ ਹੈ ਰੱਬ ਦਾ ਆਸਰਾ ਚਾਹੀਦਾ ਹੈ ਬਸ।

–ਹਾਂ ਹਾਂ ਉਹ ਦੇਵੀ ਵਰਗੀ ਔਰਤ ਸੀ।

–ਸੁਣਿਆ ਉਸ ਨੂੰ ਬੜੇ ਸਲੀਕੇ ਨਾਲ ਦਫ਼ਨਾਇਆ ਗਿਆ।

–ਹਾਂ ਤੈਨੂੰ ਨਹੀਂ ਪਤਾ? ”

–ਉਸਨੇ ਦੋ ਬੋਰੇ ਮੱਕੀ ਦੇ ਵੀ ਗਰੀਬਾਂ ਨੂੰ ਵੰਡੇ।

–ਘਰ ਤੋਂ ਚੱਲਣ ਤੱਕ ਕਬਰ ਵਿਚ ਪਾਉਣ ਤੱਕ ਉਸ ਉੱਤੇ ਸਿੱਕਿਆ ਦੀ ਬਰਸਾਤ ਕੀਤੀ ਗਈ।

–ਹਾਂ, ਸਿੱਕੇ ਤਾਂ ਮੀਂਹ ਵਾਂਗ ਡਿੱਗ ਰਹੇ ਸਨ।

–ਸਾਡੇ ਬੱਚੇ ਉਹਨਾਂ ਸਿੱਕਿਆਂ ਨੂੰ ਆਪਣੀਆਂ ਟੋਪੀਆਂ ਤੇ ਕਮੀਜ਼ਾਂ ਵਿਚ ਲੁਕੋ ਰਹੇ ਸਨ।

ਬੰਗਾਰੇਵਾ ਤਾਂ ਇਕ ਅਮੀਰ ਔਰਤ ਸੀ।

–ਹਾਂ, ਸਾਰੇ ਕੋਬਲੇਅਰ (ਨੀਵੀਂ ਜਾਤ) ਵਿਚੋਂ ਉਸ ਵਰਗੀ ਕੋਈ ਨਹੀਂ ਸੀ।

–ਇਹ ਵੀ ਸੁਣਿਆ ਕਿ ਲਾਸ਼ ਦੇ ਮੂੰਹ ਵਿਚ ਬਹੁਤ ਸਾਰਾ ਸੋਨਾ ਵੀ ਪਾਇਆ ਗਿਆ।

–ਕਿੰਨਾ ਅਜੀਬ ਹੈ। ਮੌਤ ਪਿੱਛੋਂ ਕੌਣ ਐਨਾ ਕਰਦਾ ਹੈ?

–ਹਾਂ ਏਦੇ ਲਈ ਤਾਂ ਕਿਸਮਤ ਚਾਹੀਦੀ ਹੈ।

–ਉਹਨਾਂ ਨੇ ਲਾਸ਼ ਦੇ ਬੜੀ ਮਹਿੰਗੀ ਸਾੜ੍ਹੀ ਵੀ ਪਾਈ।

–ਕਾਫ਼ੀ ਸੋਨਾ ਮੂੰਹ ਵਿਚ ਪਾਇਆ ਗਿਆ।

–ਕਿਹਾ ਜਾਂਦਾ ਹੈ ਕਿ ਜੰਗਲੀ ਲੋਕ ਕੌਂਚੇ (ਇਕ ਜੰਗਲੀ ਕਬੀਲਾ) ਕਬਰ ਪੁੱਟ ਕੇ ਸਭ ਕੀਮਤੀ ਚੀਜ਼ਾਂ ਲੈ ਜਾਂਦੇ ਹਨ।

–ਅੱਛਾ !! ਇਥੇ ਇਸ ਗੱਲ ਦਾ ਜਿਆਦਾ ਜ਼ਿਕਰ ਨਾ ਕਰੋ।

–ਅਸੀਂ ਉਸ ਦੀ ਮੌਤ ’ਤੇ ਜਿਨਾ ਮਰਜ਼ੀ ਰੋ ਲਈਏ, ਘੱਟ ਹੈ।

–ਬੰਗਾਰੇਵਾ ਆਪ ਵੀ ਸੋਨੇ ਵਰਗੀ ਸੀ।

–ਉਹ ਗੰਗਾ ਵਰਗੀ ਪਵਿੱਤਰ ਤੇ ਵਫ਼ਾਦਾਰ ਪਤਨੀ ਸੀ।

–ਉਹ ਕਦੀ ਵੀ ਗਰੀਬਾਂ ਨੂੰ ਵਾਢੀ ਦੇ ਦਿਨਾਂ ਵਿਚ ਦਾਨ ਦੇਣ ਤੋਂ ਨਹੀਂ ਝਿਜਕਦੀ ਸੀ।

–ਉਸ ਦੀ ਦਿਆਲਤਾ ਦਾ ਕੋਈ ਅੰਤ ਨਹੀਂ ਸੀ।

–ਜੇ ਤੁਸੀਂ ਛੋਟੀ ਜਿਹੀ ਟੋਕਰੀ ਭੀਖ ਮੰਗਣ ਲਈ ਉਸ ਕੋਲ ਲੈ ਕੇ ਜਾਓ ਤਾਂ ਉਹ ਇਹੀ ਕਹਿੰਦੀ, “ਤੁਸੀਂ ਕੋਈ ਵੱਡਾ ਥੈਲਾ ਕਿਉਂ ਨਹੀਂ ਲੈ ਕੇ ਆਉਂਦੇ? ਇਹ ਤਾਂ ਬਹੁਤ ਛੋਟਾ ਹੈ।

–ਰੱਬ ਦੀ ਨਜ਼ਰ ਸਿਰਫ ਅਜਿਹੇ ਬੰਦਿਆਂ ’ਤੇ ਹੀ ਹੁੰਦੀ ਹੈ।

–ਵਧੀਆਂ ਹੁੰਦਾ ਜੇ ਉਹ ਕੁਝ ਹੋਰ ਸਾਲ ਜਿਉਂਦੀ ਰਹਿੰਦੀ।

–ਪਰ ਪਤੀ ਦੇ ਹੁੰਦਿਆਂ ਮਰਨਾ ਵੀ ਕਿਸਮਤ ਵਾਲੀ ਗੱਲ ਹੈ। ਮਰੀ ਹੋਈ ਵਿਧਵਾ ਔਰਤ ਦਾ ਮੂੰਹ ਕੌਣ ਦੇਖਣਾ ਚਾਹੁੰਦਾ ਹੈ?

–ਜੇ ਵਿਧਵਾ ਔਰਤਾਂ ਵੀ ਉਸ ਵਰਗੀਆਂ ਦਾਨੀ ਹੋਣ ਤੇ ਉਹ ਕਦੇ ਵੀ ’ਕਾਲ ਨਾ ਪੈਣ ਦੇਣ।

–ਚਾਰ ਹੱਟੇ-ਕੱਟੇ ਬੱਚਿਆਂ ਨੂੰ ਜਨਮ ਦੇਣ ਪਿੱਛੋਂ ਵੀ ਉਸਦੀ ਸਿਹਤ ਵਿਚ ਕੋਈ ਕਮਜ਼ੋਰੀ ਨਹੀਂ ਆਈ ਸੀ। ਇਹ ਵੀ ਬਹੁਤ ਵੱਡੀ ਗੱਲ ਸੀ।

–ਮੈਂ ਅਜੇ ਇਕ ਦਿਨ ਉਸ ਨਾਲ ਗੱਲ ਬਾਤ ਕੀਤੀ ਤੇ ਅਗਲੇ ਦਿਨ ਹੀ ਉਸਦੀ ਮੌਤ ਹੋ ਗਈ ਸੀ।

ਉਹ ਕਿੰਨੇ ਪਿਆਰ ਨਾਲ ਬੋਲਦੀ ਸੀ। ਕਿੰਨੀ ਵਧੀਆ ਮੌਤ ਆਈ ਉਸਨੂੰ ਨਾਂ ਕੋਈ ਦੁੱਖ ਨਾ ਤਕਲੀਫ਼। ਮੌਤ ਦੇ ਦੇਵਤਾ ਏਨੇ ਚੰਗੇ ਲੋਕਾਂ ਨੂੰ ਲਜਾਣ ਦੀ ਬਜਾਇ ਸਾਡੇ ਵਰਗੇ ਧਰਤੀ ’ਤੇ ਭਾਰ ਬਣੇ ਭੈੜੇ ਲੋਕਾਂ ਨੂੰ ਕਿਉਂ ਨਹੀਂ ਚੁੱਕਦਾ? ”



–ਲਗਦਾ ਅੱਜ ਅੰਤਮ ਸੰਸਕਾਰ ਦਾ ਤੀਜਾ ਦਿਨ ਹੈ।

–ਦੇਖ ਉਸਨੂੰ ਸ਼ਰਧਾਂਜਲੀ ਦੇਣ ਲਈ ਕਿੰਨੇ ਲੋਕ ਇਕੱਠੇ ਹੋਏ ਹਨ।

–ਦਫ਼ਨਾਉਣ ਦੇ ਦਿਨ ਤਾਂ ਬਹੁਤ ਜਿਆਦਾ ਭੀੜ ਸੀ।

–ਜਿਧਰ ਮਰਜ਼ੀ ਨਜ਼ਰ ਘੁਮਾ ਲਓ ਤੁਹਾਨੂੰ ਲੋਕ ਹੀ ਲੋਕ ਨਜ਼ਰ ਆ ਆਉਂਦੇ ਸਨ। ਇੰਝ ਲੱਗਦਾ ਸੀ ਜਿਵੇਂ ਲੋਕਾਂ ਦਾ ਕੋਈ ਸਮੁੰਦਰ ਹੋਵੇ।

–ਕੌਣ ਮਰ ਗਿਆ?

–ਕੋਬਲੇਅਰ ਸ਼ਿਵਾਪੇਆ ਦੀ ਪਤਨੀ।

–ਸਭ ਤੋਂ ਵੱਡੀ ਧੀ ਬਹੁਤ ਲੇਟ ਆਈ। ਜਦੋਂ ਦਫ਼ਨਾਉਣ ਦੀ ਰਸਮ ਹੋ ਚੁੱਕੀ ਸੀ। ਉਹ ਸਿਰਫ ਇਸੇ ਰਸਮ ਲਈ ਆਈ ਸੀ।

–ਲੜਾਕੂ ਸੁਭਾ ਵਾਲੀ ਸੰਗਵਾ ਵੀ ਦੇਖੀ ਗਈ ਸੀ।

ਮੌਤ ਦੇ ਸਮੇਂ ’ਤੇ ਸਭ ਦੁਸ਼ਮਣੀਆਂ ਖ਼ਤਮ ਹੋ ਜਾਂਦੀਆਂ ਹਨ। ਜੇ ਤੁਹਾਡੇ ਦੁਸ਼ਮਣ ਦੀ ਵੀ ਮੌਤ ਹੋਈ ਹੈ ਤਾਂ ਤੁਸੀਂ ਉਸਦੇ ਸੰਸਕਾਰ ਤੇ ਜ਼ਰੂਰ ਜਾਓਗੇ। ਮਰਨ ਪਿੱਛੋਂ ਕੋਈ ਵੀ ਦੌਲਤ-ਜਾਇਦਾਦ ਨਾਲ ਨਹੀਂ ਲੈ ਕੇ ਜਾਂਦਾ।

–ਅਗਨੀ ਲੈ ਕੇ ਅੱਗੇ ਅੱਗੇ ਕੌਣ ਗਿਆ ਸੀ। ਮਲੱਇਆ ਤਾਂ ਨਹੀਂ ਸੀ??

–ਹਾਂ, ਉਹ ਕਿਉਂ ਲੈ ਕੇ ਗਿਆ ਸੀ !

–ਹੋ ਸਕਦਾ ਉਸਦੇ ਪਿਤਾ ਨੇ ਇਹ ਕੀਤਾ ਹੋਵੇ।

–ਕਿੰਨਾ ਕਮੀਨਾ ਹੈ ਉਹ !

–ਚੱਲ ਛੱਡ ! ਏਥੇ ਇਸ ਤਰ੍ਹਾਂ ਦੀਆਂ ਗੱਲਾਂ ਨਾ ਕਰ।

–ਸਮਝ ਗਿਆ?

–ਆਖਰੀ ਰਸਮਾਂ ਹੁੰਦਿਆਂ ਦੇਖ ਕੇ ਆਲੇ ਦੁਆਲੇ ਦੇ ਲੋਕ ਆਪਸ ਵਿਚ ਹਮਦਰਦੀ ਭਰੀਆਂ ਗੱਲਾਂ ਕਰ ਰਹੇ ਸਨ। ਲੋਕਾਂ ਦਾ ਇਕੱਠ ਤੰਨਾੜੀ, ਕੋਬਲੇਅਰ, ਆਇਸ਼ਰ ਤੇ ਮੁਸਲਮਾਨਾਂ ਦੀਆਂ ਗਲੀਆਂ ਵਿਚੋਂ ਹੁੰਦਾ ਹੋਇਆ ਜਾ ਰਿਹਾ ਸੀ। ਅੰਤਿਮ ਸੰਸਕਾਰ ਤੋਂ ਪਹਿਲਾਂ ਛੋਟੀਆਂ ਜਾਤਾਂ ਜਿਵੇਂ ‘ਹੋਲੀਏ’ ਅਤੇ ‘ਮਡੀਗੇਅਸ’ ਆਪਣੀਆਂ ਦੁੱਖ ਭਰੀਆਂ ਕਹਾਣੀਆਂ ਸੁਣਾਉਂਦੇ ਸਨ। ਉਹ ਉਸ ਥਾਂ ਤੋਂ ਚਲੇ ਜਾਂਦੇ ਪਰ ਉਹਨਾਂ ਦੀਆਂ ਗੱਲਾਂ ਉੱਥੇ ਕੌਣ ਸੁਣਦਾ ਉਨ੍ਹਾਂ ਨੂੰ ਉਥੇ ਕੌਣ ਵੜਨ ਦਿੰਦਾ। ਉਹ ਕਹੀਆਂ ਸੁਣੀਆਂ ਗੱਲਾਂ ਲੋਕ ਵੀ ਬਾਅਦ ਵਿਚ ਕਰਨ ਲੱਗਦੇ।


**ਚਰਚਿਤ ਨਾਵਲਕਾਰ ਬਲਬੀਰ ਪਰਵਾਨਾ**
**ਦਾ ਨਵਾਂ ਨਾਵਲ**

**ਅੰਬਰ ਵੱਲ ਉਡਾਣ**

**ਪ੍ਰਕਾਸ਼ਕ**
**ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ**
**ਮੁੱਲ :150, ਪੰਨੇ :156**



## ਮਰਾਠੀ ਕਹਾਣੀ / **ਤਰੱਕੀ**/ ਅਰਜੁਨ ਡਾਂਗਲੇ

"ਮੈਂ ਤੈਨੂੰ ਦੱਸ ਰਿਹਾ ਹਾਂ ਕਿ ਤੁਹਾਨੂੰ ਇਹ ਕਰਨਾ ਹੀ ਪਵੇਗਾ।"

"ਨਹੀਂ ਮੈਂ ਇਹਨੂੰ ਕਦੇ ਨਹੀਂ ਕਰਾਂਗਾ।"

"ਦੇਖੋ, ਗੋਡਬੋਲੇ ਉਹ ਮੈਡਮ ਦੋ ਦਿਨਾਂ ਦੀ ਹੋਰ ਛੁੱਟੀ ਤੇ ਹੈ ਅਤੇ ਇਹ ਤਜਵੀਜ਼ ਅੱਜ ਹੀ ਭੇਜਣੀ ਹੋਵੇਗੀ। ਕ੍ਰਿਪਾ ਕਰਕੇ ਇਸਨੂੰ ਤਿਆਰ ਰੱਖੋ। ਜੇ ਤੁਸੀਂ ਨਾ ਕੀਤਾ ਤਾਂ ਮੈਨੂੰ ਸਾਇਦ....।"

" ਜੇ ਤੁਸੀਂ ਚਾਹੋ ਤਾਂ...।"

"ਮੈਨੂੰ ਇਤਲਾਹ ਕਰ ਸਕਦੇ ਹੋ, ਮੈਂ ਤੈਨੂੰ ਹਜ਼ਾਰ ਵਾਰ ਕਿਹਾ ਹੈ ਕਿ ਇਹ ਮੇਰਾ ਕੰਮ ਨਹੀਂ ਹੈ।"

"ਕੁਝ ਅਕਲ ਨੂੰ ਹੱਥ ਮਾਰੋ ਅਤੇ ਆਪਣੇ ਤੋਂ ਵੱਡੇ ਅਫ਼ਸਰਾਂ ਦੀ ਇੱਜ਼ਤ ਕਰਨੀ ਵੀ ਸਿਖੋ।"

"ਮੈਨੂੰ ਪਤਾ ਹੈ ਤੁਸੀਂ ਮੇਰੇ ਤੋਂ ਵੱਡੇ ਅਫ਼ਸਰ ਹੋ, ਪ੍ਰੰਤੂ ਜਿੱਥੇ ਤੱਕ ਮਹੱਤਵਪੂਰਨ ਦਾ ਸਵਾਲ ਹੈ, ਮੈਂ ਤੁਹਾਡੇ ਤੋਂ ਮਹੱਤਵ ਪੂਰਨ ਹਾਂ, ਇਸ ਗੱਲ ਨੂੰ ਤੁਸੀਂ ਧਿਆਨ 'ਚ ਰੱਖੋ।"

"ਦਫਾ ਹੋ ਜਾ ਏਥੋਂ।"

ਵਾਘਮਰੇ ਨੇ ਇਕ ਕਾਗਜ਼ ਉਸਦੇ ਅੱਗੇ ਕੀਤਾ ਗੋਡਬੋਲੇ ਦੇ ਖ਼ਿਲਾਫ਼ ਰਿਪੋਰਟ ਦਰਜ ਕਰਾਉਣ ਲਈ। ਉਸਨੇ ਪਾਣੀ ਦਾ ਗਲਾਸ ਪੀਤਾ। ਹੱਥ ਵਿਚ ਰਿਪੋਰਟ ਫੜਦਿਆਂ ਉਹ ਚਲਦੇ ਪੱਖੇ ਵੱਲ ਲਗਾਤਾਰ ਦੇਖਦਾ ਰਿਹਾ। ਅਸਲ ਵਿਚ ਗੋਡਬੋਲੇ ਦੇ ਖਿਲਾਫ਼ ਰਿਪੋਰਟ ਦਰਜ ਕਰਵਾਉਣ ਦਾ ਕੋਈ ਫਾਇਦਾ ਨਹੀਂ ਸੀ। ਉਸਨੂੰ ਪਤਾ ਸੀ ਕਿ ਉਸਦੇ ਖਿਲਾਫ਼ ਕੋਈ ਕਾਰਵਾਈ ਨਹੀਂ ਹੋਵੇਗੀ। ਸਭ ਨੂੰ ਪਤਾ ਸੀ ਗੋਡਬੋਲੇ ਜੋਸ਼ੀ ਸਾਹਿਬ ਦਾ....।" ਕੋਈ ਵੀ ਗੋਡਬੋਲੇ ਨਾਲ ਦੁਸ਼ਮਣੀ ਮੁੱਲ ਨਹੀਂ ਲੈਣੀ ਚਾਹੁੰਦਾ ਸੀ। ਫਿਰ ਵੀ ਵਧੀਆ ਸੀ ਕਿ ਉਸ ਖ਼ਿਲਾਫ਼ ਰਿਪੋਰਟ ਦਰਜ ਕੀਤੀ ਜਾਵੇ। ਉਸ ਕੋਲ ਇਕ ਪੁਖ਼ਤਾ ਕਾਰਨ ਵੀ ਸੀ ਜੇ ਉਸਨੂੰ ਪੁੱਛਿਆ ਜਾਵੇ ਕਿ ਹੁਕਮ ਪੇਸ਼ ਕਰਨ ਵਿਚ ਦੇਰ ਕਿਉਂ ਲੱਗੀ।

ਉਸ ਨੇ ਚਪੜਾਸੀ ਨੂੰ ਬੁਲਾਉਣ ਲਈ ਘੰਟੀ ਮਾਰੀ ਤੇ ਉਸਨੂੰ ਬਨਾਰਸੀ 120 ਨੰਬਰ ਦੇ ਦੋ ਪਾਨ ਲਿਆਉਣ ਲਈ ਕਿਹਾ ਅਤੇ ਇਹ ਵੀ ਕਿਹਾ ਕਿ ਆਵਲੇ ਸਾਹਿਬ ਨੂੰ ਚਾਹ 'ਤੇ ਆਉਣ ਦਾ ਸੱਦਾ ਵੀ ਦੇ ਆਵੇ। ਚਪੜਾਸੀ ਚਲਾ ਗਿਆ। ਕੁਝ ਸਮੇਂ ਲਈ ਵਾਗਮਰੇ ਆਪਣਾ ਸਿਰ ਆਪਣੇ ਹੱਥਾਂ ਵਿਚ ਲਈ ਬੈਠਿਆ ਰਿਹਾ। ਫਿਰ ਉਸਨੇ ਦੁਬਾਰਾ ਘੰਟੀ ਵਜਾਈ। ਇਹ ਉਮੀਦ ਰੱਖਦਿਆਂ ਕਿ ਸ੍ਰੀ ਮਾਨ ਸਿੰਘ ਦਾ ਚਪੜਾਸੀ ਆਵਾਜ਼ ਸੁਣ ਕੇ ਅੰਦਰ ਆ ਜਾਵੇ। ਉਸਨੇ ਫਿਰ ਤੋਂ ਘੰਟੀ ਵਜਾਈ ਪਰ ਕੋਈ ਵੀ ਨਾ ਆਇਆ। ਅੰਤ ਵਿਚ ਉਹ ਆਪ ਹੀ ਉੱਠਿਆ ਤੇ ਸ਼੍ਰੀਮਤੀ ਕਾਰਤਿਕ ਦੇ ਟੇਬਲ ਤੋਂ ਹੁੰਦਿਆਂ ਕੁਝ ਕਾਗਜ਼ਾਂ ਨਾਲ ਉਲਝਦਿਆਂ ਹੁਕਮ ਨਾਲ ਸੰਬੰਧਿਤ ਕਾਗਜ਼ ਲਿਆ ਤੇ ਵਾਪਸ ਚਲਾ ਗਿਆ। ਗੋਡਬੋਲੇ ਆਪਣੀ ਕੁਰਸੀ ਤੇ ਸਥਿਰ ਬੈਠਾ ਰਿਹਾ ਤੇ ਇਕ ਇੰਚ ਵੀ ਨਾ ਇਧਰ ਉਧਰ ਹਿੱਲਿਆ। ਵਾਗਮਰੇ ਥੋੜਾ ਰੁਕਿਆ ਤੇ ਸੋਚਣ ਲੱਗਾ ਕਿ ਕਿਸੇ ਵਿਸ਼ਵਾਸਪਾਤਰ ਬੰਦੇ ਨੂੰ ਕੰਮ ਦੱਸਿਆ ਜਾਵੇ। ਪਹਿਲਾਂ ਹੀ ਹਰ ਬੰਦੇ ਕੋਲ ਬਹੁਤ ਕੰਮ ਹੈ। ਅਸਲ ਵਿਚ ਗੋਡਬੋਲੇ ਨੂੰ ਹੀ ਇਹ ਕਰਨਾ ਚਾਹੀਦਾ ਹੈ ਕਿਉਂਕਿ ਉਹ ਉਸਦੀ ਬਰਾਦਰੀ ਵਿਚੋਂ ਸੀ। ਵਾਗਮਰੇ ਫਾਇਲ ਅੰਦਰ ਲੈ ਗਿਆ ਤੇ ਉਸਨੂੰ ਪੜ੍ਹਨ ਲੱਗਾ।

ਅਚਾਨਿਕ ਦਰਵਾਜ਼ਾ ਖੁੱਲ੍ਹਿਆ ਤੇ ਆਵਲੇ ਸਾਹਿਬ ਆਪਣੇ ਆਮ ਅੰਦਾਜ਼ ਵਿਚ ਅੰਦਰ ਦਾਖਲ ਹੋਏ

"ਓ ਹੋ ਐਨਾ ਕੰਮ ਵਿਚੇ ਹੀ ਕਿਉਂ ਉਲਝਿਆ ਪਿਆ ਏ? " ਬੈਠਦਿਆਂ ਉਸਨੇ ਕਿਹਾ।



"ਹਾਂ ਯਾਰ, ਓ ਗੋਡਬੋਲੇ ਮੇਰੀ ਇਕ ਨਹੀਂ ਮੰਨਦਾ। ਹੁਣ ਤੋਂ ਬਾਅਦ ਮੈਨੂੰ ਆਪ ਹੀ ਇਨ੍ਹਾਂ ਹਾਲਾਤਾਂ ਦਾ ਸਾਹਮਣਾ ਕਰਨਾ ਪਵੇਗਾ। "

"ਢੱਠੇ ਖੂਹ ਵਿਚ ਜਾਂਦਾ ਇਹ ਕੰਮ। ਤੂੰ ਇਹ ਸਭ ਕਿਉਂ ਕਰ ਰਿਹਾ ਏਂ? ਚੰਗਾ ਰੋਹਬ ਪਾ ਕੇ ਉਸ ਤੋਂ ਹੀ ਇਹ ਕੰਮ ਕਰਵਾ।"

"ਨਹੀਂ ਉਸ ਨੇ ਮੇਰੀ ਇਕ ਨਹੀਂ ਮੰਨਣੀ।"

"ਤੂੰ ਤਾਂ ਡਰਪੋਕ ਬੰਦਾ ਏ, ਤੂੰ ਉਹਦੇ ਵਿਰੁੱਧ ਇਕ ਨੋਟਿਸ ਕੱਢਦੇ, ਇੰਝ ਦੁੱਖੀ ਹੋਣ ਦੀ ਬਜਾਇ। ਚੇਤੇ ਰੱਖੀ ਕੋਈ ਵੀ ਇਸ ਗੱਲ ਤੇ ਖੁਸ਼ ਨਹੀਂ ਕਿ ਤੇਰੀ ਕੋਟੇ ਵਿਚੋਂ ਤਰੱਕੀ ਹੋਈ ਹੈ।"

"ਨਾ ਹੋਣ ਖੁਸ਼, ਮੈਨੂੰ ਪਰਵਾਹ ਨਹੀਂ, ਪਰ ਇੰਝ ਰਿਸ਼ਤੇ ਵਿਗਾੜਦੇ ਹਨ।"

"ਕੀ ਗੋਡਬੋਲੇ ਤੇਰੀ ਇੱਜ਼ਤ ਕਰਦਾ ਹੈ? "

"ਨਹੀਂ ਉਹ ਨਹੀਂ ਕਰਦਾ, ਤੇ ਇਹ ਕੁਦਰਤੀ ਵੀ ਹੈ ਉਹਦੀ ਐਨਾ ਨਰਾਜਗੀ ਦਿਖਾਉਣੀ ਜਾਇਜ਼ ਵੀ ਹੈ, ਕਿਉਂਕਿ ਉਸ ਤੋਂ ਜੂਨੀਅਰ ਹੋਣ ਦੇ ਬਾਵਜੂਦ ਮੇਰੀ ਤਰੱਕੀ ਹੋ ਗਈ।"

ਮੇਰੀ ਗੱਲ ਸੁਣ ਕੇ ਇਹ ਸਿਰਫ਼ ਅਸੀਂ ਹਾਂ ਜੋ ਤੇਤੀ ਪ੍ਰਤੀਸ਼ਤ ਰਾਖਵਾਂ ਕਰਕੇ 'ਸਾਹਿਬ ਲੋਕਾਂ' ਵਿਚ ਗਿਣੇ ਜਾਣ ਲੱਗੇ ਹਾਂ ਤੇ ਉਹਨਾਂ ਲੋਕਾਂ ਨੂੰ ਚੇਤੇ ਕਰ ਜੋ ਸਦੀਆਂ ਤੋਂ 100 ਪ੍ਰਤੀਸਤ ਰਿਜ਼ਰਵ ਕੈਟੇਗਰੀ ਤੇ ਰਹੇ ਸਨ। ਉਸ ਗੱਲ ਦਾ ਤੇਰੇ ਲਈ ਕੋਈ ਮਤਲਬ ਨਹੀਂ? "

"ਚੱਲ ਛੱਡ।"

"ਚੱਲ ਛੱਡ ਦਾ ਲੱਗਦਾ! ਤੈਨੂੰ ਉਦੋਂ ਹੋਸ਼ ਆਵੇਗੀ ਜਦੋਂ ਤੇਰੇ ਗਲੇ ਵਿਚ ਇਕ ਲੋਟਾ ਲਟਕਾ ਦਿੱਤਾ ਜਾਵੇਗਾ।"

ਉਹਨਾਂ ਨੇ ਚਾਹ ਪੀਤੀ। ਵਾਗਮਰੇ ਸੋਚਦਾ ਸੀ ਕਿ ਆਵਲੇ ਚਲਾ ਜਾਵੇਗਾ। ਜਦੋਂ ਵੀ ਉਸ ਨੂੰ ਜਾਤ-ਪਾਤ ਨਾਲ ਸੰਬੰਧਿਤ ਉਲਝਣਾ ਹੁੰਦੀਆਂ ਤਾਂ ਉਹ ਹਮੇਸ਼ਾਂ ਆਵਲੇ ਨੂੰ ਯਾਦ ਕਰਦਾ। ਆਵਲੇ ਉਸਦੀ ਪੂਰੀ ਹੌਸਲਾ ਅਫ਼ਜਾਈ ਕਰਦਾ ਪਰ ਉਸਨੂੰ ਹਰ ਵਾਰ ਦੀ ਤਰ੍ਹਾਂ ਹੋਰ ਦੁੱਖੀ ਵੀ ਕਰ ਜਾਂਦਾ।

ਪਾਨ ਖਾਂਦਿਆਂ ਆਵਲੇ ਨੂੰ ਪੁੱਛਿਆ, "ਅੱਛਾ ਇਹ ਦੱਸ, ਤੁਹਾਡਾ ਪ੍ਰਿੰਟਿੰਗ ਦਾ ਕੰਮ ਵੀ ਹੈ।"

"ਹਾਂ ਕੁਝ ਕਰਵਾਉਣਾ ਸੀ? "

"ਕੁਝ ਖਾਸ ਨਹੀਂ। ਬੈਕਵਰਡ ਕਲਾਸ ਵਰਕਰਜ਼ ਐਸੋਸੀਏਸ਼ਨ ਨੂੰ ਕੁਝ ਰਸੀਦਾਂ ਦੀਆਂ ਕਾਪੀਆਂ ਚਾਹੀਦੀਆਂ ਸਨ,ਅੰਬੇਡਕਰ ਜਯੰਤੀ ਲਈ।"

"ਨਹੀਂ ਨਹੀਂ ਇਹਦੇ ਨਾਲ ਬਿਨ੍ਹਾਂ ਵਜ੍ਹਾ ਮੁਸ਼ਕਲਾਂ ਪੈਦਾ ਹੋਣਗੀਆਂ।"

"ਮੈਨੂੰ ਪਹਿਲਾਂ ਇਹ ਦੱਸ ਤੇਰੇ ਖਰੀਦ ਖੇਤਰ ਵਿਚ ਜੋ ਵੀ ਹੋ ਰਿਹਾ ਹੈ ਤੈਨੂੰ ਸਭ ਪਤਾ ਹੈ? ਉਥੋਂ ਰੇਲਗੱਡੀਆਂ ਤੱਕ ਗਾਇਬ ਹਨ ਤੇ ਤੂੰ ਕੁਝ ਰਸੀਦਾਂ ਦੀਆਂ ਕਾਪੀਆਂ ਨੂੰ ਲੈ ਕੇ ਪਰੇਸ਼ਾਨ ਹੋ ਗਿਆ? "

"ਪਰੇਸ਼ਾਨ ਹੋਣ ਦੀ ਗੱਲ ਨਹੀਂ ਪਰ...।"

"ਅੱਛਾ ਛੱਡ ਇਸ ਗੱਲ ਨੂੰ, ਤੂੰ ਇਹ ਦੱਸ ਬੈਕਵਰਡ ਕਲਾਸ ਐਸੋਸੀਏਸ਼ਨ ਦੀਆਂ ਮੀਟਿੰਗਾਂ ਵਿਚ ਹੁਣ ਤੂੰ ਕਿਉਂ ਨਹੀਂ ਆਉਂਦਾ? ਸਾਡੇ ਸਟਾਫ਼ ਦੇ ਸਾਰੇ ਮੈਂਬਰ ਇਸ ਗੱਲ ਤੋਂ ਬੜੇ ਪਰੇਸ਼ਾਨ ਹਨ ਕਿ ਤੂੰ ਨਹੀਂ ਆਉਂਦਾ।"

"ਠੀਕ ਹੈ, ਅਸਲ ਵਿਚ ਮੈਂ ਇਸ ਹੁਕਮ ਤੇ ਕੰਮ ਕਰਨਾ ਹੈ। "

ਸ਼ਾਮ ਦੇ ਚਾਰ ਵੱਜ ਚੁੱਕੇ ਸਨ ਤੇ ਵਾਗਮਰੇ ਨੇ ਹੁਕਮ ਦਾ ਇਕ ਡਰਾਫਟ ਬਣਾ ਲਿਆ ਸੀ। ਅਗਲੀ ਸਵੇਰ ਉਸਨੇ ਇਸਨੂੰ ਚੰਗੀ ਤਰ੍ਹਾਂ ਚੈੱਕ ਕਰਕੇ ਫਾਇਨਲ ਕਰਨ ਦਾ ਸੋਚਿਆ ਤਾਂ ਜੋ ਫਿਰ ਉਸਨੂੰ ਟਾਈਪ

ਕਰਨ ਲਈ ਭੇਜਿਆ ਜਾਵੇ। ਅਚਨਚੇਤ ਉਸ ਦੇ ਦਿਮਾਗ਼ ਵਿਚ ਗੋਡਬੋਲੇ ਦਾ ਖ਼ਿਆਲ ਆਇਆ ਪਰ ਛੇਤੀ ਹੀ ਉਹ ਖਿਆਲ ਦਿਮਾਗ਼ ਵਿਚੋਂ ਕੱਢ ਦਿੱਤਾ। ਉਸਨੂੰ ਲੱਗਾ ਕਿ ਆਵਲੇ ਮਗਰ ਨਹੀਂ ਲੱਗਣਾ ਚਾਹੀਦਾ। ਉਹ ਤਾਂ ਸਗੋਂ ਬਣੀ ਬਣਾਈ ਗੱਲ ਵੀ ਵਿਗਾੜ ਦਿੰਦਾ ਹੈ ਅਤੇ ਲੋਕ ਵੀ ਉਸ ਤੇ ਹੱਸਣਗੇ। ਵਾਗਮਰੇ ਨੇ ਆਪਣੇ ਆਪ ਨੂੰ ਯਾਦ ਦਵਾਇਆ ਕਿ ਉਹ ਇਕ ਅਫ਼ਸਰ ਹੈ। ਤੇ ਉਸਨੂੰ ਕੁਝ ਖ਼ਾਸ ਜਗ੍ਹਾ ਬਣਾ ਕੇ ਰੱਖਣੀ ਚਾਹੀਦੀ ਹੈ। ਉਸਦੀ ਸੋਚ ਦੇ ਪਹੀਏ ਬੜੀ ਤੇਜ਼ੀ ਨਾਲ ਘੁੰਮਣ ਲੱਗੇ। ਉਸਨੂੰ ਅਚਾਨਿਕ ਅਹਿਸਾਸ ਹੋਇਆ ਕਿ ਉਸਨੂੰ ਪਿਆਸ ਲੱਗੀ ਹੈ। ਉਸਨੇ ਚਪੜਾਸੀ ਨੂੰ ਘੰਟੀ ਮਾਰ ਕੇ ਬੁਲਾਇਆ।

"ਕੀ ਮੈਂ ਅੰਦਰ ਆ ਸਕਦੀ ਹਾਂ? ਸ੍ਰੀ ਮਾਨ।" ਗੋਡਾਮਬਲੇ ਨੇ ਪੁੱਛਿਆ।

"ਹਾਂ।"

"ਸ੍ਰੀ ਮਾਨ ਜੀ ਮੈਂ ਸੋਮਵਾਰ ਤੋਂ ਤਿੰਨ ਦਿਨ ਦੀ ਛੁੱਟੀ ਤੇ ਜਾ ਰਹੀ ਹਾਂ।"

"ਤੁਸੀਂ ਹੁਣ ਛੁੱਟੀ ਕਿਵੇਂ ਲੈ ਸਕਦੇ ਹੋ? ਤੁਹਾਨੂੰ ਨਹੀਂ ਪਤਾ ਕਿ ਅਜੇ ਸ੍ਰੀਮਤੀ ਕਾਮਿਕ ਨੇ ਸੀਟ 'ਤੇ ਆਉਣਾ ਸ਼ੁਰੂ ਨਹੀਂ ਕੀਤਾ। ਤੁਸੀਂ ਫਿਰ ਕਦੇ ਛੁੱਟੀ ਲੈ ਲੈਣਾ।"

"ਨਹੀਂ ਸ਼੍ਰੀਮਾਨ, ਮੈਨੂੰ ਹੁਣੇ ਹੀ ਛੁੱਟੀ ਲੈਣੀ ਪਵੇਗੀ।"

"ਕੋਈ ਖਾਸ ਕਾਰਨ ਹੈ?"

"ਅਸੀਂ ਸਿਰੜੀ ਜਾ ਰਹੇ ਹਾਂ।"

"ਓ ਅੱਛਾ! ਤੂੰ ਇਹ ਪਹਿਲਾਂ ਕਿਉਂ ਨਹੀਂ ਦੱਸਿਆ? ਫ਼ਿਕਰ ਨਾ ਕਰ ਜਾਓ, ਜਾਓ! ਅਤੇ ਮੇਰੇ ਵਲੋਂ ਪ੍ਰਸਾਦ ਚੜ੍ਹਾਉਣਾ ਨਾ ਭੁੱਲਣਾ।" ਉਸਨੇ ਆਪਣਾ ਪਰਸ ਪੈਸੇ ਦੇਣ ਲਈ ਖੋਲਿਆ।

"ਨਹੀਂ ਨਹੀਂ ਮੈਂ ਅਭਿਸੇਕ ਭੇਟਾ ਦੇ ਕੇ ਮੱਥਾ ਟੇਕ ਦੇਵਾਂਗੀ।"

"ਓ ਹੋ ਚਲੋ... ਪੈਸੇ ਫੜੋ ਨਹੀਂ ਤਾਂ ਸਾਰਾ ਫ਼ਲ ਤਾਂ ਤੁਹਾਨੂੰ ਲੱਗ ਜਾਵੇਗਾ।" ਵਾਗਮਰੇ ਨੇ ਹੱਸਦਿਆਂ ਕਿਹਾ।

ਗੋਡਾਮਬਲੇ ਹੱਸਦੀ ਹੋਈ ਚਲੀ ਗਈ।

ਜਿਵੇਂ ਹੀ ਉਸਨੇ ਪਾਣੀ ਦਾ ਗਿਲਾਸ ਹੇਠਾ ਰੱਖਿਆ ਤਾਂ ਟੈਲੀਫ਼ੂਨ ਦੀ ਘੰਟੀ ਵੱਜੀ।

"ਹੈਲੋ, ਅਸਿਸਟੈਂਟ ਅਫ਼ਸਰ ਵਾਗਮਰੇ ਬੋਲ ਰਿਹਾ ਹਾਂ?"

"ਸਾਹਿਬ, ਮੈਂ ਚੂਨੀ ਲਾਲ ਐਂਡ ਸੰਨਜ਼ ਕੰਪਨੀ ਵਲੋਂ ਬੋਲ ਰਿਹਾ ਹਾਂ।"

"ਹਾਂ ਜੀ, ਤੁਹਾਡਾ ਕੰਮ ਹੋ ਗਿਆ ਹੈ। ਇਹ ਮੈਨੂੰ ਯਾਦ ਹੈ। ਤੁਸੀਂ ਕਦੋਂ ਆ ਰਹੇ ਹੋ ਇਧਰ?"

"ਸਾਹਿਬ ਤੁਸੀਂ ਆਪ ਹੀ ਇਥੇ ਕਿਉਂ ਨਹੀਂ ਆ ਜਾਂਦੇ?"

"ਮੈਂ ਤੁਹਾਨੂੰ ਲੈਣ ਲਈ ਕਿਸੇ ਨੂੰ ਭੇਜਾ?"

"ਨਹੀਂ ਨਹੀਂ ਅੱਜ ਨਹੀਂ ਅਸੀਂ ਇਸ ਬਾਰੇ ਅਗਲੇ ਹਫ਼ਤੇ ਗੱਲ ਕਰਾਂਗੇ।"

"ਠੀਕ ਹੈ।"

"ਓ.ਕੇ.।"

ਵਾਗਮਰੇ ਥੋੜਾ ਠੀਕ ਮਹਿਸੂਸ ਕਰ ਰਿਹਾ ਸੀ। ਗੋਡਬੋਲੇ ਉਸਦੇ ਦਿਮਾਗ਼ ਵਿਚੋਂ ਨਿਕਲ ਚੁੱਕਾ ਸੀ।

ਪੰਜ ਵੱਜ ਚੁੱਕੇ ਸਨ। ਦਫ਼ਤਰ ਖਾਲੀ ਹੋ ਚੁੱਕਾ ਸੀ। ਵਾਗਮਰੇ ਪੰਜ ਵਜ ਕੇ ਪੰਜ ਮਿੰਟ ਤੇ ਲੋਕਲ ਟਰੇਨ ਲੈ ਸਕਦਾ ਸੀ ਪਰ ਉਸਨੇ ਉਹ ਜਾਣ ਦਿੱਤੀ।

ਉਸਦੇ ਸਭ ਪੁਰਾਣੇ ਯਾਰ ਬੇਲੀ ਉਸੇ ਗੱਡੀ ਦੀ ਸੈਕਿੰਡ ਕਲਾਸ ਵਿਚ ਸਫ਼ਰ ਕਰਦੇ ਸਨ। ਆਵਲੇ ਮਾੜਾ ਬੋਲਣ ਵਾਲਾ ਤੇ ਰੁੱਖਾ ਜਿਹਾ ਸੀ। ਉਹ ਪਹਿਲੇ ਦਰਜੇ ਵਿਚ ਸਫ਼ਰ ਕਰਨ ਦੀ ਬਜਾਇ ਆਪਣੇ



ਦੋਸਤਾਂ ਨਾਲ ਦੂਜੇ ਦਰਜੇ ਵਿਚ ਸਫ਼ਰ ਕਰਦਾ ਸੀ। ਹੋਰ ਤਾਂ ਹੋਰ ਉਹ ਗੱਡੀ ਵਿਚ ਬਹੁਤ ਉੱਚੀ ਉੱਚੀ ਬਾਕੀ ਦੋਸਤਾਂ ਨਾਲ ਬਹਿਸਾ ਵੀ ਕਰਦਾ ਸੀ। ਵਾਗਮਰੇ ਨੂੰ ਅਚਾਨਿਕ ਆਪਣੀ ਕਲਰਕੀ ਦੀ ਨੌਕਰੀ ਦੇ ਸਮੇਂ ਦਾ ਇਕ ਦੋਸਤ ਗਾਇਕਵਾੜ ਚੇਤੇ ਆ ਗਿਆ। ਗਾਇਕਵਾੜ ਜਿਸ ਦੀ 'ਜੈ ਭੀਮ! ਵਾਗਮਰੇ ਸਾਹਿਬ" ਦੀ ਆਵਾਜ਼ ਉਸਦੀ ਸੋਚ ਵਿਚ ਆਈ। ਇਸ ਗੱਲ ਦਾ ਕੋਈ ਕਾਰਨ ਨਹੀਂ ਸੀ ਕਿ ਗਾਇਕਵਾੜ, "ਜੈ ਭੀਮ!" ਹੌਲੀ ਕਿਉਂ ਨਹੀਂ ਕਹਿੰਦਾ ਸੀ। ਜਦੋਂ ਵੀ ਗਾਇਕਵਾੜ ਇੰਝ ਕਹਿੰਦਾ ਤਾਂ ਆਲੇ ਦੁਆਲੇ ਦੇ ਸਭ ਲੋਕ ਉਸ ਵੱਲ ਵੇਖਣ ਲੱਗ ਜਾਂਦੇ।

ਵਾਗਮਾਰੇ ਪੰਜ ਵੱਜ ਕੇ ਪੰਦਰਾ ਮਿੰਟ ਆਉਣ ਵਾਲੀ ਲੋਕਲ ਗੱਡੀ ਦੇ ਪਹਿਲੇ ਦਰਜੇ ਦੇ ਡੱਬੇ ਵਿਚ ਵੜਿਆ। ਉਸਨੇ ਪਹਿਲਾਂ ਵਾਂਗ ਆਪਣੀ ਖਿੜਕੀ ਵਾਲੀ ਸੀਟ ਤੇ ਬੈਠ ਗਿਆ। ਗੱਡੀ ਚੱਲਣ ਨੂੰ ਅਜੇ ਚਾਰ ਮਿੰਟ ਪਏ ਸਨ। ਉਦੋਂ ਹੀ ਇਕ ਆਦਮੀ 'ਸ਼ਾਮ ਦੀਆਂ ਖ਼ਬਰਾਂ' ਲਿਆਉਣ ਵਾਲਾ ਗੱਡੀ ਅੰਦਰ ਦਾਖਲ ਹੋਇਆ। ਉਹ ਵਾਗਮਰੇ ਦੇ ਉਲਟੇ ਪਾਸੇ ਦੀ ਸੀਟ ਤੇ ਬੈਠ ਗਿਆ। ਉਹ ਵਾਗਮਾਰੇ ਵੱਲ ਦੇਖਦਿਆਂ ਹੀ ਹੱਸਦਿਆਂ ਕਹਿਣ ਲੱਗਾ, "ਐਦਾ ਲੱਗਦਾ ਹੈ ਕਿ ਤੂੰ ਇਹ ਸੀਟ ਹਮੇਸ਼ਾਂ ਲਈ ਰਿਜਰਵ ਕਰਵਾਈ ਹੈ। ਤੂੰ ਹਮੇਸ਼ਾਂ ਇਥੇ ਹੀ ਖਿੜਕੀ ਕੋਲ ਬੈਠਦਾ ਏ।"

ਵਾਗਮਰੇ ਨੇ ਜਦੋਂ ਰਿਜ਼ਰਵ ਸ਼ਬਦ ਸੁਣਿਆ ਤਾਂ ਹੈਰਾਨ ਜਿਹਾ ਹੋ ਗਿਆ। ਉਹ ਹੈਰਾਨ ਸੀ, ਕੀ ਉਸਦੇ ਸਹਿ ਯਾਤਰੀ ਨੂੰ ਇਹ ਪਤਾ ਸੀ ਕਿ ਉਹ ਅਨੁਸੂਚਿਤ ਜਾਤੀ ਨਾਲ ਸਬੰਧਿਤ ਹੈ। ਆਪਣੇ ਆਪ ਨੂੰ ਭਰੋਸਾ ਦਵਾਉਂਦਿਆਂ ਕਿ ਹੋ ਸਕਦਾ ਹੈ ਕਿ ਉਸਨੂੰ ਨਾ ਵੀ ਪਤਾ ਹੋਵੇ। ਉਸਨੇ 'ਦ ਇਲਸਟੀਅਟ ਵੀਕਲੀ' ਖਿੱਚੀ ਤੇ ਵਰਕੇ ਅਗਾਂਹ-ਪਿਛਾਂਹ ਕਰਨ ਲੱਗਾ। ਇਕ ਵਾਰ ਫਿਰ ਉਸਨੇ ਮਹਿਸੂਸ ਕੀਤਾ ਕਿ ਉਹ ਆਪਣਾ ਸਰ ਨੇਮ ਬਦਲ ਲਵੇ, 'ਅਕੋਲਕਰ' ਠੀਕ ਰਹੇਗਾ, ਕਿਉਂਕਿ ਉਹ ਅਕੋਲ ਦਾ ਰਹਿਣ ਵਾਲਾ ਸੀ।

ਜਦੋਂ ਉਹ ਅਫ਼ਸਰਾਂ ਦੇ ਰੇਲਵੇ ਕੁਆਰਟਰਾਂ ਕੋਲ ਪਹੁੰਚਿਆ ਤਾਂ ਛੇ ਵੱਜ ਕੇ ਪੰਜ ਮਿੰਟ ਹੋ ਚੁੱਕੇ ਸਨ। ਉਸਨੂੰ ਚੇਤੇ ਆਇਆ ਕਿ ਟੈਲੀਵੀਜ਼ਨ 'ਤੇ ਮਰਾਠੀ ਫਿਲਮ ਆਉਣੀ ਹੈ।

ਟੈਲੀਵੀਜਨ ਚੱਲ ਰਿਹਾ ਸੀ। ਉਸਦੀ ਪਤਨੀ ਤੇ ਬੱਚੇ ਬੜੇ ਧਿਆਨ ਨਾਲ ਟੈਲੀਵੀਜ਼ਨ ਵੇਖ ਰਹੇ ਸਨ। ਵਾਗਮਰੇ ਨੇ ਕੱਪੜੇ ਬਦਲੇ ਅਤੇ ਫਿਲਮ ਦੇਖਣ ਲਈ ਸੋਫ਼ੇ 'ਤੇ ਬੈਠ ਗਿਆ। ਕਿਸੇ ਨੇ ਦਰਵਾਜ਼ਾ ਖੜਕਾਇਆ। ਉਸਦੀ ਪਤਨੀ ਦਰਵਾਜ਼ਾ ਖੋਲਣ ਗਈ ਤਾਂ ਇਕ ਬੜੇ ਗੰਦੇ ਕੱਪੜਿਆਂ ਤੇ ਫਟੇ ਪੁਰਾਣੇ ਕੱਪੜਿਆਂ ਵਿਚ ਇਕ ਔਰਤ ਆਪਣੇ ਦੋ ਬੱਚੇ ਜਿਨ੍ਹਾਂ ਦੇ ਕੱਪੜੇ ਵੀ ਮੈਲ਼ੇ ਕੁਚੈਲੇ ਸਨ ਅੰਦਰ ਆਈ।

"ਆ ਜਾਓ ਫਿਲਮ ਅਜੇ ਸ਼ੁਰੂ ਹੀ ਹੋਈ ਹੈ।"

ਵਾਘਮਰੇ ਦਾ ਮੂੰਹ ਵੀ ਗੰਦਾ ਤੇ ਅਜੀਬ ਜਿਹਾ ਹੋ ਗਿਆ ਤੇ ਕੁੱਝ ਸਮੇਂ ਬਾਅਦ ਫ਼ਿਲਮ ਖਤਮ ਹੋ ਗਈ।

"ਕੁਸ਼ਮ, ਮੈਂ ਤੁਹਾਥੋਂ ਹੁਣ ਇਜਾਜ਼ਤ ਮੰਗਦੀ ਹਾਂ।" ਉਹ ਮੈਲੀ ਕੁਚੈਲੀ ਔਰਤ ਨੇ ਕਿਹਾ।

"ਚਾਹ ਪੀ ਜਾਓ ਜਾਣ ਤੋਂ ਪਹਿਲਾਂ।"

"ਨਹੀਂ ਉਹ ਹੁਣ ਜਾਗ ਗਏ ਹੋਣੇ, ਅੱਜ ਉਹਨਾਂ ਦੀ ਰਾਤ ਦੀ ਡਿਊਟੀ ਹੈ।

"ਉਹ ਔਰਤ ਕੌਣ ਸੀ?"

"ਉਹ ਮੇਰੀ ਆਂਟੀ ਹੈ। ਉਹ ਸਾਡੇ ਕੁਆਟਰਾਂ ਦੇ ਇਕ ਪਾਸੇ ਝੁੱਗੀਆਂ ਵਿਚ ਰਹਿੰਦੀ ਹੈ।"

"ਇੰਝ ਲੱਗ ਰਿਹਾ ਸੀ ਕਿ ਤੂੰ ਉਹਨਾਂ ਨੂੰ ਖਾਸ ਤੌਰ ਤੇ ਬੁਲਾਇਆ ਸੀ, ਪਰ ਤੂੰ ਉਹਨਾਂ ਦਾ ਵਧੀਆਂ ਢੰਗ ਨਾਲ ਸੁਆਗਤ ਨਹੀਂ ਕੀਤਾ।"

"ਮੈਂ ਤੁਹਾਨੂੰ ਦੱਸਾਂਗੀ ਕਿ ਕੀ ਹੋਇਆ। ਮੈਂ ਉਸਨੂੰ ਬਾਜ਼ਰ ਜਾਂਦਿਆਂ ਰਸਤੇ ਵਿਚ ਮਿਲੀ ਸੀ। ਉਹ

ਹਮੇਸ਼ਾ ਮੇਰੇ ਨਾਲ ਚੰਗਾ ਵਿਵਹਾਰ ਕਰਦੇ ਸੀ। ਉਸਨੂੰ ਨਹੀਂ ਪਤਾ ਸੀ ਕਿ ਮੈਂ ਇਥੇ ਰਹਿੰਦੀ ਹਾਂ। ਮੈਂ ਉਸਨੂੰ ਸਦੀਆਂ ਬਾਅਦ ਮਿਲੀ ਹਾਂ...।"

"ਚਲੋਂ ਛੱਡੋ, ਇਸ ਗੱਲ ਨੂੰ ਜਿਆਦਾ ਲੰਮੀ ਨਾ ਕਰੋ, ਅਸੀਂ ਹੁਣ ਬੀ. ਡੀ. ਡੀ. ਫਲੈਟਾ ਵਿਚ ਨਹੀਂ ਰਹਿੰਦੇ। ਫਿਰ ਤੁਹਾਡੇ ਕੋਲ ਦਾ ਸਾਰੀ ਝੁੱਗੀ ਝੌਂਪੜੀ ਦਾ ਇਲਾਕਾ ਪਿਆ ਹੈ, ਘੁੰਮਣ ਲਈ। ਆਂਢੀ-ਗੁਆਂਢੀ ਕੀ ਕਹਿਣਗੇ?"

"ਅੱਛਾ ਉਹ ਤੈਨੂੰ ਲੁੱਟਣ ਲੱਗੇ ਆ? "

"ਜਿਆਦਾ ਨਾ ਬੋਲ, ਇਹਨਾਂ ਲੋਕਾਂ ਤੋਂ ਥੋੜਾ ਦੂਰ ਰਹਿ। ਘੱਟ ਤੋਂ ਘੱਟ ਇਹ ਸੋਚ ਕਿ ਤੂੰ ਇਕ ਅਫ਼ਸਰ ਦੀ ਪਤਨੀ ਏ।"

ਕੁਸ਼ਮ ਫੁਟ ਫੁਟ ਕੇ ਰੋਣ ਲੱਗੀ। ਉਹ ਆਪਣੀ ਆਂਟੀ ਬਾਰੇ ਸੋਚਣ ਲੱਗੀ ਜੋ ਉਸਨੂੰ ਬਹੁਤ ਪਿਆਰ ਕਰਦੀ ਹੈ। ਉਹ ਸੋਚ ਰਹੀ ਸੀ ਕਿ ਕਿੰਝ ਉਸਦੀ ਆਂਟੀ ਉਸਨੂੰ ਪਿਆਰ ਕਰਦੀ ਹੈ ਤੇ ਕਿੰਝ ਉਸਦੇ ਕਾਰਨ ਘਰ ਵਿਚ ਹਲਚਲ ਜਿਹੀ ਮੱਚ ਗਈ। ਉਸਨੂੰ ਹੈਰਾਨੀ ਹੁੰਦੀ ਹੈ ਕਿ ਕਿੰਝ ਉਹ ਬੰਬਈ ਆਈ। ਭਾਵੇਂ ਕਿ ਉਸਦੀ ਆਂਟੀ ਬਹੁਤ ਨੇੜੇ ਰਹਿੰਦੀ ਹੈ।"

"ਇਧਰ ਆਓ, ਮੈਨੂੰ ਖਾਣਾ ਦਿਓ।"

ਜਿਵੇਂ ਹੀ ਉਸਨੇ ਖਾਣਾ ਦੇਣ ਦਾ ਹੁਕਮ ਆਪਣੇ ਪਤੀ ਕੋਲੋਂ ਸੁਣਿਆ ਤਾਂ ਉਸਦੀ ਆਂਟੀ ਦੀ ਯਾਦ ਟੁੱਕੜੇ ਟੁੱਕੜੇ ਹੋ ਗਈ ਅਤੇ ਕੁਸ਼ਮ ਜਲਦੀ ਨਾਲ ਖਾਣਾ ਪਰੋਸਣ ਲੱਗੀ।

"ਤੂੰ ਕੋਈ ਫ਼ਲ ਫਰੂਟ ਨਹੀਂ ਖਰੀਦਿਆਂ? "

"ਨਹੀਂ।"

"ਪਰ ਤੂੰ ਤਾਂ ਕਹਿੰਦੀ ਸੀ ਕਿ ਮੈਂ ਬਜ਼ਾਰ ਜਾਣਾ ਹੈ।"

ਮੈਂ ਗਈ ਸੀ, ਪਰ ਸਾਰੇ ਫ਼ਲ ਮਹਿੰਗੇ ਹੀ ਬਹੁਤ ਸਨ।"

ਵਾਗਮਾਰੇ ਸੋਫੇ ਤੇ ਬੈਠ ਗਿਆ। ਉਸਦਾ ਪੰਜ ਸਾਲਾਂ ਪੁੱਤਰ ਆਇਆ ਤੇ ਉਸਨੇ ਆਪਣਾ ਸਿਰ ਆਪਣੇ ਪਿਤਾ ਦੀ ਗੋਦ ਵਿਚ ਰੱਖ ਦਿੱਤਾ। ਵਾਗਮਰੇ ਨੇ ਉਸ ਦਾ ਝਰੀਟਾਂ ਲੱਗਿਆ ਹੋਇਆ ਗੋਡਾ ਦੇਖਿਆ।

ਪੱਪੂ ਇਹ ਤੇਰੇ ਸੱਟ ਕਿਵੇਂ ਲੱਗੀ? "

ਕੀ ਤੁਸੀਂ ਉਸ ਪ੍ਰਮੋਦ ਨੂੰ ਜਾਣਦੇ ਹੋ? ਜਿਸ ਕੋਲ ਗਣਪਤੀ ਜੀ ਹਨ। ਉਸਦੀ ਦਾਦੀ ਨੇ ਮੈਨੂੰ ਆਪਣੇ ਘਰੋਂ ਬਾਹਰ ਕੱਢ ਦਿੱਤਾ।"

"ਕਿਉਂ ਕੀ ਤੂੰ ਉਹਨੂੰ ਮਾਰਿਆ ਸੀ? "

"ਨਹੀਂ ਤਾਂ ਅਸੀਂ ਤਾਂ ਖੇਡ ਰਹੇ ਸੀ। ਮੈਂ ਉਹਨਾਂ ਦੇ ਘੜੇ ਵਿਚੋਂ ਪਾਣੀ ਪੀ ਲਿਆ ਸੀ।"

ਵਾਗਮਰੇ ਦੇ ਦਿਮਾਗ਼ ਵਿਚ ਗੋਡਬੋਲੇ ਦੀ ਸ਼ਕਲ ਘੁੰਮਣ ਲੱਗੀ। ਉਸਦੇ ਨਵੇਂ ਨਵੇਂ ਨਿਕਲੇ ਤਰੱਕੀ ਦੇ ਖੰਭ ਝੜ ਗਏ ਤੇ ਸਿਰਫ ਨਾਸ਼ਵਾਨ ਤੇ ਜਾਨ ਲੇਵਾ ਜਿਹਾ ਨਾਂ ਪਾਂਡੂਰੰਗ ਸਤਵਾ ਵਾਘਮਰੇ ਦੇ ਮਸਤਕ ਵਿਚ ਘੁੰਮਣ ਲੱਗਾ।



## ਮਰਾਠੀ ਕਹਾਣੀ/ ਨਾ ਘਰ ਦਾ ਨਾ ਘਾਟ ਦਾ/ ਸ਼ਰਣ ਕੁਮਾਰ ਲਿੰਬਾਲੇ

ਯੂਨੀਵਰਸਿਟੀ ਦੇ ਗੇਟ ਉੱਤੇ ਮੈਂ ਖੜਾ ਸੀ। ਰਜਨੀ ਰੋਜ਼ ਇਸ ਵਕਤ ਆਇਆ ਕਰਦੀ ਸੀ। ਘੰਟੇ ਤੋਂ ਬਾਅਦ ਮੈਂ ਸ਼ਹਿਰ ਛੱਡ ਕੇ ਜਾਣ ਵਾਲਾ ਸੀ। ਸਾਮਾਨ ਦੀ ਸੀਟ 'ਤੇ ਥਾਂ ਮਿਲ ਗਈ ਸੀ। ਰਜਨੀ ਤੋਂ ਬਿਨਾਂ ਇੱਕ ਹਫਤਾ ਬਾਹਰ ਰਹਿਣਾ ਪੈਣਾ ਸੀ, ਪਰ ਜਾਣਾ ਜ਼ਰੂਰੀ ਸੀ। ਦਿਵਾਲੀ ਵਿਸ਼ੇਸ਼ ਅੰਕ ਦੇ ਲਈ ਮੈਂ ਇੱਕ ਕਹਾਣੀ ਲਿਖਣੀ ਸੀ।

ਸ਼ਾਇਦ ਰਜਨੀ ਦਾ ਦਫ਼ਤਰ ਅਜੇ ਬੰਦ ਨਹੀਂ ਹੋਇਆ ਹੋਣਾ। ਕਿਸੇ ਕੁਲੀਗ ਨਾਲ ਤਾਂ ਨਹੀਂ ਬੈਠ ਗਈ ਹੋਵੇਗੀ? ਹੁਣ ਤੀਕ ਤਾਂ ਉਸ ਨੂੰ ਆ ਜਾਣਾ ਚਾਹੀਦਾ ਸੀ।

ਉਡੀਕ ਦਾ ਮਤਲਬ ਖਾਲੀ ਮਨ ਦਾ ਜਵਾਹਰ ਭਾਟਾ। ਰਜਨੀ ਦਾ ਮਤਲਬ ਹੈ ਬੇਚੈਨੀ। ਚਮਕਦੀ ਧੁੱਪ ਦੀ ਤਰ੍ਹਾਂ ਇਕ ਬੇਚੈਨੀ ਮਨ 'ਚ ਭਰ ਗਈ ਹੈ। ਬੁਲਾਉਣ ਦੇ ਲਈ ਇੱਕ ਵੀ ਬੱਦਲ ਨੇੜੇ ਨਹੀਂ ਸੀ। ਰਜਨੀ ਦੀ ਸੁੰਦਰਤਾ ਉੱਪਰ ਮੈਂ ਪਾਗਲ ਸੀ।

ਮੈਂ ਆਪਣੇ ਡਿਪਾਰਟਮੈਂਟ ਦਾ ਸਭ ਤੋਂ ਪ੍ਰਸਿੱਧ ਸਕਾਲਰ, ਜਿਸ ਨੂੰ ਕੇਂਦਰੀ ਸਰਕਾਰ ਦਾ ਵਜ਼ੀਫਾ ਮਿਲਦਾ ਹੈ। ਅਖਬਾਰਾਂ ਰਸਾਲਿਆਂ 'ਚ ਮੇਰੀ ਖੋਜ ਨਾਲ ਭਰਪੂਰ ਲੇਖ ਛਪਦੇ ਹਨ। ਰਜਨੀ ਮੇਰੀ ਬੁੱਧੀ ਤੇ ਚੰਗੇ ਸੁਭਾਅ ਉੱਤੇ ਜਾਨ ਦੇ ਰਹੀ ਸੀ।

ਮੇਰੇ ਜਾਣ ਦਾ ਸਮਾਂ ਨੇੜੇ ਆ ਰਿਹਾ ਸੀ।

ਉਹ ਅਜੇ ਤੀਕ ਵੀ ਨਹੀਂ ਆ ਰਹੀ ਸੀ।

ਉਸ ਨੂੰ ਲਿਆਉਣ ਵਾਲਾ ਰਸਤਾ ਅੱਖਾਂ 'ਚ ਸਮਾਂ ਰਿਹਾ ਸੀ। ਕਦੇ ਮੈਨੂੰ ਇਸ ਰਸਤੇ ਉੱਤੇ ਬੇਹੱਦ ਗੁੱਸਾ ਆਉਂਦਾ ਸੀ। ਤੇ ਕਦੇ ਰਜਨੀ ਦੇ ਹੱਥਾਂ ਦੀ ਤਰ੍ਹਾਂ ਇਸ ਰਸਤੇ ਨੂੰ ਮੈਂ ਚੁੰਮਮ ਲੈਣਾ ਚਾਹੁੰਦਾ ਸੀ। ਭਰਿਆ ਹੋਇਆ ਰਸਤਾ ਆਉਂਦਾ ਅਤੇ ਅੱਖਾਂ 'ਚੋਂ ਖਾਲੀ ਹੋ ਜਾਂਦਾ। ਪਰ ਉਸ 'ਚ ਰਜਨੀ ਨਹੀਂ ਹੁੰਦੀ ਸੀ। ਅੱਖਾਂ 'ਚ ਅਣਗਿਣਤ ਬੱਦਲ ਆ ਜਾਂਦੇ। ਬੁੱਲ੍ਹ ਸੁੱਕ ਜਾਂਦੇ।

ਰਜਨੀ ਮੈਂ ਤੇਰੇ ਨਾਲ ਕਿੰਨਾ ਉਲਝ ਗਿਆ ਹਾਂ।

ਤੇਰੇ ਬਿਨਾਂ ਮੈਂ ਡਿੱਗ ਜਾਵਾਂਗਾ।

ਮੇਰੀਆਂ ਜੜ੍ਹਾਂ ਤੇਰੇ 'ਚ ਡੂੰਘੀਆਂ ਪਹੁੰਚੀਆਂ ਹੋਈਆਂ ਹਨ।

ਰਜਨੀ ਦੇ ਲਈ ਸੰਦੇਸ਼ ਹੀ ਛੱਡ ਕੇ ਜਾਣਾ ਪਿਆ।

ਸਾਇਦ ਉਹ ਅਲਵਿਦਾ ਕਰਨ ਲਈ ਅੱਡੇ 'ਤੇ ਆ ਜਾਵੇਗੀ।

ਮੈਂ ਕਲ੍ਹ ਨੂੰ ਆਪਣੇ ਪਿਤਾ ਤੀਕ ਪਹੁੰਚ ਜਾਣਾ ਸੀ। ਉਸ ਤੋਂ ਬਾਅਦ ਆਪਣੇ ਦਾਦਾ ਕੋਲ।

ਮੈਂ ਬੱਸ ਤੋਂ ਉਤਰਿਆ।

ਵਿਨਏ ਮੈਨੂੰ ਲੈਣ ਆਇਆ ਸੀ। ਵਿਨਏ ਮੇਰਾ ਨਿੱਕਾ ਭਰਾ ਸੀ। ਇੰਜੀਨੀਅਰਿੰਗ 'ਚ ਪੜ੍ਹ ਰਿਹਾ ਹੈ। ਸ਼ਸ਼ੀ ਮੇਰੀ ਵੱਡੀ ਭੈਣ ਹੈ। ਅਧਿਆਪਕਾ ਹੈ। ਅਗਲੇ ਮਹੀਨੇ ਉਸ ਦਾ ਵਿਆਹ ਹੈ। ਉਸ ਦਾ ਹੋਣ

ਵਾਲਾ ਪਤੀ ਉਸ ਦੇ ਕਾਲਜ 'ਚ ਅਧਿਆਪਕ ਹੈ। ਉਹ ਜਾਤੀ ਦਾ ਮਰਾਠਾ ਹੈ। ਰਜਿਸਟਰਡ ਵਿਆਹ ਕਰ ਰਹੇ ਹਨ।

ਮੇਰਾ ਪਿਤਾ ਬੈਂਕ 'ਚ ਅਧਿਕਾਰੀ ਹੈ।

ਮਾਂ ਘਰ 'ਚ।

ਥਾਂ ਥਾਂ ਕੰਧਾਂ ਰੰਗੀਆਂ ਹੋਈਆਂ ਹਨ।

'ਚਲੋ ਮੁੰਬਈ... ਪੈਂਥਰ ਦਾ ਵਿਸ਼ਾਲ ਮੋਰਚਾ।" ਸਾਡੀ ਵਿਦਿਆਲਿਆ ਦਾ ਮਾਹੌਲ ਵੀ ਗਰਮ ਹੋ ਰਿਹਾ ਹੈ। ਵਿਨਏ ਕਹਿ ਰਿਹਾ ਸੀ ਕਿ ਉਹ ਵੀ ਮੋਰਚੇ 'ਤੇ ਜਾਵੇਗਾ।

ਬੰਗਲਾ ਆ ਗਿਆ, ਅਸੀਂ ਉਤਰ ਗਏ।

ਮਾਂ ਦਾ ਰੰਗ ਪਾਪਾ ਦੇ ਰੰਗ ਤੋਂ ਗੋਰਾ ਸੀ। ਉਹ ਜਾਤੀ ਤੋਂ ਬ੍ਰਾਹਮਣ ਸੀ। ਪਿਤਾ ਪਹਿਲਾਂ ਮਹਾਰ ਸੀ। ਹੁਣ ਬੋਧੀ ਹੈ।

ਘਰ 'ਚ ਵੜਦਿਆਂ ਹੀ ਪਹਿਲਾਂ ਬੁੱਧ ਦੀ ਮੂਰਤੀ ਦਿਸਦੀ ਹੈ। ਮੈਨੂੰ ਉਹ ਪਾਪਾ ਦੀ ਅਛੂਤ ਜਾਤੀ ਲਟਕਦੇ ਵਧੀਆ ਪੋਸਟਰ ਵਰਗੀ ਲੱਗਦੀ ਹੈ।

ਮਾਂ ਤੇ ਪਾਪਾ ਦੋ ਭਿੰਨ ਸੱਭਿਆਤਾਵਾਂ।

ਅਸੀਂ ਮਾਂ ਵਰਗੇ ਗੋਰੇ ਅਤੇ ਪਿਤਾ ਵਰਗੇ ਹੱਟੇ-ਕੱਟੇ। ਅਸੀਂ ਜਦ ਮਾਂ ਦੇ ਰਿਸ਼ਤੇਦਾਰਾਂ ਕੋਲ ਜਾਂਦੇ ਤਾਂ ਵੱਖਰਾ ਹੀ ਮਾਹੌਲ ਹੁੰਦਾ ਹੈ ਅਤੇ ਜਦ ਪਾਪਾ ਦੇ ਰਿਸ਼ਤੇਦਾਰਾਂ ਕੋਲ ਜਾਂਦੇ ਤਾਂ ਉਦੋਂ ਉੱਥੇ ਵੀ ਇਕ ਵੱਖਰੀ ਹੀ ਦੁਨੀਆਂ ਹੁੰਦੀ।

ਦਲਿਤ ਪੈਂਥਰ ਦੇ ਕਾਰਕੁੰਨ ਘਰ ਆਏ ਸੀ। ਮੋਰਚੇ ਦੇ ਲਈ ਉਹ ਪਾਪਾ ਤੋਂ ਆਰਥਿਕ ਸਹਾਇਤਾ ਚਾਹੁੰਦੇ ਸਨ। ਕਾਰਕੁੰਨਾ ਦੇ ਨੈਣ-ਨਕਸ਼ ਤੇ ਪਾਪਾ ਦੇ ਨੈਣ-ਨਕਸ਼ 'ਚ ਕੋਈ ਬਹੁਤਾ ਫਰਕ ਨਹੀਂ ਸੀ। ਪਰ ਮੈਂ ਵਿਨਏ, ਸ਼ਸ਼ੀ ਅਤੇ ਮਾਂ ਇਸ ਭੀੜ ਤੋਂ ਬਹੁਤ ਵੱਖਰੇ ਸੀ। ਉਹਨਾਂ ਦੀ ਬਹਿਸ, ਉਹਨਾਂ ਦੇ ਸਵਾਲ ਮੈਂ ਚੰਗੀ ਤਰ੍ਹਾਂ ਸਮਝ ਰਿਹਾ ਸੀ।

ਮਾਂ ਨੇ ਸਭ ਨੂੰ ਚਾਹ ਦਿੱਤੀ।

ਮਾਂ ਦੇ ਆਪਣੇ ਘਰ 'ਚ ਇਨ੍ਹਾਂ ਕਾਰਕੁੰਨਾਂ ਨੂੰ ਕੋਈ ਅੰਦਰ ਆਉਣ ਨਹੀਂ ਦੇਵੇਗਾ।

"ਸਾਡਾ ਵਿਨਏ ਤੁਹਾਡੇ ਮੋਰਚੇ 'ਚ ਆ ਰਿਹਾ ਹੈ।" ਪਾਪਾ ਨੇ 'ਸਾਡਾ' ਅਤੇ 'ਤੁਹਾਡੇ' ਸ਼ਬਦਾਂ ਉੱਪਰ ਖਾਸ ਜ਼ੋਰ ਦਿੱਤਾ ਸੀ। ਇਕ ਕਾਰਕੁੰਨ ਬ੍ਰਾਹਮਣਾਂ ਉੱਤੇ ਅੱਗ ਸੁੱਟ ਰਿਹਾ ਸੀ। ਮੇਰੇ ਲਈ ਉਸ ਦਾ ਕੋਈ ਮਹੱਤਵ ਨਹੀਂ ਸੀ ਪਰ ਮੈਂ ਹੌਲੀ ਜਿਹੇ ਮਾਂ ਵੱਲ ਦੇਖਿਆ। ਉਸ ਦੇ ਚਿਹਰੇ 'ਤੇ ਕੋਈ ਪ੍ਰਭਾਵ ਨਹੀਂ ਸੀ। ਇਨ੍ਹਾਂ ਗੱਲਾਂ ਦੀ ਉਸ ਨੂੰ ਸ਼ਾਇਦ ਆਦਤ ਪੈ ਗਈ ਹੋਵੇ।

ਪਾਪਾ ਕਾਰਕੁੰਨਾ ਨੂੰ ਸਮਝਾ ਰਹੇ ਸੀ।

"ਬਾਬਾ ਸਾਹਿਬ ਦਾ ਬ੍ਰਾਹਮਣਾਂ ਦੇ ਨਾਲ ਕੋਈ ਵਿਰੋਧ ਨਹੀਂ ਸੀ। ਵਿਰੋਧ ਸੀ ਬ੍ਰਾਹਮਣਵਾਦ ਨਾਲ।" ਪਿਛਲੇ ਕਈ ਸਾਲਾਂ ਤੋਂ ਬਾਬਾ ਸਾਹਿਬ ਦਾ ਇਹ ਵਾਕ ਯਾਦ ਕਰ ਲਿਆ ਸੀ।

ਪੈਂਥਰ ਦੇ ਕਾਰਕੁੰਨ ਚਲੇ ਗਏ।



ਕੱਪ ਚੁੱਕਣ ਲਈ ਕਾਂਬਲੇ ਚਪੜਾਸੀ ਆਇਆ। ਮਾਂ ਨੇ ਉਸ ਨੂੰ ਕੰਮ ਦੱਸ ਦਿੱਤਾ। ਕਾਂਬਲੇ ਦਾ ਚਿਹਰਾ। ਪਾਪਾ ਦਾ ਚਿਹਰਾ। ਪੈਂਥਰ ਦੇ ਕਾਰਕੁੰਨਾਂ ਦਾ ਚਿਹਰਾ। ਮੈਂ।

ਹਾਲਾਤ ਨੇ ਸਾਨੂੰ ਅਲੱਗ-ਅਲੱਗ ਚਿਹਰੇ ਦੇ ਦਿੱਤੇ ਸੀ। ਮੈਂ ਆਪਣੇ ਚਿਹਰੇ ਦਾ ਬੋਝ ਚੁੱਕ ਰਿਹਾ ਸੀ, ਮਾਂ ਆਪਣੇ ਚਿਹਰੇ ਦਾ।

ਮੈਨੂੰ ਰਜਨੀ ਦਾ ਚਿਹਰਾ ਯਾਦ ਆ ਗਿਆ।

ਮੇਰੇ ਮਨ ਦੀ ਚੇਤਨਾ ਜਾਗ ਉਠੀ। ਮੈਂ ਮਿਲਣ ਦੇ ਸੰਕੇਤ ਸਥਾਨ ਉੱਪਰ ਪਹੁੰਚ ਗਿਆ। ਗੁਲਾਬ ਦੇ ਫੁੱਲਾਂ ਦੀ ਤਰ੍ਹਾਂ ਉਸ ਦੇ ਹੱਥ ਨੂੰ ਹੱਥਾਂ 'ਚ ਲੈ ਲਿਆ। ਉਸ ਦੇ ਗੱਲ੍ਹਾਂ ਦੇ ਗੁਲਾਲ ਨੂੰ ਬੁੱਲ੍ਹਾਂ ਨਾਲ ਜਜ਼ਬ ਕਰ ਲਿਆ।

ਯਾਦਾਂ ਬੇਕਾਬੂ ਹੋ ਗਈਆਂ।

ਡਾਇਰੀ ਕੱਢ ਕੇ ਉਸ 'ਚ ਲਿਖਿਆ-

"ਭੁੱਲਣਾ ਚਾਹਾਂ ਤਾਂ ਭੁੱਲ ਨਹੀਂ ਸਕਦਾ ਤੇਰੇ ਖ਼ੂਬਸੂਰਤ ਰੂਪ ਨੂੰ।

ਸਹਿ ਨਹੀਂ ਸਕਦਾ ਇਸ ਬੇਚੈਨੀ ਨੂੰ ਤੇਰੇ ਬਿਨਾ।

ਅਚਾਨਿਕ ਹੀ ਪਹਿਚਾਣ ਹੋ ਗਈ ਇੰਝ ਜੀਣ 'ਚ ਮਰਨ ਦੀ।"

ਡਾਇਰੀ 'ਚੋਂ ਤਸਵੀਰ ਕੱਢ ਕੇ ਅੱਖਾਂ 'ਚ ਸਮਾ ਲਈ। ਤਸਵੀਰ ਨੂੰ ਚੁੰਮਿਆ। ਰਜਨੀ ਮੇਰੇ ਕਣ ਕਣ 'ਚ ਵਸ ਗਈ ਸੀ। ਮੇਰੀ ਹਰ ਇਕ ਡੋਰ ਉਸ ਦੀ ਯਾਦ 'ਚ ਉਲਝ ਗਈ ਸੀ। ਮੇਰੇ ਮਨ 'ਚ ਰਜਨੀ ਦੀ ਖੁਸ਼ਬੂ ਮਹਿਕ ਗਈ ਸੀ।

ਵਿਨਏ ਪਾਪਾ ਦੇ ਨਾਲ ਦਾਖ਼ਲੇ ਦੇ ਸੰਬੰਧ ਵਿਚ ਚਰਚਾ ਕਰ ਰਿਹਾ ਸੀ। ਮੈਂ ਤੇ ਵਿਨਏ ਦਾਦਾ ਜੀ ਦੇ ਪਿੰਡ ਪਹੁੰਚ ਗਏ।

ਪਹਿਲੀ ਵਾਰ ਇਸ ਪਿੰਡ 'ਚ ਜਾ ਰਿਹਾ ਸੀ। ਇਸ ਪਿੰਡ ਨਾਲ ਸਾਡਾ ਨਾਮਾਤਰ ਦਾ ਹੀ ਸੰਬੰਧ ਸੀ। ਕਦੀ ਕਦੀ ਦਾਦਾ ਜੀ ਮੂੰਹ ਦਿਖਾਉਣ ਲਈ ਆ ਜਾਂਦੇ। ਇਕ ਅੱਧਾ ਦਿਨ ਰਹਿੰਦੇ। ਬੁਝੀਆਂ ਬੁਝੀਆਂ ਅੱਖਾਂ ਨਾਲ ਸਾਡੇ ਵੱਲ ਦੇਖਦੇ। ਆਪਣੇ ਪੁੱਤਰ ਨਾਲ ਵੀ ਆਦਰ ਨਾਲ ਪੇਸ਼ ਆਉਂਦੇ। ਮੈਨੂੰ ਉਸ ਉੱਪਰ ਤਰਸ ਆਉਂਦਾ। ਉਸ ਦੇ ਅਤੇ ਪਾਪਾ ਦੇ ਗੱਲ ਕਰਨ ਦੇ ਵਰਤਾਓ 'ਚ ਕਾਫੀ ਅੰਤਰ ਸੀ। ਕਦੀ ਕਦੀ ਤਾਂ ਲੱਗਦਾ ਕਿ ਇਹ ਪਾਪਾ ਦੇ ਪਿਤਾ ਜੀ ਨਹੀਂ ਹੋ ਸਕਦੇ।

ਸਾਡੀ ਮਾਂ ਦੇ ਪਿਤਾ ਜੀ ਖਰਗੋਸ਼ ਵਾਂਗੂ ਮੁਲਾਇਮ ਸੀ। ਹਮੇਸ਼ਾਂ ਸਲੋਕ ਮੂੰਹ 'ਚ ਪੜ੍ਹਦੇ ਰਹਿੰਦੇ। ਸਾਡੇ ਘਰ ਆ ਕੇ ਵੀ ਛੂਆ ਛਾਤ ਦਾ ਪਾਲਣ ਕਰਦੇ। ਉਹਨਾਂ ਦਾ ਆਉਣਾ ਸਾਨੂੰ ਚੰਗਾ ਲੱਗਦਾ। ਰੂਪ-ਰੰਗ 'ਚ ਸੁੰਦਰ ਅਜਨਬੀ ਦੇ ਨਾਲ ਵੀ ਗੱਲਾਂ ਕਰਨੀਆਂ ਚੰਗੀਆਂ ਲੱਗਦੀਆਂ। ਪਰ ਜੇ ਕਰੂਪ ਰਿਸ਼ਤੇਦਾਰ ਵੀ ਹੋਣ ਤਾਂ ਵੀ ਚੰਗਾ ਨਹੀਂ ਲੱਗਦਾ।

ਮਾਂ ਦੇ ਪਿਤਾ ਜੀ ਦਾ ਨਾਂਅ ਰਾਮ ਸੀ।

ਪਾਪਾ ਦੇ ਪਿਤਾ ਜੀ ਦਾ ਨਾਮ ਘੋਂਡਿਬਾ ਸੀ।

ਨਾਂਅ 'ਚ ਵੀ ਕਿੰਨਾ ਫਰਕ ਸੀ।

ਪਿਤਾ ਦਾ ਪਹਿਲਾ ਨਾਂਅ ਦਗਡਆਿਆ ਭਾਵ ਕਿ ਫਤਪਰਮਾ ਸੀ। ਬਾਅਦ ਵਿਚ ਉਹਨਾਂ ਨੇ ਉਸ ਨੂੰ ਬਦਲ ਦਿੱਤਾ। ਹੁਣ ਉਸ ਦਾ ਨਾਂਅ ਹੈ ਕਮਲ ਕਿਸ਼ੋਰ। ਪਾਪਾ ਨੂੰ ਆਪਣੇ ਪਹਿਲੇ ਨਾਂਅ ਤੋਂ ਸ਼ਰਮ ਆਈ ਹੋਵੇਗੀ। ਹੁਣ ਸਵਰਨਾ ਨੂੰ ਵੀ ਅੰਬੇਡਕਰ ਦੇ ਨਾਂਅ ਤੋਂ ਸ਼ਰਮ ਆਉਂਦੀ ਹੈ। ਇਸ ਲਈ ਤਾਂ ਉਹ ਨਾਂਅ ਦਾ ਵਿਰੋਧ ਕਰਦੇ ਹਨ। ਮਰਾਠਾਵਾੜਾ ਵਿਸ਼ਵ ਵਿਦਿਆਲਿਆ ਨੂੰ ਜਦੋਂ ਡਾਕਟਰ ਬਾਬਾ ਸਾਹਿਬ ਅੰਬੇਡਕਰ ਦਾ ਨਾਂਅ ਦਿੱਤਾ ਤਾਂ ਸਰਟੀਫਿਕੇਟ ਉੱਤੇ ਇਕ ਮਹਾਰ ਦਾ ਨਾਂਅ ਆ ਜਾਵੇਗਾ ਅਤੇ ਸਵਰਨ ਇਹ ਨਹੀਂ ਚਾਹੁੰਦੇ।

ਸਾਡੇ ਦਾਦਾ ਜੀ ਨੂੰ ਕੋਈ ਆਦਰ ਦੇ ਨਾਲ ਨਹੀਂ ਬੁਲਾਉਂਦਾ। ਨਿੱਕੇ ਬੱਚੇ ਵੀ ਉਸ ਨੂੰ ਘੋਂਡਿਆ ਮਹਾਰ ਦੇ ਨਾਂਅ ਨਾਲ ਹੀ ਜਾਣਦੇ ਹਨ।

ਮੈਨੂੰ ਬਹੁਤ ਬੁਰਾ ਲੱਗਦਾ ਹੈ।

ਸਾਡੀ ਸ਼ਾਨ ਦੇਖ ਕੇ ਹਰ ਕੋਈ ਉਤਸ਼ਾਹ ਨਾਲ ਪੁੱਛ-ਗਿੱਛ ਕਰਨ ਲੱਗਦਾ। ਅਸੀਂ ਕਿੱਥੇ ਜਾਣਾ ਹੈ, ਇਸ ਗੱਲ ਦਾ ਪਤਾ ਚੱਲਣ ਉੱਤੇ ਦੂਰ ਤੋਂ ਹੀ ਮਹਾਰ ਬਸਤੀ ਦਾ ਰਸਤਾ ਦੱਸ ਦਿੰਦੇ। ਦਾਦਾ ਜੀ ਦੇ ਘਰ 'ਚ ਡਾਕਟਰ ਅੰਬੇਡਕਰ ਦੀ ਤਸਵੀਰ ਸੀ। ਉਸ ਤਰ੍ਹਾਂ ਅੰਬਾਬਾਈ ਦੀ ਟੋਕਰੀ ਵੀ ਸੀ। ਉਹ ਸਵੀਕਾਰ ਕਰਦੇ, "ਸਾਡੀ ਦਾਦਾ ਸਾਹਿਬ ਉੱਪਰ ਵੀ ਸ਼ਰਧਾ ਹੈ ਅਤੇ ਦੇਵੀ ਉੱਤੇ ਵੀ। ਸਾਨੂੰ ਦੋਵੇਂ ਦੇਵਤੇ ਚਾਹੀਦੇ ਹਨ।" ਵਿਨਏ ਉਸ ਨਾਲ ਬਹਿਸ ਕਰਦਾ।

ਥੋੜ੍ਹੀ ਦੇਰ ਬਾਅਦ ਅਸੀਂ ਖੇਤ 'ਚ ਚਲੇ ਗਏ। ਇਸ ਖੇਤ ਨੂੰ ਖਰੀਦਣ ਲਈ ਪਾਪਾ ਕੋਲੋਂ ਮਦਦ ਮਿਲੀ ਸੀ। ਪਾਪਾ ਦਾ ਨਿੱਕਾ ਭਰਾ ਆ ਗਿਆ। ਉਹ ਖੇਤੀ ਕਰਦਾ ਸੀ। ਉਮਰ 'ਚ ਪਾਪਾ ਤੋਂ ਨਿੱਕਾ ਹੋਣ 'ਤੇ ਵੀ ਬਹੁਤ ਜਵਾਨ ਲੱਗਦਾ ਸੀ। ਉਸ ਦਾ ਨਾਂਅ ਹੈ ਕਚਰਿਆ। ਆਪਣੇ ਇਸ ਚਾਚੇ ਦੇ ਨਾਲ ਅਸੀਂ ਕੱਲ੍ਹ ਪੜਦਾਦਾ ਦੇ ਕੋਲ ਜਾਣ ਵਾਲੇ ਸੀ। ਪੜਦਾਦਾ ਦਾ ਨਾਂਅ ਹੈ ਮਰਿਆਪਾ। ਪੜਦਾਦੀ ਦਾ ਨਾਂਅ ਹੈ ਸੱਟਬਾਈ।

ਮੈਨੂੰ ਅਚਾਨਿਕ ਹੀ ਮਾਂ ਵੱਲ ਦੇ ਨਾਂਅ ਯਾਦ ਆ ਗਏ।

ਸਮੁਤਿ, ਕੁਸੁਮ, ਅਸਿਮਤਾ, ਅਮਲ, ਪ੍ਰਕਾਸ਼।

ਰਜਨੀ ਯਾਦ ਆ ਗਈ।

ਜਦ ਨਿਕਲਿਆ ਸੀ, ਉਦੋਂ ਰਜਨੀ ਨਾਲ ਮੁਲਾਕਾਤ ਨਹੀਂ ਹੋਈ। ਅਸੀਂ ਪੜਦਾਦਾ ਦੇ ਪਿੰਡ ਪਹੁੰਚ ਗਏ। ਪੜਦਾਦਾ ਮਰਿਆਪਾ ਡਾਂਗ ਦੇ ਸਹਾਰੇ ਚੱਲ ਰਹੇ ਸੀ। ਉਸ ਦੇ ਅੱਗੇ ਚਾਰ-ਪੰਜ ਤਕੜੇ ਮਹਾਰ ਮਰੇ ਹੋਏ ਜਾਨਵਰਾਂ ਨੂੰ ਚੁੱਕ ਕੇ ਤੁਰੇ ਜਾ ਰਹੇ ਸਨ।

ਮੈਨੂੰ ਘਿਰਣਾ ਆਈ।

ਕੁੱਤੇ ਉਹਨਾਂ ਨੂੰ ਭੌਂਕ ਰਹੇ ਸਨ। ਚਾਚਾ ਨੇ ਸਾਡੇ ਬਾਰੇ 'ਚ ਪੜਦਾਦਾ ਨੂੰ ਦੱਸਿਆ ਤਾਂ ਉਹਨਾਂ ਨੇ ਮੂੰਹ ਚੁੱਕ ਕੇ ਸਾਡੇ ਵੱਲ ਦੇਖਿਆ। ਕੁਝ ਮੂੰਹ 'ਚ ਬੁੜ-ਬੁੜਾਇਆ। ਚਾਚਾ ਦੀ ਸਮਝ 'ਚ ਆ ਗਿਆ ਹੋਵੇਗਾ। ਉਸ ਨੇ ਮਰੇ ਹੋਏ ਜਾਨਵਰ ਦੀ ਚਮੜੀ ਲਾਹ ਕੇ ਉਸ ਦਾ ਮਾਸ ਘਰ ਲੈ ਕੇ ਜਾਣਾ ਸੀ।

ਅਸੀਂ ਪੜਦਾਦੀ ਦੀ ਝੁੱਗੀ 'ਚ ਪਹੁੰਚ ਗਏ। ਪੜਦਾਦੀ ਦਰਵਾਜ਼ੇ 'ਚ ਹੀ ਬੈਠੀ ਸੀ। ਚਾਚਾ ਨੇ ਸਾਡੇ ਬਾਰੇ ਉਸ ਨੂੰ ਦੱਸ ਦਿੱਤਾ। ਉਹ ਸਾਡੇ ਵੱਲ ਦੇਖਦੀ ਹੀ ਰਹਿ ਗਈ।



"ਇਹ ਝੂਠ ਹੈ ਇਹ ਸਾਡੇ ਲੋਕ ਨਹੀਂ ਹਨ। ਇਹ ਲਿੰਗਆਤ ਬ੍ਰਾਹਮਣਾਂ ਦੇ ਹੋਣਗੇ। ਇਹ ਆਪਣਾ ਬੀਜ ਨਹੀਂ ਹੈ। ਝੂਠ ਕਿਉਂ ਬੋਲਦਾ ਏਂ।"

ਇੱਥੇ ਸਾਡੀਆਂ ਜੜ੍ਹਾਂ ਕਦੋਂ ਦੀਆਂ ਉੱਖੜ ਚੁੱਕੀਆਂ ਸਨ।

ਅੱਜ ਮਾਂ ਦੇ ਘਰ ਜਾਣ ਦੀ ਗੱਲ ਸੀ।

ਉਥੇ ਸਤ ਨਰਾਇਣ ਦੀ ਪੂਜਾ ਸੀ।

ਸ਼ਾਮ ਨੂੰ ਪਾਪਾ ਦਫ਼ਤਰ ਤੋਂ ਸਿੱਧੇ ਉੱਥੇ ਆਉਣ ਵਾਲੇ ਸੀ। ਸ਼ਸ਼ੀ ਵੀ ਉੱਥੇ ਆਉਣ ਵਾਲੀ ਸੀ। ਮਾਂ ਦੇ ਦੂਸਰੇ ਰਿਸ਼ਤੇਦਾਰ ਵੀ ਆਉਣ ਵਾਲੇ ਸੀ। ਸਭ ਇਕ ਦੂਜੇ ਨਾਲ ਮਿਲ ਸਕਣਗੇ। ਗੱਲਬਾਤ ਹੋਵੇਗੀ। ਅਜਿਹਾ ਨਾ ਹੁੰਦਾ ਤਾਂ ਸਾਡਾ ਇਕ ਸਾਥ ਉੱਥੇ ਜਾਣਾ ਸੰਭਵ ਨਹੀਂ ਸੀ। ਕਿਸੇ ਨਾ ਕਿਸੇ ਕੰਮ ਦੇ ਬਹਾਨੇ ਹੀ ਸਭ ਇਕੱਠੇ ਜਾਂਦੇ ਹਨ। ਇਸ ਲਈ ਸੱਤਾਨਰਾਇਣ ਨਾਲ ਮੇਰਾ ਕੋਈ ਵਿਰੋਧ ਨਹੀਂ ਸੀ। ਪਹਿਲਾਂ ਪਾਪਾ ਨੂੰ ਅਜਿਹੀਆਂ ਗੱਲਾਂ ਉੱਪਰ ਸ਼ਰਧਾ ਨਹੀਂ ਸੀ, ਪਰ ਅੱਜ ਕੱਲ੍ਹ ਸਭ ਗੱਲਾਂ ਨੂੰ ਮੰਨਣ ਲੱਗੇ ਹਨ।

ਸ਼ਾਮ ਨੂੰ ਸ਼ਸ਼ੀ ਦੇ ਵਿਆਹ ਦੇ ਬਾਰੇ 'ਚ ਚਰਚਾ ਹੋਈ। ਮਾਂ ਨੇ ਸ਼ਸ਼ੀ ਦੇ ਵਿਆਹ ਦਾ ਵਿਰੋਧ ਕੀਤਾ, "ਅਸੀਂ ਅੰਤਰ-ਜਾਤੀ ਵਿਆਹ ਕਰਕੇ ਬਹੁਤ ਕੁਝ ਭੋਗ ਰਹੇ ਹਾਂ। ਹੁਣ ਤੂੰ ਇਸ ਅੱਗ 'ਚ ਨਾ ਡਿੱਗੇ ਤਾਂ ਚੰਗਾ ਹੈ।"

ਮੈਨੂੰ ਰਜਨੀ ਯਾਦ ਆ ਗਈ। ਉਸ ਦੀ ਜਾਤੀ ਯਾਦ ਆ ਗਈ।

ਸਤਾਨਰਾਇਣ ਦੀ ਪੂਜਾ ਸਮਾਪਤ ਹੋ ਗਈ। ਭੋਜਨ ਵੀ ਹੋ ਗਿਆ। ਸਾਰੇ ਲੋਕ ਗੱਪ-ਸ਼ੱਪ 'ਚ ਗਵਾਚ ਗਏ ਸੀ। ਨਾਂਅ ਰੱਖਣ ਨੂੰ ਲੈ ਕੇ ਕੋਈ ਵਿਨਏ ਨਾਲ ਬਹਿਸ ਕਰ ਰਿਹਾ ਸੀ। ਪਾਪਾ ਵੀ ਵਿਨਏ ਦਾ ਸਾਥ ਦੇ ਰਹੇ ਸਨ। ਮਾਹੌਲ ਗਰਮ ਹੋਣ ਲੱਗਾ ਸੀ।

"ਭਾਰਤ ਦਾ ਸੰਵਿਧਾਨ ਬਣਾਉਣ ਵਾਲੇ ਦਾ ਨਾਂਅ ਤੁਹਾਨੂੰ ਅਪਵਿੱਤਰ ਲੱਗਦਾ ਹੈ? ਕੀ ਤੁਸੀਂ ਸੰਜੇ ਗਾਂਧੀ ਦੇ ਨਾਂਅ ਦਾ ਵਿਰੋਧ ਕਰਦੇ ਹੋ? " ਪਾਪਾ ਨੇ ਪੁੱਛਿਆ।

"ਤੁਹਾਡੇ ਮਜਾਜ਼ ਬਹੁਤ ਵੱਧ ਗਏ ਸਨ।" ਮਾਂ ਦੇ ਮਾਮਾ ਨੇ ਅੱਗ 'ਚ ਤੇਲ ਪਾ ਦਿੱਤਾ।

ਪਾਪਾ ਗੁੱਸੇ 'ਚ ਆ ਕੇ ਤੁਰ ਪਏ।

ਵਿਨਏ ਚੀਕ-ਚੀਕ ਕੇ ਬੋਲ ਰਿਹਾ ਸੀ। ਮਾਂ ਦੇ ਮਾਮਾ ਸਾਹਮਣੇ ਆ ਗਏ। ਉਸ ਦਾ ਸਰੀਰ ਗੁੱਸੇ ਨਾਲ ਕੰਬ ਰਿਹਾ ਸੀ।

"ਵਿਨਏ ਤੇਰੀ ਜ਼ੁਬਾਨ ਉੱਪਰ-ਮਹਾਰ-ਮੰਗ ਖਾਨਿਆ ਦੀ ਭਾਸ਼ਾ ਚੰਗੀ ਨਹੀਂ ਲੱਗਦੀ। "

"ਮੈਂ ਮਹਾਰ ਹਾਂ ਮਹਾਰ...।"

"ਸਾਡੇ ਧਰਮ ਸ਼ਾਸਤਰ ਦੇ ਅਨੁਸਾਰ ਮਹਾਰ ਇਸ ਘਰ 'ਚ ਦਾਖ਼ਲ ਨਹੀਂ ਹੋ ਸਕਦੇ। ਘੁਮੰਡੀ ਦੀ ਤਰ੍ਹਾਂ ਗੱਲ ਨਹੀਂ ਕਰ ਸਕਦੇ।"

"ਮੈਂ ਅੱਗ ਲਾ ਦੇਵਾਂਗਾ। ਤੁਹਾਡੇ ਧਰਮ ਸਾਸ਼ਤਰਾਂ ਨੂੰ।"

ਦੇਖਦੇ ਹੀ ਦੇਖਦੇ ਵਿਨਏ ਨੇ ਸਤਾਨਰਾਇਣ ਦੀ ਪੂਜਾ ਸਮੱਗਰੀ ਨੂੰ ਖਿਲਾਰ ਦਿੱਤਾ। ਮੈਂ ਵਿਨਏ ਨੂੰ

ਰੋਕਿਆ।

ਸਾਰੇ ਲੋਕ ਮਾਮਾ ਦਾ ਸਾਥ ਦੇ ਰਹੇ ਸੀ।

ਮਾਮਾ ਚੀਕ ਰਿਹਾ ਸੀ, "ਇਹ ਆਪਣਾ ਬੀਅ ਨਹੀਂ ਹੈ। ਇਹ ਅਜਿਹਾ ਹੀ ਕਰੇਗਾ।"

"ਇਹ ਜਾਤ ਕਰਕੇ ਵੀ ਨਹੀਂ ਸੁਧਰੇਗੀ।"

"ਵਿਨਏ ਚੀਕਦਾ-ਚੀਕਦਾ ਘਰ ਤੋਂ ਬਾਹਰ ਨਿਕਲ ਗਿਆ। ਉਸ ਦੇ ਬਾਅਦ ਮੈਂ ਵੀ। ਸ਼ਸ਼ੀ ਤੇ ਮਾਂ ਬੈਠੀਆਂ ਰਹੀਆਂ।

ਮੈਂ ਤੇ ਰਜਨੀ।

ਹੱਥਾਂ 'ਚ ਬੀਅਰ ਦੇ ਗਲਾਸ। ਆਲੇ-ਦੁਆਲੇ ਫੈਲੀ ਹੋਈ ਮਦਹੋਸ਼ ਰੋਸ਼ਨੀ। ਉਧਰ ਦੂਜੇ ਟੇਬਲ 'ਤੇ ਇਕ ਨੌਜਵਾਨ ਸਾਡੇ ਵੱਲ ਚੋਰੀ-ਚੋਰੀ ਦੇਖ ਰਿਹਾ ਸੀ। ਅਸੀਂ ਆਪਣੇ ਆਪ 'ਚ ਹੀ ਡੁੱਬੇ ਹੋਏ ਸੀ। ਰਜਨੀ ਦਾ ਸਰੀਰ ਜੋਬਨ ਨਾਲ ਭਰਿਆ ਲੱਗ ਰਿਹਾ ਸੀ।

"ਮੇਰੀ ਬਸ ਹੋ ਗਈ।" ਰਜਨੀ ਨੇ ਅੱਧਾ ਗਲਾਸ ਮੇਰੇ ਵੱਲ ਸਰਕਾ ਦਿੱਤਾ।

"ਮੈਂ ਤੇਰੇ ਨਾਲ ਕੁਝ ਜ਼ਰੂਰੀ ਗੱਲਬਾਤ ਕਰਨੀ ਹੈ।"

"ਕਹਿ ਨਾ।"

"ਆਪਣੇ ਰਿਲੇਸ਼ਨਜ਼ ਦੇ ਸੰਬੰਧ 'ਚ।"

"ਹੁਣ ਹੋਰ ਕੀ ਕਹਿਣਾ ਹੈ? "

"ਮੈਂ ਵਿਆਹ ਦੇ ਸੰਬੰਧ 'ਚ ...।"

"ਸੌਰੀ !"

"ਕਿਉਂ? "

"ਆਪਾਂ ਚੰਗੇ ਦੋਸਤ ਬਣ ਸਕਦੇ ਹਾਂ।"

"ਪਰ ਕਿਉਂ? "

"ਤੂੰ ਜਾਣਦਾ ਏਂ ਮੇਰੇ ਪਾਪਾ ਬਹੁਤ ਤੰਗ ਵਿਚਾਰਾਂ ਦੇ ਹਨ।"

"ਪਰ ਮੇਰੀ ਮਾਂ ਤਾਂ ਤੇਰੀ ਹੀ ਜਾਤੀ ਦੀ ਹੈ।"

"ਪਰ ਤੇਰੇ ਪਾਪਾ।"

"ਮੇਰੇ ਤਾਂ ਕੁਝ ਸਮਝ 'ਚ ਨਹੀਂ ਆ ਰਿਹਾ।"

"ਮੈਂ ਬੇਵੱਸ ਹਾਂ।"

"ਚੰਗੀ ਗੱਲ ਹੈ, ਹੁਣ ਚੱਲਦੇ ਹਾਂ।"

ਬੀਅਰ ਦੇ ਗਲਾਸ ... ਅਧੂਰੀ ਸੁਲਗ ਰਹੀ ਸਿਗਰਟ ... ਸਜਿਆ ਹੋਇਆ ਟੇਬਲ। ਮਦਹੋਸ਼



ਮਾਹੌਲ ... ਖਾਣ-ਪੀਣ 'ਚ ਮਗਨ ਲੋਕ ... ਵੇਟਰ ... ਰਜਨੀ ਤੇ ਮੈਂ ... ਬਾਹਰ ਨਿਕਲ ਤੁਰੇ।"

"ਤੂੰ ਆਖਰੀ ਵਾਰ ਕਹਿ ਰਹੀ ਏਂ? "

"ਵਾਰ ਵਾਰ ਇਸ ਵਿਸ਼ੇ ਉੱਪਰ ਕੀ ਕਹਾਂਗੀ? "

"ਮੈਂ ਕੀ ਸਮਝਾਂ? "

"ਮੈਂ ਕੀ ਦੱਸ ਸਕਦੀ ਹਾਂ।"

"ਤੂੰ ਮੇਰੇ ਨਾਲ ਵਿਆਹ ਨਹੀਂ ਕਰੇਗੀ? "

"ਸੰਭਵ ਨਹੀਂ।"

"ਦੋਸਤੀ? "

"ਉਹ ਤਾਂ ਹੈ ਹੀ। "

"ਮੇਰੇ ਕੋਲੋਂ ਇਹ ਨਹੀਂ ਹੋ ਸਕੇਗੀ।"

"ਅਸੀਂ ਇਸ ਮਸਲੇ ਨੂੰ ਇੱਥੇ ਹੀ ਖਤਮ ਕਰ ਦਈਏ।"

" ਟਾਈਮ ਪਾਸ ਕਰ ਰਹੀ ਏ? "

"ਦੋਸਤੀ ਦਾ ਮਤਲਬ ਟਾਈਮ ਪਾਸ ਨਹੀਂ ਹੁੰਦਾ।"

"ਤੂੰ ਮੈਨੂੰ ਨਚਾਇਆ।"

"ਜੋ ਸ਼ਬਦ ਮੈਂ ਕਹੇ ਨਹੀਂ ਉਹਨਾਂ ਨੂੰ ਮੇਰੇ ਨਾਂਅ ਨਾਲ ਨਾ ਜੋੜੋ।"

"ਰਜਨੀ ਆਈ ਲਵ ਯੂ ! ਮੈਂ ਤੈਨੂੰ ਭੁੱਲ ਨਹੀਂ ਸਕਦਾ।"

"ਮੈਂ ਸੰਬੰਧਾਂ ਨੂੰ ਤੋੜਨ ਦਾ ਫੈਸਲਾ ਕਰ ਲਿਆ ਹੈ ! ਸੌਰੀ ਗੁੱਡਨਾਈਟ !!!"

ਦੋਵੇਂ ਤਨ ਤੋਂ ਇਕ ਦੂਜੇ ਤੋਂ ਦੂਰ ਹੁੰਦੇ ਗਏ। ਮਨ ਦੇ ਬਾਰੇ 'ਚ ਕੀ ਲਿਖ ਸਕਦੇ ਹਾਂ?

ਉਤਮ ਕੁਆਲਟੀ ਦੀਆਂ ਪੁਸਤਕਾਂ ਛਪਵਾਉਣ ਲਈ ਅਤੇ ਖਰੀਦਣ ਲਈ

ਮਿਲੋ ਜਾਂ ਲਿਖੋ-

ਪਰਵਾਜ਼ ਪ੍ਰਕਾਸ਼ਨ

Parwaz Parkashan

Vill. Dharampur, P.O. Khamber, Distt. Jalandhar-144026,
Mob. 94170-64350 e.mail:parwazparkashan@gmail.com,
web:-www.parwazparkashan.com

## ਸਵੈ ਜੀਵਨੀ-4/ ਜਿੱਥੇ ਬੰਦੇ ਨੂੰ ਬੰਦਾ ਨੀ ਸਮਝਦੇ / - ਸਰੂਪ ਸਿਆਲਵੀ

"ਫੇ...ਹ... ਹ... ਅ ...ਆ।"

ਆਰ. ਕੇ. ਗੁਪਤਾ ਨੇ ਆਪਣੀ ਆਦਤ ਅਨੁਸਾਰ, ਗੱਲ੍ਹਾਂ ਫੁਲਾ ਕੇ 'ਫ..ਹ..ਹ।" ਹਾਸੇ ਨਾਲ ਫੁਸਾਕਾ ਜਿਹਾ ਛੱਡਦਿਆਂ ਸਿੱਧਾ ਮੇਰੇ ਨਾਲ ਆ ਕੇ ਹੱਥ ਮਿਲਾਇਆ। ਤੇ ਫੇਰ ਸਕੂਲ ਲੱਗਣ ਤੋਂ ਪਹਿਲਾਂ ਸਰਦੀਆਂ ਦੀ ਕੋਸੀ ਕੋਸੀ ਧੁੱਪ ਸੇਕ ਰਹੇ, ਅਧਿਆਪਕਾਂ ਨਾਲ ਹੱਥ ਮਿਲਾਉਣ ਲੱਗ ਪਿਆ।

"ਟਨ...ਟਨ... ਟਨ...ਟ ਨ ਨ ਨ।"

ਪ੍ਰਾਰਥਨਾ ਦੀ ਘੰਟੀ ਮਾਰ ਕੇ ਗੁਰਮੇਲ ਸਿੰਘ ਸੇਵਾਦਾਰ, "ਹੀ ਹੀ ਹੀ...।" ਖਚਰੀ ਹਾਸੀ ਹਸਦਿਆਂ ਮੇਰੇ ਕੋਲ ਆ ਕੇ ਪੁੱਛਣ ਲੱਗਿਆ, "ਆਹ ਹ ... ਕਾਲ... ਮੇਰੇ ਪਿਛੋਂ .... ਕੀ ਹੋ ਗਿਆ? "

"ਟ...ਰ...ਨ...ਨ...।" ਫੇਰ ਆ ਕੇ ਗੱਲ ਕਰਦਾ।" ਆਖ ਉਹ ਹੈਡਮਾਸਟਰ ਦੇ ਦਫ਼ਤਰ ਜਾ ਵੜਿਆ ਸੀ।

ਸਿਆਲਬਾ ਸਕੂਲ ਵਿਚ ਆਉਣ ਤੋਂ ਪਹਿਲਾਂ ਮੈਂ ਵੱਖ ਵੱਖ ਦਫ਼ਤਰਾਂ ਵਿਚ ਸਰਵਿਸ ਕਰਦਾ ਰਿਹਾ ਸਾਂ। ਜ਼ਿਲ੍ਹਾ ਸਿੱਖਿਆ ਅਫਸਰ ਰੋਪੜ ਦੇ ਦਫ਼ਤਰ ਤੋਂ ਬਦਲੀ ਕਰਵਾ ਕੇ ਮੈਂ ਮਿਤੀ 10.4.1968 ਨੂੰ ਬਲਾਕ ਸਿੱਖਿਆ ਅਫ਼ਸਰ, ਖਰੜ ਦੇ ਦਫ਼ਤਰ ਵਿਚ ਹਾਜਰ ਹੋ ਗਿਆ ਸੀ।

ਮੇਰਾ ਮਿਡਲ ਤੇ ਸੈਕੰਡਰੀ ਕਲਾਸਾਂ ਦਾ ਕਲਾਸ ਫੈਲੋ, ਕਰਨੈਲ ਸਿੰਘ ਮੇਰੇ ਕੋਲ ਦਫਤਰ ਆ ਕੇ ਬਹਿਣ ਲੱਗ ਪਿਆ ਸੀ। ਉਹਦਾ ਪਿੰਡ ਖਰੜ ਦੇ ਕੋਲ ਹੀ ਪਿੰਡ ਜੰਡਪੁਰ ਸੀ। ਬਚਪਨ ਵਿਚ ਹੀ ਉਹਦੀ ਮਾਂ ਮਰ ਗਈ ਸੀ। ਉਹ ਸਾਡੇ ਪਿੰਡ ਦੇ ਕੋਲ ਹੀ ਨਾਨਕਿਆਂ ਦੇ ਪਿੰਡ ਖੇੜੇ ਉਹਦੇ ਮਾਮੇ ਮਾਸਟਰ ਦਿਆਲ ਸਿੰਘ ਕੋਲ ਰਹਿ ਕੇ ਪੜ੍ਹਿਆ ਸੀ। ਸਕੂਲ ਵਿਚ ਇਕੋ ਜਮਾਤ ਵਿਚ ਪੜ੍ਹਦਿਆਂ ਮੇਰੀ ਉਹਦੇ ਨਾਲ ਕੋਈ ਖਾਸ ਸਾਂਝ ਨਹੀਂ ਸੀ, ਬਣੀ। ਪਰ ਹੁਣ ਉਹ ਗੌਰਮਿੰਟ ਕਾਲਿਜ, ਸੈਕਟਰ-11 ਚੰਡੀਗੜ੍ਹ ਤੋਂ ਪੜ੍ਹਕੇ ਸਾਈਕਲ 'ਤੇ ਖਰੜ ਮੇਰੇ ਦਫ਼ਤਰ ਆਣ ਬਹਿੰਦਾ ਸੀ। ਮੈਂ ਪੰਜ ਵਜੇ ਦਫਤਰੋਂ ਛੁੱਟੀ ਕਰਦਾ ਤੇ ਅਸੀਂ ਦੋਵੇਂ ਸਾਈਕਲਾਂ ਤੇ ਗੱਪਾਂ ਮਾਰਦੇ, ਕੁਰਾਲੀ ਨੂੰ ਫੇਰ ਪਾ ਕੇ ਘੁੰਮ ਕੇ ਜਾਣ ਦੀ ਥਾਂ, ਸਿੱਧੇ ਬਿਚਪੁਟੇ ਨੂੰ ਪਿੰਡਾਂ ਦੀਆਂ ਲਿੰਕ ਸੜਕਾਂ ਨੂੰ ਹੋ ਕੇ ਆਪਣੇ ਪਿੰਡਾਂ ਵੱਲ ਨੂੰ ਚੱਲ ਪੈਂਦੇ। ਉਹ ਰਾਹ ਵਿਚੋਂ ਕਦੇ ਆਪਣੇ ਪਿੰਡ ਜੰਗ ਪੁਰ ਨੂੰ ਮੁੜ ਜਾਂਦਾ ਤੇ ਕਦੇ ਮੇਰੇ ਨਾਲ ਹੀ ਨਾਨਕੇ ਪਿੰਡ ਖੇੜੇ ਨੂੰ ਚੱਲ ਪੈਂਦਾ। ਉਹਨਾਂ ਦਿਨਾਂ ਵਿਚ ਉਹ ਰੋਪੜ ਜ਼ਿਲ੍ਹੇ ਦੀਆਂ ਮਹੀਨਾਵਾਰ ਸੀ. ਪੀ. ਆਈ. ਦੇ ਦਫ਼ਤਰ ਵਿਚ ਹੁੰਦੀਆਂ ਮੀਟਿੰਗਾਂ ਵਿਚ ਭਾਗ ਲੈਂਦਾ ਹੁੰਦਾ ਸੀ। ਤੇ ਆਪਣੇ ਆਪ ਨੂੰ ਕਾਮਰੇਡ ਕਹਾਉਂਦਾ ਸੀ। ਉਹ ਮੈਨੂੰ ਹੱਸ ਹੱਸ ਕੇ ਲੋਟ ਪੋਟ ਹੁੰਦਿਆਂ ਦੱਸਦਾ ਕਿ ਉਹ ਕਰਦੇ ਕਰਾਉਂਦੇ ਕੁਝ ਨਹੀਂ। ਮੀਟਿੰਗ ਵਿਚ ਮਤੇ ਪਾਸ ਕਰਕੇ, ਪ੍ਰੈਸ ਨੋਟ ਅਖ਼ਬਾਰਾਂ ਨੂੰ ਭੇਜ ਦਿੰਦੇ ਹਨ। ਪਿਛਲੇ ਸਮੇਂ ਵਿਚ ਪਾਰਟੀ ਰਾਹੀਂ ਲੜੇ ਗਏ ਘੋਲਾਂ, ਕੀਤੇ ਗਏ ਸੰਘਰਸਾਂ, ਐਜੀਟੇਸ਼ਨਾਂ ਦੀਆਂ ਗੱਲਾਂ ਕਰਕੇ ਖੁਸ਼ ਹੁੰਦਿਆਂ ਚਾਹ ਪਾਣੀ ਪੀ ਕੇ ਘਰਾਂ ਨੂੰ ਚਲੇ ਜਾਂਦੇ ਹਨ। ਅਗਲੇ ਮਨੀਨਿਆਂ ਦੀਆਂ ਮੀਟਿੰਗਾਂ ਵਿਚ ਫੇਰ ਉਹੀ ਸਿਲਸਿਲਾ ਚਲਦਾ ਰਹਿੰਦਾ ਹੈ।

ਉਦੋਂ ਮੈਂ ਮਿਤੀ 7.4.68 ਨੂੰ ਭਾਖੜਾ ਨਹਿਰ ਵਿਚ ਛਾਲ ਨਾ ਮਾਰ ਸਕਣ ਦੀ ਨਮੋਸ਼ੀ ਵਜੋਂ ਮਾਨਸਿਕ ਤੌਰ 'ਤੇ ਪਰੇਸ਼ਾਨ ਚੱਲ ਰਿਹਾ ਸਾਂ। 'ਛਾਲ ਨਾ ਮਾਰ ਸਕਣ ਸਬੰਧੀ ਨਿੱਤ ਡਾਇਰੀ ਲਿਖਦਾ, ਹੋਰ ਪਰੇਸ਼ਾਨ ਹੁੰਦਾ ਜਾਂ ਰਿਹਾ ਸਾਂ। ਹੁਣ ਜਦ ਮੈਂ ਇਸ ਡਾਇਰੀ ਦੇ ਵਰਕੇ ਫਰੋਲਦਾ ਹਾਂ ਤਾਂ ਅਜਿਹੀ ਦੁਖਦਾਈ ਡਾਇਰੀ ਮਿਤੀ 3.6.68 ਤੱਕ ਲਿਖੀ ਹੋਈ ਮਿਲਦੀ ਹੈ। ਇਸ ਦੇ ਨਾਲ ਨਾਲ ਮੈਂ ਕੁਝ ਇਸ ਤਰ੍ਹਾਂ ਵੀ ਸੋਚਣ ਲੱਗ ਪਿਆ ਸਾਂ ਕਿ ਜੇ ਮੈਂ ਆਤਮ ਹੱਤਿਆਂ ਨਹੀਂ ਕਰਨੀ... ਫੇਰ ਮੈਨੂੰ ਜ਼ਿੰਦਗੀ ਵਿਚ ਹੋਰ ਕੀ ਕਰਨਾ ਚਾਹੀਦਾ



ਹੈ?

ਮੈਂ ਤੇ ਕਰਨੈਲ ਸਿੰਘ ਘੁੰਮਦੇ ਘੁੰਮਾਉਂਦੇ ਕੁਰਾਲੀ ਮੋਰਿੰਡਾ, ਖਰੜ ਦੇ ਬੁੱਕ ਸਟਾਲਾਂ ਤੋਂ ਉਹਨਾਂ ਦਿਨਾਂ ਵਿਚ ਛਪਦੇ ਸਾਹਿਤਕਾਰ, ਲੋਅ, ਨਾਗਮਣੀ, ਪ੍ਰੀਤਲੜੀ, ਅਕਸ ਆਦਿ ਰਿਸਾਲੇ ਖਰੀਦ ਕੇ ਪੜ੍ਹਨ ਲੱਗ ਪਏ ਸਾਂ।

ਕਾਮਰੇਡ ਕਰਨੈਲ ਸਿੰਘ ਮਾਰਕਸਵਾਦ ਤੇ ਕਾਰਲ ਮਾਰਕਸ ਦੇ ਜੀਵਨ ਸੰਬੰਧੀ ਬਹੁਤ ਸਾਰੀਆਂ ਗੱਲਾਂ ਸੁਣਾਉਂਦਾ ਹੁੰਦਾ ਸੀ। ਉਹ ਦਸਦਾ, "ਅਸੀਂ ਮਾਰਕਸਵਾਦੀ ਰੱਬ ਨੂੰ ਤਾਂ ਮੰਨਦੇ ਨੀ ਹੈਗੇ!" ਉਹ ਹਸਦਿਆਂ ਲੋਟ ਪੋਟ ਹੁੰਦਿਆਂ ਆਖਦਾ, "ਫੇਰ ਅਸੀਂ ਕੀ ਬੈਠ ਕੇ ਮਾਰਕਸ, ਮਾਰਕਸ ਦਾ ਜਾਪ ਕਰਨ ਲੱਗ ਪਈਏ?" ਮੈਂ ਸੋਚਦਾ, ਸ਼ਾਇਦ ਇੱਦਾਂ ਦੀਆਂ ਗੱਲਾਂ ਪਾਰਟੀ ਵਰਕਰ ਕਰਦੇ ਹੋਣਗੇ। ਮੈਂ ਵੀ ਉਹਦੇ ਕੋਲੋਂ ਕੁਝ ਮਾਰਕਸਵਾਦੀ ਸਾਹਿਤ ਲੈ ਕੇ ਪੜ੍ਹਨ ਲੱਗ ਪਿਆ ਸਾਂ।

ਪਰ ਮੇਰੇ ਕੋਲੋਂ ਜੀਵਨ ਦੀ ਨਿਰਾਰਥਕਤਾ ਨੂੰ ਕੋਈ ਅਰਥ ਨਹੀਂ ਸਨ ਦਿੱਤੇ ਜਾ ਰਹੇ। ਸਕੂਲ ਵਿਚ ਦਫ਼ਤਰ ਦਾ ਕੰਮ ਕਰਦਿਆਂ ਮੈਂ ਸੋਚਦਾ ਰਹਿੰਦਾ ਸਾਂ... ਕਰਾਂ ਤਾਂ ਕੀ ਕਰਾਂ?? ਗਰਮੀਆਂ ਦੀ ਤਿਖੱੜ ਦੁਪਹਿਰ ਵਿਚ ਸਕੂਲੋਂ ਡੇਢ ਵਜੇ ਛੁੱਟੀ ਕਰਕੇ... ਮੈਂ ਘਰ ਜਾ ਕੇ ਆਰਾਮ ਕਰਨ ਦੀ ਥਾਂ... ਚੰਡੀਗੜ੍ਹ ਨੂੰ ਬੱਸ ਚੜ੍ਹ ਜਾਂਦਾ। ਸਤਾਰਾਂ ਸੈਕਟਰ ਦੇ ਬੱਸ ਅੱਡੇ 'ਤੇ ਉਤਰਕੇ, ਤਪਦੀ ਦੁਪਹਿਰ ਵਿਚ ਤੁਰਦਿਆਂ, ਬਾਈ ਸੈਕਟਰ ਦੇ ਪੰਜਾਬ ਬੁਕ ਸੈਂਟਰ 'ਤੇ ਪਹੁੰਚ ਜਾਂਦਾ। ਜਿਵੇਂ ਉੱਥੇ ਜਾ ਕੇ ਮੈਨੂੰ ਪਤਾ ਨਹੀਂ ਕੀ ਪ੍ਰਾਪਤ ਹੋ ਜਾਣਾ ਹੋਵੇ? ਫਰੋਲਾ-ਫਰਾਲੀ ਕਰਦਿਆਂ ਕੁਝ ਸਾਹਿਤਕ ਰਸਾਲੇ ਤੇ ਕੁਝ ਮਾਰਕਸਵਾਦ ਦੇ ਸਿਧਾਂਤ ਸੰਬੰਧੀ ਪੁਸਤਕਾਂ ਖਰੀਦ ਲਿਆਉਂਦਾ ਸਾਂ ਤੇ ਘਰ ਆ ਕੇ ਪੜ੍ਹਨ ਲੱਗ ਜਾਂਦਾ ਸਾਂ। ਕਿਉਂਕਿ ਹੁਣ ਮੈਂ ਸਵੇਰੇ ਉਠਕੇ ਪਾਠ ਕਰਨਾ ਵੀ ਛੱਡ ਦਿੱਤਾ ਸੀ। ਇਸ ਲਈ ਕੁਝ ਦਿਨਾਂ ਬਾਅਦ ਮੈਨੂੰ ਫੇਰ ਜੀਵਨ ਦੀ ਨਿਰਾਰਥਕਤਾ ਪਰੇਸ਼ਾਨ ਕਰਨ ਲੱਗ ਪੈਂਦੀ। ਡਿਪਰੈਸ਼ਨ ਦੇ ਦੌਰੇ ਜਿਹੇ ਵਿਚ ਹੀ ਮੈਂ ਫਿਰ ਸਕੂਲੋਂ ਛੁੱਟੀ ਹੋਣ 'ਤੇ ਬੱਸ ਚੜਕੇ ਚੰਡੀਗੜ੍ਹ ਸੈਕਟਰ ਬਾਈ ਦੇ ਪੰਜਾਬ ਬੁਕ ਸੈਂਟਰ' ਪਹੁੰਚ ਜਾਂਦਾ। ਮੇਰਾ ਮਨ ਬਹੁਤ ਤਣਾਅ ਵਿਚ ਹੁੰਦਾ। ਕੁਝ ਦੇਰ ਮਨ ਖਰੀਦ ਕੇ ਲਿਆਂਦੀਆਂ ਪੁਸਤਕਾਂ ਪੜ੍ਹਨ ਵਿਚ ਲੱਗਿਆ ਰਹਿੰਦਾ।

ਮਾਰਕਸਵਾਦ ਦੇ ਸਿਧਾਂਤਾਂ ਦੀਆਂ ਪੁਸਤਕਾਂ ਪੜ੍ਹਦਿਆਂ ਪਤਾ ਨਹੀਂ ਮੇਰੇ ਮਨ 'ਤੇ ਕੀ ਪ੍ਰਭਾਵ ਪੈ ਰਿਹਾ ਸੀ। ਪਰ ਜਿਹੜਾ ਵੀ ਵਿਅਕਤੀ ਆਪਣੇ ਰਤਾ ਕੁ ਉੱਚੇ ਅਹੁਦੇ ਕਰਕੇ ਦੂਸਰੇ ਨੂੰ ਨੀਵਾਂ ਦਿਖਾਉਂਦਾ ਮੇਰਾ ਮਨ ਉਹਦੇ ਵਿਰੁੱਧ ਵਿਦਰੋਹ ਦੀ ਭਾਵਨਾ ਨਾਲ ਭਰ ਜਾਂਦਾ ਸੀ। ਕਈ ਹਾਲਤਾਂ ਵਿਚ ਭਾਵੇਂ ਮੈਂ ਕੁਝ ਵੀ ਕਰ ਨਹੀਂ ਸਕਦਾ ਸਾਂ।

ਸੇਵਾਦਾਰ ਗੁਰਮੇਲ ਸਿੰਘ ਨੂੰ ਪਤਾ ਸੀ ਕਿ ਮੈਂ ਤੇ ਗੁਪਤਾ ਜੀ ਇਕ ਦੂਸਰੇ ਨਾਲ ਹੱਥ ਨਹੀਂ ਸੀ ਮਿਲਾਉਂਦੇ। ਸਥਿਤੀ ਅਜਿਹੀ ਬਣ ਗਈ ਸੀ ਕਿ ਜੇ ਪਹਿਲਾਂ ਮੈਂ ਆ ਜਾਂਦਾ ਤਾਂ ਗੁਪਤਾ ਜੀ ਧੁੱਪ ਸੇਕ ਰਹੇ ਤੇ ਗੱਲਾਂ ਮਾਰ ਰਹੇ ਅਧਿਆਪਕਾਂ ਨਾਲ ਹੱਥ ਮਿਲਾਉਂਦੇ ਮੈਨੂੰ ਛੱਡਕੇ ਅੱਗੇ ਖੜ੍ਹੇ ਅਧਿਆਪਕਾਂ ਨਾਲ ਹੱਥ ਮਿਲਾਉਣ ਲੱਗ ਜਾਂਦੇ ਸਨ। ਤੇ ਜੇ ਗੁਪਤਾ ਜੀ ਪਹਿਲਾਂ ਆ ਕੇ ਖੜ੍ਹੇ ਹੁੰਦੇ ਤਾਂ ਮੈਂ ਗੁਪਤਾ ਜੀ ਨੂੰ ਛੱਡਕੇ ਹੋਰਾਂ ਅਧਿਆਪਕਾਂ ਨਾਲ ਹੱਥ ਮਿਲਾਉਂਦਾ ਉਹਨਾਂ ਦਾ ਹਾਲ ਚਾਲ ਪੁੱਛਦਾ ਅੱਗੇ ਨਿਕਲ ਜਾਂਦਾ ਸਾਂ।

ਮੈਂ ਗੁਰਮੇਲ ਸਿੰਘ ਸੇਵਾਦਾਰ ਨੂੰ ਕਿੰਨੇ ਹੀ ਅਧਿਆਪਕਾਂ ਨਾਲੋਂ ਸਮਝਦਾਰ ਸਮਝਦਿਆਂ ਉਹਦੇ ਨਾਲ ਸਟਾਫ਼ ਮੈਂਬਰਾਂ ਦੀਆਂ ਗੁੱਝੀਆਂ ਗੱਲਾਂ ਵੀ ਕਰ ਲੈਂਦਾ ਸੀ। ਕੱਲ੍ਹ ਉਹ ਛੁੱਟੀ ਤੇ ਸੀ। ਉਹ 'ਗੁਪਤਾ ਜੀ ਨੇ ਆ ਕੇ ਮੇਰੇ ਨਾਲ ਹੱਥ ਕਿਉਂ ਮਿਲਾਇਆ?" ਇਹਦੇ ਬਾਰੇ ਜਾਣਨ ਲਈ ਉਤਸੁਕ ਹੋ ਰਿਹਾ ਸੀ। ਮੈਂ ਉਹਨੂੰ ਕਿਹਾ, "ਕਲਾਸ ਇੰਚਾਰਜਾਂ ਤੋਂ ਅੱਜ ਦੀ ਤਰੀਕ ਦੀ ਵਿਦਿਆਰਥੀਆਂ ਦੀ ਹਾਜ਼ਰੀ ਲੁਆ ਕੇ ਵਿਹਲਾ ਹੋ ਕੇ ਆ ਜਾ। ਫੇਰ ਮੈਂ ਤੈਨੂੰ ਸਾਰੀ ਗੱਲ ਦੱਸ ਦਿੰਦਾ ਹਾਂ।"

ਕਲ੍ਹ ਮੈਂ ਸਕੂਲ ਦੇ ਦਫ਼ਤਰ ਦੇ ਵਰਾਂਡੇ ਵਿਚ, ਧੁੱਪ ਵਿਚ ਬੈਠਾ ਇਸ ਮਹੀਨੇ ਦੀ ਤਨਖਾਹ ਦੇ ਬਿੱਲ

ਬਣਾ ਰਿਹਾ ਸਾਂ। ਸੈਕਿੰਡ ਮਾਸਟਰ ਸਰਵਨ ਸਿੰਘ ਤੇ ਗਿਆਨੀ ਕੇਹਰ ਸਿੰਘ ਵੀ ਉਹਨਾਂ ਦਾ ਵਿਹਲਾ ਪੀਰੀਅਡ ਹੋਣ ਕਰਕੇ ਮੇਰੇ ਕੋਲ ਬੈਠੇ ਅਖ਼ਬਾਰ ਪੜ੍ਹ ਰਹੇ ਸਨ। ਸਾਇੰਸ ਮਾਸਟਰ ਵੇਦ ਪ੍ਰਕਾਸ਼ ਆ ਕੇ ਮੈਨੂੰ ਦਸਵੀਂ ਜਮਾਤ ਦੀ ਪ੍ਰੋਫਾਰਮੇ ਵਿਚ ਭਰੀ 'ਇੰਟਰਨਲ ਅਸੈਸਮੈਂਟ' ਦੇ ਗਿਆ ਤੇ ਕਹਿ ਗਿਆ ਕਿ ਇਹਨੂੰ ਹੁਣੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਦਫ਼ਤਰ ਨੂੰ ਭੇਜ ਦੇਣਾ। ਅੱਧੇ ਕੁ ਘੰਟੇ ਬਾਅਦ ਉਹ ਫੇਰ ਮੈਨੂੰ ਪੁੱਛਣ ਆ ਗਿਆ, "ਬਾਬੂ ਜੀ ! ਉਹ ਬੋਰਡ ਦੇ ਦਫ਼ਤਰ ਨੂੰ ਭੇਜ ਦਿੱਤੀ? " ਮੈਂ ਉਹਨੂੰ ਹਸਕੇ ਕਿਹਾ, "ਮਾਸਟਰ ਜੀਂ ਤੁਸੀਂ ਭਰਕੇ ਦੇ ਦਿੱਤੀ, ਹੁਣ ਇਹਨੂੰ ਬੋਰਡ ਦੇ ਦਫ਼ਤਰ ਨੂੰ ਭੇਜਣ ਦੀ ਜ਼ਿੰਮੇਵਾਰੀ ਮੇਰੀ ਐ। ਮੈਂ ਹੁਣੇ ਬਾਕੀ ਡਾਕ ਨਾਲ ਭੇਜ ਦਿੰਦਾ ਹਾਂ।"

ਅਸੀਂ ਕੀ ਦੇਖਦੇ ਹਾਂ ਕਿ ਗੁਪਤਾ ਜੀ, ਵੇਦ ਪ੍ਰਕਾਸ਼ ਤੇ ਦੋ ਤਿੰਨ ਹੋਰ ਅਧਿਆਪਕਾਂ ਨੂੰ ਲੈ ਕੇ ਆ ਗਏ ਸਨ। ਉਹ ਮੈਨੂੰ ਪੁੱਛਣ ਲੱਗੇ, "ਤੁਸੀਂ ਵੇਦ ਪ੍ਰਕਾਸ਼ ਨਾਲ ਮਿਸ ਬੀਹੇਵ ... ਕੀਤਾ ਹੈ? " ਮੇਰੇ ਮੂੰਹੋਂ ਸਹਿਜ ਸੁਭਾ ਨਿਕਲ ਗਿਆ, "ਗੁਪਤਾ ਜੀ ! ਤੁਸੀਂ ਮਾਸਟਰ ਸਰਵਨ ਸਿੰਘ ਤੇ ਗਿਆਨੀ ਕੇਹਰ ਸਿੰਘ ਨੂੰ ਪੁੱਛ ਲਓ... ਮੈਂ ਵੇਦ ਪ੍ਰਕਾਸ਼ ਨੂੰ ਕੀ ਕਿਹਾ? "

ਗੁਪਤਾ ਜੀ ਗੁੱਸੇ ਵਿਚ ਬੋਲੇ, "ਇਹ ਥੁਆਡੀ ਪ੍ਰੀ-ਪਲੈਨ ਐ? " ਮੈਨੂੰ ਗੁੱਸਾ ਆ ਗਿਆ ਸੀ, "ਤੁਸੀਂ 'ਕੱਠੇ ਹੋ ਕੇ ਆਏ ਓ, ਪ੍ਰੀ-ਪਲੈਨ ਸਾਡੀ ਜਾਂ ਥੁਆਡੀ? " ਗੁਪਤਾ ਜੀ ਦੀ ਥੁਆਡੀ ਪ੍ਰੀ ਪਲੈਨ ਐ' ਵਾਲੀ ਗੱਲ ਗਿਆਨੀ ਕੇਹਰ ਸਿੰਘ ਤੇ ਮਾ. ਸਰਵਨ ਸਿੰਘ ਨੂੰ ਵੀ ਬੁਰੀ ਲੱਗੀ ਸੀ। ਉਹ ਵੀ ਬੋਲਣ ਲੱਗ ਪਏ ਸਨ। ਗੁਪਤਾ ਜੀ ਮੇਰੇ ਵੱਲ ਉਂਗਲੀ ਖੜ੍ਹੀ ਕਰਕੇ ਕਹਿਣ ਲੱਗੇ, "ਤੂੰ ਮੇਰੇ ਸਾਹਮਣੇ ਬੋਲ ਨੀ ਸਕਦਾ। ਯੂ ਆਰ ਜੂਨੀਅਰ ਟੂ ਮੀ।"

ਮੈਨੂੰ ਗੁਪਤਾ ਜੀ ਦੀ ਇਹ ਗੱਲ ਬਹੁਤ ਭੈੜੀ ਲੱਗੀ, ਮੈਂ ਆਪਣੀ ਗੱਲ 'ਤੇ ਪੂਰਾ ਜ਼ੋਰ ਦੇ ਕੇ ਕਿਹਾ, "ਵੀ ਆਰ ਪੰਜਾਬ ਗੌਰਮਿੰਟ ਇਮਪਲਾਈਜ਼, ਨੋ ਕੁਐਸਚਨ ਆਫ ਜੂਨੀਅਰ ਆਰ ਸੀਨੀਅਰ। ਗੁਪਤਾ ਜੀ ! ਅਸੀਂ ਪੰਜਾਬ ਸਰਕਾਰ ਦੇ ਮੁਲਾਜ਼ਮ ਆ। ਜੂਨੀਅਰ, ਸੀਨੀਅਰ ਵੱਡਾ ਛੋਟਾ ਕੋਈ ਨਹੀਂ।" ਮੈਨੂੰ ਗੁੱਸਾ ਆ ਰਿਹਾ ਸੀ। ਉਹ ਖੜ੍ਹੇ ਸਨ। ਮੈਂ ਵੀ ਉਠਕੇ ਖੜ੍ਹਾ ਹੋ ਗਿਆ, ਛੇਤੀ ਵਿਚ ਉਠਣ ਲੱਗਿਆ, ਮੈਥੋਂ ਕੁਰਸੀ ਦੀ ਬੈਕ ਫੜਕੇ ਪਿਛੇ ਨੂੰ ਖਿਚੀ ਗਈ। ਮੇਰੇ ਉਪਰ ਨੂੰ ਚੜ੍ਹੇ ਆਉਂਦੇ ਗੁਪਤਾ ਜੀ ਡਰ ਕੇ ਕਈ ਕਦਮ ਪਿੱਛੇ ਨੂੰ ਹਟ ਗਏ। ਮੈਂ ਡਾਢੇ ਰੋਹ ਵਿਚ ਕਿਹਾ, "ਗੁਪਤਾ ਜੀ ! ਇਹ ਗੱਲ ਕਲ੍ਹ ਨੂੰ ਮੁੱਖ ਅਧਿਆਪਕ ਸਾਹਿਬ ਦੇ ਟੇਬਲ 'ਤੇ ਹੋਵੇਗੀ।"

ਗੁਪਤਾ ਜੀ ਤੇ ਮੁੱਖ ਅਧਿਆਪਕ ਸੁਰਿੰਦਰ ਸਿੰਘ ਇਸ ਸਕੂਲ ਵਿਚ ਬਦਲੀ ਕਰਵਾਕੇ ਆਉਣ ਤੋਂ ਪਹਿਲਾਂ ਦੂਰ ਦੇ ਸਕੂਲ ਮਾਛੀਪੁਰ ਥੇੜ੍ਹੀ ਵਿਚ ਇਕੱਠੇ ਸਰਵਿਸ ਕਰਦੇ ਸਨ। ਗੁਪਤਾ ਜੀ ਬੜੇ ਚੌੜੇ ਹੋ ਕੇ ਦੱਸਦੇ ਸਨ ਕਿ ਮਾਛੀ ਪੁਰ ਸਕੂਲ ਦੇ ਬਾਬੂ ਦੇ ਬਣਾਏ ਹੋਏ ਤਨਖਾਹ ਬਿਲਾਂ 'ਤੇ ਉਸ ਤੋਂ (ਗੁਪਤਾ ਜੀ ਤੋਂ) ਚੈੱਕ ਕਰਵਾਏ ਬਿਨਾ ਮੁੱਖ ਅਧਿਆਪਕ ਸੁਰਿੰਦਰ ਸਿੰਘ ਜੀ ਦਸਤਖ਼ਤ ਨਹੀਂ ਸਨ ਕਰਦੇ ਹੁੰਦੇ। ਮਾਛੀ ਪੁਰ ਸਕੂਲ ਵਿਚ ਗੁਪਤਾ ਜੀ ਸੈਕਿੰਡ ਮਾਸਟਰ ਸਨ। ਘਰੋਂ ਸਕੂਲ ਦੂਰ ਹੋਣ ਕਰਕੇ, ਮੁੱਖ ਅਧਿਆਪਕ ਸੁਰਿੰਦਰ ਸਿੰਘ ਵਧੇਰੇ ਕਰਕੇ ਛੁੱਟੀ 'ਤੇ ਰਹਿੰਦੇ ਜਾਂ ਡਿਊਟੀ ਤੇ ਪਿਛੋਂ ਸੈਕਿੰਡ ਮਾਸਟਰ ਹੋਣ ਕਰਕੇ, ਗੁਪਤਾ ਜੀ ਸਕੂਲ ਦੇ ਇੰਚਾਰਜ ਹੁੰਦੇ ਤੇ ਉਹਨਾਂ ਦੀ ਪੂਰੀ ਚੱਲਦੀ ਸੀ।

ਪਰ ਇਸ ਸਕੂਲ ਵਿਚ ਸਕੂਲ ਮੁੱਖੀ ਸੁਰਿੰਦਰ ਸਿੰਘ ਨਾਲ ਦੇ ਪਿੰਡ ਬੂਥਗੜ੍ਹ ਤੋਂ ਆਉਂਦੇ ਸਨ। ਇਸ ਲਈ ਉਨ੍ਹਾਂ ਨੇ ਸਕੂਲ ਤੋਂ ਫਰਲੋ ਮਾਰਨ ਜਾਂ ਛੁੱਟੀ ਲੈਣ ਦੀ ਕੋਈ ਜ਼ਰੂਰਤ ਨਹੀਂ ਸੀ ਪੈਂਦੀ। ਇਸ ਸਕੂਲ ਵਿਚ ਉਹਨਾਂ ਦੇ ਤਿੰਨ ਰਿਸ਼ਤੇਦਾਰ ਅਧਿਆਪਕ ਸਰਵਿਸ ਕਰਦੇ ਸਨ ਤੇ ਕਈ ਨੇੜਲੇ ਪਿੰਡਾਂ ਦੇ ਨਜ਼ਦੀਕੀ ਸਨ। ਸਿਆਲਬਾ ਸਕੂਲ ਵਿਚ ਗੁਪਤਾ ਜੀ ਦੀ ਮਾਛੀ ਪੁਰ ਥੇੜ੍ਹੀ ਸਕੂਲ ਵਾਲੀ ਸਥਿਤੀ ਨਹੀਂ ਸੀ ਪਰ ਉਹ ਸਮਝਦੇ ਨਹੀਂ ਸਨ। ਸਗੋਂ ਕਹਿੰਦੇ ਰਹਿੰਦੇ ਸਨ, "ਇਸ ਸਕੂਲ ਦਾ ਤਾਂ ਬਾਬੂ ਈ ਨੀ ਮਾਣ... ਆਪਣੇ



ਆਪ ਨੂੰ ਅਫ਼ਸਰ ਸਮਝਦਾ ਐ।"

ਉਦੋਂ ਸਕੂਲ ਦੇ ਸਟਾਫ ਦੀ ਚਾਹ ਦੋ ਥਾਂ ਬਣਦੀ ਸੀ। ਇਕ ਹਾਈ ਸਕੂਲ ਵਿਚ, ਦੂਸਰੀ ਨਾਲ ਲਗਦੀ ਪ੍ਰਾਈਮਰੀ ਸੈਕਸ਼ਨ ਦੀ ਬਿਲਡਿੰਗ ਵਿਚ। ਗੁਪਤਾ ਜੀ, ਵੇਦ ਪ੍ਰਕਾਸ਼, ਸਵਰਨ ਸਿੰਘ ਆਦਿ ਕਈ ਅਧਿਆਪਕ ਅੱਧੀ ਛੁੱਟੀ ਵੇਲੇ ਪ੍ਰਾਈਮਰੀ ਸੈਕਸਨ ਵਿਚ ਚਾਹ ਪੀਣ ਲਈ ਜਾਂਦੇ ਸਨ। ਬਾਲ ਕ੍ਰਿਸ਼ਨ, ਬਚਨ ਸਿੰਘ ਤੇ ਵੇਦ ਮਿੱਤਰ ਹੋਰਾਂ ਨੇ ਮੈਨੂੰ ਪ੍ਰਾਈਮਰੀ ਤੇ ਮਿਡਲ ਦੀਆਂ ਜਮਾਤਾਂ ਵਿਚ ਪੜ੍ਹਾਇਆ ਸੀ। ਉਹਨਾਂ ਨੇ ਗੁਪਤਾ ਜੀ ਨੂੰ ਕਿਹਾ, "ਗੁਪਤਾ ਜੀ ! ਸਰੂਪ ਸਾਡਾ ਅਜੀਜ਼ ਐ, ਸਾਡੇ ਕੋਲ ਪੜ੍ਹਿਆ, ਕਿਸੇ ਦੇ ਕੰਮ ਵਿਚ ਰੁਕਾਵਟ ਨੀ ਪਾਉਂਦਾ, ਥੁਆਨੂੰ ਕੋਈ ਗਲਤ ਫਹਿਮੀ ਲੱਗਾ ਐ। ਜੋ ਤੁਸੀਂ ਕਹੋਂ ਤਾਂ ਥੁਆਨੂੰ ਦੋਹਾਂ ਨੂੰ ਬਿਠਾ ਕੇ ਦੂਰ ਕਰ ਦਿੰਦੇ ਆ।" ਉਹਨਾਂ ਨੇ ਮੈਨੂੰ ਦੱਸ ਵੀ ਦਿੱਤਾ ਸੀ, "ਗੁਪਤਾ ਤੇਰੇ ਬਾਰੇ ਬੋਲਦਾ ਤਾ, ਅਸੀਂ ਸਮਝਾ ਲਿਆ।"

ਅੱਧੀ ਛੁੱਟੀ ਤੋਂ ਬਾਅਦ ਗੁਪਤਾ ਜੀ ਦੇ ਗਰੁੱਪ ਦੇ ਅਧਿਆਪਕਾਂ ਨੇ ਗਿਆਨੀ ਸੁਦਾਗਰ ਸਿੰਘ ਨੂੰ ਮੇਰੇ ਕੋਲ ਭੇਜਣਾ ਸ਼ੁਰੂ ਕਰ ਦਿੱਤਾ ਸੀ। ਉਹ ਆ ਕੇ ਮੈਨੂੰ ਸਮਝਾਉਣ ਲੱਗਿਆ, "ਅਸੀਂ ਤੈਨੂੰ ਪੁੱਛ ਸਕਦੇ ਆ ਕਿ ਤੂੰ ਸਾਡੀ ਤਨਖਾਹ ਬਕਾਇਆ ਕਢਵਾਇਆ ਹੈ? ਹੋਰ ਕੰਮ ਕੀਤੇ ਹਨ ਜਾਂ ਨਹੀਂ? ਫੇਰ ਤੂੰ ਸਾਡੇ ਨਾਲੋਂ ਜੂਨੀਅਰ ਈ ਹੋਇਆ? ਬੱਸ ਤੂੰ ਸਾਡੀ ਗੱਲ ਮੰਨ ਲੈ ਕਿ ਤੂੰ ਸਾਡੇ ਕੋਲੋਂ ਜੂਨੀਅਰ ਐ।"

ਮੈਨੂੰ ਉਹਦੀ ਜੂਨੀਅਰ ਵਾਲੀ ਗੱਲ ਬਹੁਤ ਅਟਪਟੀ ਲੱਗੀ ਸੀ। ਮੈਂ ਉਲਟਾ ਉਹਨੂੰ ਹੀ ਪੁੱਛਿਆ, "ਮੇਰਾ ਕੰਮ ਦਫ਼ਤਰ ਦਾ ਕੰਮ ਕਰਨਾ ਤੇ ਥੁਆਡਾ ਕੰਮ ਪੜ੍ਹਾਉਣਾ ਐ। ਵਿਦਿਆਰਥੀਆਂ ਦੇ ਮਾਪੇ ਥੁਆਨੂੰ ਆ ਕੇ ਪੁੱਛਦੇ ਹਨ ਕਿ ਉਹਨਾਂ ਦੇ ਬੱਚੇ ਪੜ੍ਹਦੇ ਹਨ ਜਾਂ ਨਹੀਂ? ਫੇਰ ਕੀ ਤੁਸੀਂ ਵਿਦਿਆਰਥੀਆਂ ਦੇ ਮਾਪਿਆਂ ਤੋਂ ਜੂਨੀਅਰ ਹੋਏ? " ਮੈਨੂੰ ਉਹਨਾਂ ਦੀਆਂ ਬਚਗਾਨਾ ਗੱਲਾਂ ਤੋਂ ਬਹੁਤ ਨਿਰਾਸ਼ਾ ਹੋ ਰਹੀ ਸੀ।

ਗਿਆਨੀ ਸੁਦਾਗਰ ਸਿੰਘ ਚੁੱਕਿਆ ਚੁਕਾਇਆ ਇਕ ਵਾਰੀ ਫੇਰ ਮੇਰੇ ਕੋਲ ਆ ਗਿਆ ਸੀ। "ਤੂੰ ਸਾਡੇ ਨਾਲੋਂ ਘੱਟ ਪੜ੍ਹਿਆ ਤੇ ਤੇਰਾ ਪੇ ਗਰੇਡ ਵੀ ਘੱਟ ਐ। ਤੂੰ ਸਾਡੇ ਨਾਲੋਂ ਜੂਨੀਅਰ ਈ ਐ... ਮੰਨ ਲੈ ਇਸ ਵਿਚ ਤੈਨੂੰ ਕੀ ਫਰਕ ਪੈਣ ਲੱਗਿਆ? " ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਉਸਨੂੰ ਮੇਰੇ ਕੋਲ ਕਿਉਂ ਭੇਜਿਆ ਜਾ ਰਿਹਾ ਸੀ। ਮੈਂ ਉਹਨੂੰ ਕਿਹਾ, "ਗਿਆਨੀ ਜੀ ਸਾਡੇ ਸਕੂਲ ਵਿਚ ਮੈਟਰਿਕ ਜੇ. ਬੀ. ਟੀ. ਪੰ. ਬਾਲ ਕ੍ਰਿਸ਼ਨ ਜੀ ਹਨ? " ਉਹ ਕਾਹਲਾ ਚਲਦਾ ਸੀ, ਬੋਲਿਆ, "ਹਾਂ ਹੈ!" ਮੈਂ ਅੱਗੋ ਕਿਹਾ, "ਸਾਡੇ ਸਕੂਲ ਵਿਚ ਹੀ ਉਹਨਾਂ ਦਾ ਪੁੱਤਰ ਵਿਜੈ ਕੁਮਾਰ ਐਮ. ਏ. ਬੀ. ਐੱਡ ਉਹਨਾਂ ਤੋਂ ਉਤਲੇ ਮਾਸਟਰ ਕੇਡਰ ਵਿਚ ਹੈ? " ਗਿਆਨੀ ਜੀ ਫੇਰ ਬੋਲੋ, "ਹਾਂ ਹਾਂ ਹੈ... ਮੈਂ ਮੰਨਦਾ ਹਾਂ ਪਰ ਇਸ ਗੱਲ ਨਾਲ ਤੇਰਾ ਕੀ ਸਬੰਧ? "

"ਗਿਆਨੀ ਜੀ ਸੰਬੰਧ ਹੈ ! ਮੈਂ ਹੁਣੇ ਬਾਲ ਕ੍ਰਿਸ਼ਨ ਤੇ ਵਿਜੈ ਕੁਮਾਰ... ਦੋਵੇਂ ਪਿਓ ਪੁੱਤਰਾਂ ਨੂੰ ਬੁਲਾਉਂਦਾ ਹਾਂ। ਤੁਸੀਂ ਬਾਲ ਕ੍ਰਿਸ਼ਨ ਤੋਂ ਕੁਹਾ ਦਿਓ ਕਿ ਉਹ ਉਹਦੇ ਪੁੱਤਰ ਵਿਜੈ ਕੁਮਾਰ ਨਾਲੋਂ ਘੱਟ ਪੜ੍ਹਿਆ ਤੇ ਘੱਟ ਪੇ ਗਰੇਡ ਵਿਚ ਹੋਣ ਕਰਕੇ...ਉਸ ਨਾਲੋਂ ਜੂਨੀਅਰ ਐ... ਛੋਟਾ ਐ। ਜੇ ਉਹ ਕਹਿ ਦੇਣ ਤਾਂ ਮੈਂ ਵੀ ਆਪਣੇ ਆਪ ਨੂੰ ਥੁਆਡੇ ਨਾਲੋਂ ਜੂਨੀਅਰ ਮੰਨ ਲਵਾਂਗਾ। " ਸੁਦਾਗਰ ਸਿੰਘ ਤਾਂ ਫੇਰ ਮੁੜਕੇ ਮੇਰੇ ਕੋਲ ਨਹੀਂ ਆਇਆ ਪਰ ਛੁੱਟੀ ਦੀ ਘੰਟੀ ਵੱਜਣ ਤੋਂ ਪਹਿਲਾਂ ਮੈਨੂੰ ਗੁਪਤਾ ਜੀ ਦੇ ਗਰੁੱਪ ਦਾ ਮਾ ਈਸ਼ਰ ਸਿੰਘ ਆ ਕੇ ਕਹਿ ਗਿਆ ਸੀ, "ਤੁਸੀਂ ਛੁੱਟੀ ਵੇਲੇ ਹਨੀਫ਼ ਦੀ ਦੁਕਾਨ ਤੋਂ ਹੋ ਕੇ ਜਾਇਓ।"

ਹੁਣ ਮਾਜਰੀ ਸਬ ਤਹਿਸੀਲ ਬਣ ਜਾਣ ਕਰਕੇ ਤੇ ਸਿਆਲਬਾ, ਮਾਜਰੀ ਤੇ ਫਤਹਿਪੁਰ ਤਿੰਨਾਂ ਪਿੰਡਾਂ ਦਾ ਕੰਪਲੈਕਸ ਕੁਰਾਲੀ ਤੋਂ ਚੰਡੀਗੜ੍ਹ ਤੇ ਕੁਰਾਲੀ ਤੋਂ ਬੱਦੀ (ਹਿਮਾਚਲ ਪ੍ਰਦੇਸ਼) ਸੜਕ ਤੇ ਆ ਜਾਣ ਕਰਕੇ ਇਥੋਂ ਕਈ ਸੈਂਕੜੇ ਦੁਕਾਨਾਂ ਹਨ, ਕਈ ਬਾਜ਼ਾਰ ਹਨ। ਪਰ ਉਦੋਂ ਸਿਆਲਬੇ ਅੱਡੇ ਵਿਚ ਹਨੀਫ ਤੇ ਬਲਬੀਰ ਦੀਆਂ ਚਾਹ, ਪਕੌੜਿਆਂ ਦੀਆਂ ਦੋ ਹੀ ਦੁਕਾਨਾਂ ਸਨ। ਮੈਂ ਛੁੱਟੀ ਵੇਲੇ ਹਨੀਫ਼ ਦੀ ਦੁਕਾਨ 'ਤੇ ਚਲਿਆ ਗਿਆ ਸਾਂ। ਆਲੂ ਗੋਭੀ ਤੇ ਪਿਆਜ਼ ਦੇ ਪਕੌੜੇ ਤਲੇ ਜਾ ਰਹੇ ਸਨ।

ਗੁਪਤਾ ਜੀ ਗੱਲ੍ਹਾਂ ਵਿਚ ਹਵਾ ਭਰ ਕੇ ਗੱਲ੍ਹਾਂ ਫੁਲਾਂਦਿਆਂ , "ਫ ਰ ਰ ਹਹ ਆ ਅ ਅ।" ਹਾਸੇ ਦੇ ਫੁਆਰੇ ਛੱਡਦਿਆਂ ਮੇਰੇ ਦੋਵੇਂ ਹੱਥ ਘੁੱਟਦਿਆਂ ਜੱਫੀ ਪਾ ਕੇ ਮਿਲੇ। ਈਸ਼ਰ ਸਿੰਘ ਕਹਿਣ ਲੱਗਿਆ, "ਬਈ ਜਿਹੜਾ ਮਨ ਮੁਟਾਵ ਹੈ... ਗੁੱਸਾ ਗ਼ਿਲਾ ਹੈ... ਦਿਲਾਂ ਵਿਚੋਂ ਕੱਢ ਦਿਓ? " ਮੈਂ ਕਿਹਾ, "ਹੈਂ ਈ ਕੋਈ ਨਹੀਂ... ਜਦ ਆਪਾਂ 'ਕੱਠੇ ਬਹਿ ਗਏ। ਫਿਰ ਕਾਹਦਾ ਰੌਲਾ।" ਤੇ ਗੁਪਤਾ ਜੀ ਗਲਾਸਾਂ ਵਿਚ ਦੇਸ਼ੀ ਦਾਰੂ ਦੇ ਪੈੱਗ ਪਾਉਣ ਲੱਗ ਪਏ। ਉਦੋਂ ਸਿਆਲਬੇ ਅੱਡੇ ਵਿਚ ਦੇਸ਼ੀ ਦਾਰੂ ਦਾ ਹੀ ਠੇਕਾ ਹੁੰਦਾ ਸੀ। ਅਧਿਆਪਕਾਂ ਦੀ ਤਨਖਾਹ ਘੱਟ ਸੀ, ਸੈਂਕੜਿਆਂ ਵਿਚ ਸੀ। ਤੇ ਅਧਿਆਪਕ ਦੇਸੀ ਦਾਰੂ ਬੜੇ ਚਾਅ ਨਾਲ ਖੁਸ਼ੀ ਖੁਸ਼ੀ ਪੀਂਦੇ ਹੁੰਦੇ ਸਨ।

ਮੈਂ ਗੁਰਮੇਲ ਸਿੰਘ ਨੂੰ ਬਿਠਾ ਕੇ ਸਾਰੀ ਗੱਲ ਦੱਸਦਾ ਗਿਆ ਤੇ ਉਹ ਗੱਲਾਂ ਸੁਣਦਿਆਂ ਹੱਥ 'ਤੇ ਹੱਥ ਮਾਰ ਕੇ ਹੱਸਦਿਆਂ ਦੂਹਰਾ ਤੀਹਰਾ ਹੁੰਦਾ ਰਿਹਾ। ਮੈਂ ਸਤਾਰਾਂ ਅਗਸਤ ਸਨ ਉੱਨੀ ਸੌ ਬਹੱਤਰ ਨੂੰ ਬਦਲੀ ਕਰਵਾ ਕੇ ਸਿਆਲਬਾ ਸਕੂਲ ਵਿਚ ਆਇਆ ਸਾਂ। ਉਸ ਤੋਂ ਪਹਿਲਾਂ ਦੀ ਮੇਰੀ ਸਾਰੀ ਸਰਵਿਸ ਵੱਖ ਵੱਖ ਦਫ਼ਤਰਾਂ ਦੀ ਹੀ ਸੀ। ਦਫ਼ਤਰਾਂ ਵਿਚ ਆਪਣੇ ਕੰਮ ਕਰਵਾਉਣ ਗਏ ਅਧਿਆਪਕ ਨਿਮਰਤਾ ਸਹਿਤ ਪੇਸ਼ ਆਉਂਦੇ ਸਨ। ਪਰ ਸਕੂਲ ਵਿਚ ਅਧਿਆਪਕਾਂ ਦਾ ਵਰਤਾਅ ਮੈਨੂੰ ਹੋਰ ਤਰ੍ਹਾਂ ਦਾ ਦੇਖਣ ਨੂੰ ਮਿਲ ਰਿਹਾ ਸੀ। ਖੈਰ ਮੈਂ ਆਪਣੇ ਤਰੀਕੇ ਨਾਲ ਦਫਤਰ ਦਾ ਕੰਮ ਚਲਾਉਣਾ ਸ਼ੁਰੂ ਕਰ ਦਿੱਤਾ ਸੀ।

ਸਕੂਲ ਲੱਗਣ 'ਤੇ ਮੈਂ ਵੀ ਅਧਿਆਪਕਾਂ ਨਾਲ ਪ੍ਰਾਰਥਨਾ ਵਿਚ ਚਲਿਆ ਜਾਂਦਾ ਸਾਂ। ਆਣ ਕੇ ਦੇਖਦਾ, ਜਿੰਨੇ ਵੀ ਅਧਿਆਪਕ ਫੀਸਾਂ ਜਮਾਂ ਕਰਵਾਉਣ ਜਾਂ ਹੋਰ ਕੰਮਾਂ ਲਈ ਮੇਰੇ ਕਮਰੇ ਵਿਚ ਬੈਠੇ ਹੁੰਦੇ, ਸੇਵਾਦਾਰ ਗੁਰਮੇਲ ਸਿੰਘ ਨੂੰ ਬਲਬੀਰ ਸਿੰਘ ਦੀ ਚਾਹ ਦੀ ਦੁਕਾਨ 'ਤੇ ਭੇਜਕੇ ਉਹਨਾਂ ਸਭਨਾਂ ਲਈ ਚਾਹ ਮੰਗਵਾਉਂਦਾ। ਅਜੀਤ ਸਿੰਘ ਡੀ. ਪੀ. ਆਈ ਪਤਾ ਨਹੀਂ ਕਿਧਰੋਂ ਆ ਜਾਂਦਾ, "ਓ ਮੱਖੀ ਆ...।" ਆਖਦਿਆਂ ਉਹ ਗੁਰਮੇਲ ਸਿੰਘ ਤੋਂ ਚਾਹ ਦੀ ਕੇਤਲੀ ਫੜ ਕੇ ਆਪਣਾ ਫਾਲਤੂ ਗਿਲਾਸ ਰੱਖਕੇ ਚਾਹ ਵੰਡ ਕੇ ਸਾਰੇ ਗਿਲਾਸਾਂ ਵਿਚ ਪਾਉਣ ਲੱਗ ਜਾਂਦਾ। ਅਜੀਤ ਸਿੰਘ ਮੇਰੇ ਨਾਲ ਦਫ਼ਤਰ ਦਾ ਕੰਮ ਕਰਵਾਉਂਦਾ ਰਹਿੰਦਾ ਸੀ। ਉਹਨੂੰ ਮੇਰੇ ਕਮਰੇ ਵਿਚ ਆ ਕੇ ਚਾਹ ਪੀਣ ਦਾ ਪੂਰਾ ਅਧਿਕਾਰ ਪ੍ਰਾਪਤ ਸੀ।

ਮੇਰੇ ਲਈ ਦਫ਼ਤਰ ਦਾ ਕੰਮ ਅਕੇਵੇਂ ਭਰਿਆ ਸੀ। ਇਹ ਚਾਹ ਪਾਣੀ, ਪੀਣ ਪਿਲਾਉਣ ਦਾ ਕੰਮ ਮਾਹੌਲ ਨੂੰ ਸੁਖਾਵਾਂ ਬਣਾਈ ਰਖਦਾ ਸੀ। ਕਿਉਂਕਿ ਕਈ ਵਾਰੀ ਅਸੀਂ ਕਿਸੇ ਤਰੱਕੀ ਲੁਆਉਣ ਜਾਂ ਤਨਖਾਹ ਫਿਕਸ ਕਰਵਾਉਣ ਆਈ ਮੈਡਮ ਜਾਂ ਸਰ ਨੂੰ ਕਹਿ ਕੇ ਉਸ ਕੋਲੋਂ ਚਾਹ ਮੰਗਵਾ ਵੀ ਲੈਂਦੇ ਸਾਂ। ਕਦੇ ਕਦੇ ਮੈਂ ਮੁੱਖ ਅਧਿਆਪਕ, ਸੁਰਿੰਦਰ ਸਿੰਘ ਨੂੰ, ਉਹਨਾਂ ਲਈ ਅਫਸਰ ਹੋਣ ਕਰਕੇ ਰੱਖੀ ਅਲੱਗ ਪਿਰਚ, ਪਿਆਲੇ ਵਿਚ ਚਾਹ ਭਿਜਵਾ ਦਿੰਦਾ ਸੀ। ਜੇ ਕਦੇ ਮੁੱਖ ਅਧਿਆਪਕ ਸੁਰਿੰਦਰ ਸਿੰਘ ਮੈਨੂੰ ਕੋਲ ਬੁਲਾ ਕੇ ਆਖਦਾ, "ਅਧਿਆਪਕਾਂ ਦੇ ਕੋਲ ਬੈਠਣ ਨਾਲ ਦਫ਼ਤਰੀ ਕੰਮ ਡਿਸਟਰਬ ਹੁੰਦਾ ਹੋਊ? " ਤਾਂ ਮੈਂ ਉਸੇ ਦੀ ਕਹੀ ਹੋਈ ਗੱਲ ਦੁਹਰਾ ਦਿੰਦਾ, "ਹੁਣ ਸਾਰਾ ਤਾਂ ਲੋਕਲ ਸਟਾਫ ਐ ਕੀਹਨੂੰ ਕਹੀਏ ਬਈ ਜਾਓ।" ਉਹ ਆਦਤ ਅਨੁਸਾਰ ਕੁਰਸੀ ਦੇ ਬੈਠਿਆ ਹੀ ਅੱਗੇ ਪਿੱਛੇ ਨੂੰ ਹਿਲਦਾ, ਦੋਵੇਂ ਹੱਥਾਂ ਨਾਲ ਕੁਰਤੇ ਦੇ ਕਾਲਰ ਠੀਕ ਕਰਦਾ ਤੇ ਲੰਮਾ ਕੱਦ ਹੋਣ ਕਰਕੇ ਲੰਮੀਆਂ ਲੰਮੀਆਂ ਬਾਹਾਂ ਸਿਰ ਤੋਂ ਦੀ ਹਿਲਾਉਂਦਿਆਂ ਖੁੱਲ੍ਹ ਕੇ ਹੱਸਦਿਆਂ ਆਖਦਾ, "ਬੱਲਿਆ... ਆਹ ਤਾਂ ਠੀਕ ਹੈ।" ਉਹ ਇਸ ਲਈ ਵੀ ਕੁਝ ਕਹਿੰਦਾ ਨਹੀਂ ਸੀ, ਕਿਉਂਕਿ ਦਫ਼ਤਰ ਦਾ ਕੋਈ ਕੰਮ ਰੁਕਦਾ ਨਹੀਂ ਸੀ। ਭਾਵੇਂ ਮੈਂ ਦਫ਼ਤਰੀ ਕੰਮ ਕਰਨ ਲਈ ਕਈ ਅਧਿਆਪਕਾਂ ਨੂੰ ਟਰੇਂਡ ਕੀਤਾ ਹੋਇਆ ਸੀ।

ਕਈ ਵਾਰ ਅਧਿਆਪਕ ਤਨਖਾਹ ਜਾਂ ਕੋਈ ਬਕਾਇਆ ਮਿਲਣ ਦੀ ਖੁਸ਼ੀ ਮਨਾਉਣ ਲਈ ਜਾਂ ਉਂਝ ਹੀ ਹਿੱਸਾ ਪੱਤੀ ਪਾ ਕੇ ਡੇਢ ਵਜੇ ਸਕੂਲ ਨੂੰ ਛੁੱਟੀ ਹੋਣ 'ਤੇ ਸਿਆਲਬੇ ਦੇ ਬੱਸ ਸਟੈਂਡ ਵਿਚ ਬਲਬੀਰ ਸਿੰਘ ਦੀ ਦੁਕਾਨ 'ਤੇ ਬਹਿ ਜਾਂਦੇ ਸਨ। ਬਿਜਲੀ ਬੰਦ ਹੋਣ ਕਰਕੇ ਪਸੀਨਾ ਚੋਂਦਾ। ਉਹ ਹਾਸਾ ਮਜ਼ਾਕ ਕਰਦਿਆਂ



ਆਖਦੇ, "ਇਕ ਇਕ ਪੈਗ ਅੰਦਰ ਜਾਣ ਦਿਓ, ਗਰਮੀ ਲੱਗਣ ਤੋਂ ਤਾਂ ਆਪੇ ਹਟ ਜਾਣੀ ਐ।" ਉਹ ਫੜ੍ਹਾ ਮਾਰਦੇ, "ਇਸ ਸਕੂਲ ਵਿਚ ਗੁਰਮੇਲ 'ਗੁਲਬਾਸ਼' ਪੜ੍ਹਾਉਂਦਾ ਕਹਿੰਦਾ, ਸ਼ਿਵ ਕੁਮਾਰ ਬਟਾਲਵੀ ਉਹਦੇ ਕੋਲ ਆ ਕੇ ਬਲਬੀਰ ਸਿੰਘ ਦੀ ਇਸੇ ਦੁਕਾਨ ਵਿਚ ਬਹਿ ਕੇ ਦਾਰੂ ਪੀਂਦਾ ਰਿਹਾ। ਨਾਲੇ ਬਿਰਹਾ ਦੇ ਗੀਤ ਗਾ ਕੇ ਸੁਣਾਉਂਦਾ ਰਿਹਾ।" ਬਲਬੀਰ ਸਿੰਘ ਉਹਦੀ ਦੁਕਾਨ ਦੀ ਸਿਫਤ ਹੁੰਦੀ ਸੁਣਦੇ ਪਕੌੜੇ ਤਲਦਿਆਂ ਹੀ ਚੌੜਾ ਹੋਈ ਜਾਂਦਾ।

ਕਦੇ ਕਦੇ ਮੈਂ ਵੀ ਉਹਨਾਂ ਕੋਲ ਫਸ ਜਾਂਦਾ ਸਾਂ। ਸਾਕੀ ਬਣਿਆ ਸਾਇੰਸ ਮਾਸਟਰ ਜਰਨੈਲ ਸਿੰਘ 'ਚੌਰਾ' ਨਵੀਂ ਬੋਤਲ ਮੰਗਵਾਉਣ ਲਈ ਪੈਸੇ 'ਕੱਠੇ ਕਰਦਿਆਂ ਆਖਦਾ, "ਬਾਬੂ ਜੀ ! ਤੁਸੀਂ ਇਸ ਬੋਤਲ ਵਿਚ ਹਿੱਸਾ ਪਾਉਣ ਨੂੰ ਰਹਿਣ ਦਿਓ।" ਅਜਿਹਾ ਸ਼ਾਇਦ ਉਹ ਮੇਰੇ ਤੱਕ ਦਫ਼ਤਰੀ ਕੰਮ ਪੈਂਦੇ ਰਹਿਣ ਕਰਕੇ, ਲਿਹਾਜ ਵਜੋਂ ਕਰਦਾ। ਉਹ ਸਾਕੀ ਹੋਣ ਕਰਕੇ ਦਾਰੂ ਦੀ ਬਰਾਬਰ ਕੀਤੀ ਵੰਡ ਬਾਰੇ ਫੜ੍ਹ ਮਾਰਦਿਆਂ ਆਖਦਾ, "ਦੇਖ ਲਓ ਹਰੇਕ ਬੋਤਲ ਵਿਚੋਂ ਸੋਲਾ ਪੈੱਗ ਬਣਦੇ ਐ ਜਾਂ ਨਹੀਂ? " ਅਜਿਹਾ ਉਹ ਆਖਰੀ ਪੈੱਗ ਪਾ ਕੇ ਨਵੀਂ ਬੋਤਲ ਮੰਗਵਾਉਣ ਦੀ ਚੇਤਾਵਨੀ ਵਜੋਂ ਵੀ ਆਖਦਾ। ਪੈਸੇ 'ਕੱਠੇ ਕਰਕੇ ਬੋਤਲਾਂ ਆਈ ਜਾਂਦੀਆਂ। ਬਲਬੀਰ ਪਕੌੜੇ ਤਲੀ ਜਾਂਦਾ। ਮੀਟ ਨੂੰ ਤੜਕੇ ਛੜਕੇ ਲਾਈ ਜਾਂਦਾ। ਉਹ ਰਾਤ ਤੱਕ ਬੈਠੇ ਦਾਰੂ ਪੀਈ ਜਾਂਦੇ ਸਨ। ਉਦੋਂ ਅਧਿਆਪਕ ਸਾਈਕਲਾਂ 'ਤੇ ਘਰਾਂ ਨੂੰ ਜਾਂਦੇ ਸਨ। ਤੇ ਸ਼ਰਾਬੀ ਹੋਏ ਕਈ ਵਾਰ ਡਿੱਗ ਵੀ ਪੈਂਦੇ ਸਨ। ਉਹ ਦੱਸਦੇ ਹੁੰਦੇ ਸਨ ਕਿ ਇਕ ਵਾਰੀ ਜਰਨੈਲ ਸਿੰਘ 'ਚੌਰਾ' ਸਾਈਕਲ ਤੋਂ ਡਿੱਗ ਕੇ ਹੰਸ ਦੀ ਹੱਡੀ ਤੁੜਵਾ ਬੈਠਾ ਸੀ।

ਉਦੋਂ ਅਧਿਆਪਕ ਪੜ੍ਹਾਉਂਦੇ ਵੀ ਬਹੁਤ ਸਨ ਤੇ ਕੁੱਟਦੇ ਵੀ ਬਹੁਤ ਸਨ। ਸਕੂਲ ਦੇ ਲਗਭਗ ਸਾਰੇ ਕਮਰਿਆਂ ਵਿਚੋਂ ਵਿਦਿਆਰਥੀਆਂ ਦੇ ਡੁਸਕਣ ਦੀਆਂ ਰੋਣ ਦੀਆਂ ਅਵਾਜ਼ਾਂ ਆਉਂਦੀਆਂ ਹੁੰਦੀਆਂ ਸਨ। ਵਿਦਿਆਰਥੀਆਂ ਦੇ ਹੱਥਾਂ 'ਤੇ, ਪਿੱਠ 'ਤੇ, ਲੱਤਾਂ 'ਤੇ ਡੰਡੇ ਵੱਜਣ ਦਾ ਖੜਕਾ ਕਮਰੇ ਤੋਂ ਬਾਹਰ ਸੁਣਾਈ ਦਿੰਦਾ ਸੀ। ਅਧਿਆਪਕ ਵਿਸ਼ੇਸ਼ ਕਰਕੇ ਅੱਠਵੀਂ ਤੇ ਦਸਵੀਂ ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਰਾਹੀਂ ਲਈ ਜਾਣ ਕਰਕੇ ਇਹਨਾਂ ਕਲਾਸਾਂ ਨੂੰ ਓਵਰ ਟਾਈਮ ਲਾ ਕੇ ਜੋ ਅੰਗਰੇਜ਼ੀ ਪੜ੍ਹਾਉਣ ਵਾਲਾ ਅਧਿਆਪਕ ਸਰਦੀਆਂ ਵਿਚ ਸਵੇਰੇ ਪ੍ਰਾਰਥਨਾ ਹੋਣ ਤੋਂ ਪਹਿਲਾਂ ਆ ਕੇ ਅੱਧੇ ਪੌਣੇ ਘੰਟੇ ਦਾ ਜ਼ੀਰੋ ਪੀਰੀਅਡ ਲਾਉਂਦਾ ਤਾਂ ਉਸ ਕਲਾਸ ਨੂੰ ਗਣਿਤ ਪੜ੍ਹਾਉਣ ਵਾਲਾ ਅਧਿਆਪਕ ਕਲਾਸ ਨੂੰ ਪੂਰੀ ਛੁੱਟੀ ਹੋਣ 'ਤੇ ਇਕ ਘੰਟਾ ਗਣਿਤ ਪੜ੍ਹਾਉਣ 'ਤੇ ਲੱਗਿਆ ਰਹਿੰਦਾ। ਜੇ ਕੋਈ ਅਧਿਆਪਕ ਛੁੱਟੀ 'ਤੇ ਜਾਂ ਡਿਊਟੀ 'ਤੇ ਗਿਆ ਹੁੰਦਾ ਤਾਂ ਉਹਦੀ ਕਲਾਸ ਦੀ ਵਿਹਲੀ ਘੰਟੀ ਵਿਚ ਜਾ ਕੇ ਆਪਣਾ ਵਿਸ਼ਾ ਪੜ੍ਹਾਉਣ ਲਈ ਅਧਿਆਪਕਾਂ ਵਿਚ ਖੜਕ ਪੈਂਦੀ ਸੀ। ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਅਧਿਆਪਕਾਂ ਵਿਚ ਮਾਰਾ ਮਾਰੀ ਪਈ ਰਹਿੰਦੀ ਸੀ। ਮਜ਼ਾਲ ਹੈ ਕਿ ਕੋਈ ਕਲਾਸ ਵਿਹਲੀ ਦਿਸ ਪਵੇ।

ਫੇਰ ਵੀ ਮਾਰਚ ਮਹੀਨੇ ਵਿਚ ਪੰਚਾਂ, ਸਰਪੰਚਾਂ ਖੜਪੰਚਾਂ ਤੇ ਪਹੁੰਚ ਵਾਲੇ ਲੋਕਾਂ ਦੀਆਂ ਪੜ੍ਹਾਈ ਵਿਚ ਕਮਜ਼ੋਰ ਵਿਦਿਆਰਥੀਆਂ ਨੂੰ ਪਾਸ ਕਰਵਾਉਣ ਲਈ ਸਿਫਾਰਿਸ਼ਾ ਆਉਣ ਲੱਗ ਪੈਂਦੀਆਂ ਸਨ। ਸਿਫਾਰਸ਼ੀ ਵਿਦਿਆਰਥੀਆਂ ਨੂੰ ਪਾਸ ਕਰਨ ਤੋਂ ਬਾਅਦ ਕੇਵਲ ਗਰੀਬਾਂ ਦੇ ਬੱਚੇ ਹੀ ਫੇਲ੍ਹ ਹੋਣ ਲਈ ਰਹਿ ਜਾਂਦੇ ਸਨ। ਮਾ. ਬਲਵੰਤ ਸਿੰਘ ਖਚਰੀ ਹਾਸੀ ਹਸਦਿਆਂ ਸ਼ੇਅਰ ਸੁਣਾਉਂਦਾ , "ਹੋਤਾ ਹੈ ਹਰ ਸਾਲ ਫੇਲ੍ਹ ਜਮਾਤ ਮੇਂ ਲੜਕਾ ਗਰੀਬ ਕਾ।" ਇਸ ਸਮੇਂ ਦੌਰਾਨ ਜੋ ਮਾਸਟਰ ਆਪਣੇ ਕੋਲੋਂ ਪੈਸੇ ਖਰਚ ਕੇ ਵੀ ਦਾਰੂ ਪੀਂਦੇ ਤਾਂ ਲੋਕੀਂ ਵਿਅੰਗ ਕਸਦੇ, " ਬਈ ਮਾਰਚ ਮਹੀਨੇ ਵਿਚ ਤਾਂ ਮਾਸਟਰਾਂ ਦੇ ਸਰਾਧ ਹੁੰਦੇ ਐ।"

ਸਕੂਲ ਦਾ ਮਿਡਲ ਤੇ ਮੈਟਰਿਕ ਦਾ ਨਤੀਜਾ ਹਮੇਸ਼ਾ ਬੋਰਡ ਦੇ ਨਤੀਜੇ ਤੋਂ ਉੱਤੇ ਪੌਜਟਿਵ ਆਉਂਦਾ ਸੀ। ਤੇ ਜ਼ਿਲ੍ਹੇ ਦਾ ਮੌਜੂਦਾ ਜ਼ਿਲ੍ਹਾ ਸਿੱਖਿਆ ਅਫਸਰ ਰੋਪੜ ਸ੍ਰ. ਹਰਬੰਸ ਸਿੰਘ ਮੁੱਖ ਅਧਿਆਪਕ ਸੁਰਿੰਦਰ ਸਿੰਘ ਕੋਲ ਪੜ੍ਹਿਆ ਹੋਇਆ ਸੀ। ਉਹ ਅਫਸਰ ਹੁੰਦਿਆਂ ਵੀ ਸੁਰਿੰਦਰ ਸਿੰਘ ਦਾ ਅਦਬ ਕਰਦਿਆਂ ਉਹਦੇ

ਵਾਲੀ ਸਕੂਲ ਮੁੱਖੀ ਦੀ ਕੁਰਸੀ ’ਤੇ ਨਹੀਂ ਸੀ ਬਹਿੰਦਾ ਸਗੋਂ ਇਕ ਪਾਸੇ ਵਾਲੀ ਕੁਰਸੀ ’ਤੇ ਬਹਿੰਦਾ ਸੀ। ਇਸ ਲਈ ਮਹਿਕਦੇ ਵਲੋਂ ਸਕੂਲ ਮੁੱਖੀ ਸੁਰਿੰਦਰ ਸਿੰਘ ਨੂੰ ਕੋਈ ਡਰ ਨਹੀਂ ਸੀ।

ਪਰ ਪਤਾ ਨਹੀਂ ਸਕੂਲ ਮੁੱਖੀ, ਸੁਰਿੰਦਰ ਸਿੰਘ ਪਿੰਡ ਦੇ ਪੰਚਾਂ, ਸਰਪੰਚਾਂ ਤੋਂ ਏਨੀ ਝੇਪ ਕਿਉਂ ਖਾਂਦਾ ਸੀ? ਇਕ ਵਾਰੀ ਸਕੂਲ ਦੇ ਮੁੰਡੇ, ਸਕੂਲ ਟਾਈਮ ਵਿਚ, ਕੁਰਾਲੀ ਟੂਰਨਾਮੈਂਟ ਦੇਖਣ ਲਈ ਚਲੇ ਗਏ ਸਨ। ਪਿੰਡ ਦਾ ਪੰਚ, ਪਸ਼ੌਰਾ ਸਿੰਘ ਦਸਵੀਂ ਵਿਚ ਪੜ੍ਹਦੇ ਉਹਦੇ ਗੋਭਲੇ ਜਿਹੇ ਮੁੰਡੇ ਨੂੰ ਲੈ ਕੇ ਆ ਗਿਆ ਸੀ ਤੇ ਮੁੱਖ ਅਧਿਆਪਕ ਕੋਲ ਆ ਕੇ ਗੁੱਸੇ ਵਿਚ ਅੱਗ ਬਗੂਲਾ ਹੋਇਆ ਬਾਲਮੀਕੀਆਂ ਦੇ ਮੁੰਡੇ ਕਾਲੇ ਦੀ ਸ਼ਿਕਾਇਤ ਕਰਨ ਲੱਗ ਪਿਆ ਕਿ ਕਾਲਾ ਉਹਦੇ ਮੁੰਡੇ ਨੂੰ ਟੂਰਨਾਮੈਂਟ ਦੇਖਣ ਲਈ ਲੈ ਕੇ ਗਿਆ ਸੀ। ਮੁੱਖ ਅਧਿਆਪਕ ਸੁਰਿੰਦਰ ਸਿੰਘ ਨੇ ਆਪਣੇ ਆਪ ਨੂੰ ਪਿਸ਼ੌਰਾ ਸਿੰਘ ਤੋਂ ਵੀ ਵੱਧ ਗੁੱਸਾ ਚੜ੍ਹਾ ਲਿਆ ਤੇ ਪੂਰੇ ਜ਼ੋਰ ਨਾਲ ਕਾਲੇ ਨੂੰ ਡੰਡੇ ਨਾਲ ਕੁੱਟਣ ਲੱਗ ਪਿਆ। ਕਾਲਾ ਰੋਂਦਾ ਕੁਰਲਾਉਂਦਾ ਰਿਹਾ। ਮਾਸਟਰ ਖੜ੍ਹੇ ਉਹਦੇ ਕੁੱਟ ਪੈਂਦੀ ਦੇਖ ਰਹੇ ਸਨ। ਪਰ ਉਥੋਂ ਉਹਦੀ ਫਰਿਆਦ ਸੁਣਨ ਵਾਲਾ ਕੋਈ ਨਹੀਂ ਸੀ।

ਮੈਂ ਖੜ੍ਹਾ ਦੇਖ ਰਿਹਾ ਸਾਂ ਕਿ ਕਾਲਾ ਕੇਵਲ ਇਸ ਲਈ ਕੁੱਟ ਖਾ ਰਿਹਾ ਹੈ ਕਿ ਉਹ ਪਿੰਡ ਦੇ ਦਲਿਤਾਂ, ਚੂੜਿਆਂ ਦਾ ਮੁੰਡਾ ਹੈ। ਮੈਂ ਸੋਚਿਆ ਕੋਈ ਘਟਨਾ ਵਾਪਰਨ ’ਤੇ ਪਿੰਡ ਵੀ ਤਾਂ ਉੱਚੀ ਨੀਵੀਂ ਜਾਤ ਬਰਾਦਰੀ ਦੇ ਪੱਧਰ ’ਤੇ ਹੀ ਵੰਡਿਆ ਜਾਂਦਾ ਹੈ। ਪਰ ਸਾਡੇ ਸਕੂਲ ਦੇ ਪੜ੍ਹੇ ਲਿਖੇ ਅਧਿਆਪਕ ਤਾਂ ਕੋਈ ਵਿਸ਼ੇਸ਼ ਘਟਨਾ ਵਾਪਰਨ ਤੋਂ ਬਿਨਾ ਹੀ ਗੱਲਾਂ ਗੱਲਾਂ ਵਿਚੋਂ ਉੱਚੇ ਨੀਵੇਂ, ਵੱਡੇ ਛੋਟੇ ਗਰੇਡਾ, ਕੇਡਰਾ ਅਹੁਦਿਆਂ ਵਿਚ ਵੰਡੇ ਜਾਂਦੇ ਹਨ।

ਜਦੋਂ ਐਮ. ਏ., ਬੀ. ਟੀ. ਤੇ ਬੀ. ਏ., ਬੀ. ਟੀ. ਦੀਆਂ ਡਿੱਗਰੀਆਂ ਪ੍ਰਾਪਤ ਕਰਕੇ ਉੱਚਾ ਗਰੇਡ ਲੈਣ ਵਾਲੇ ਮਾਸਟਰ ਕੇਡਰ ਦੇ ਅਧਿਆਪਕ ਹੋਰਾਂ ਨਾਲੋਂ ਅੱਡਰੇ ਜਿਹੇ ਵਿਚਾਰਦੇ ਤਾਂ ਸੀ. ਐਡ. ਵੀ. ਕੇਡਰ ਵਾਲਾ ਐਸ. ਵੀ. ਅਧਿਆਪਕ ਪ੍ਰੇਮ ਸਿੰਘ ਉਹਨਾਂ ਦੇ ਹੱਡ ’ਤੇ ਮਾਰਦਾ,

“ਬਈ ਇਨ੍ਹਾਂ ਨੂੰ ਟੀ. ਬੀ. (ਬੀ. ਟੀ. ਦਾ ਉਲਟ) ਦੀ ਬੀਮਾਰੀ ਲੱਗੀ ਹੋਈ ਹੈ, ਤਾਂ ਹੀ ਤਾਂ ਮਾਰੇ ਮਾਂ ਰਲਦੇ ਨੀ ਹੈਗੇ, ਪਰ੍ਹਾਂ ਪਰ੍ਹਾਂ ਨੂੰ ਹੋ ਰਹੇ ਆ।” ਪ੍ਰੇਮ ਸਿੰਘ ਨੂੰ ਹਰੇਕ ਦੇ ਗਲ਼ ਪੈ ਜਾਣ ਕਰਕੇ ਪਿੱਠ ਪਿੱਛੇ ਸਭ ‘ਕੱਬਾ’ ਕਹਿੰਦੇ ਸਨ ਪਰ ਉਹਦੇ ਸਾਹਮਣੇ ਕੋਈ ਬੋਲਦਾ ਨਹੀਂ ਸੀ।

ਮੈਟਰਿਕ, ਜੇ. ਬੀ. ਟੀ. ਪ੍ਰਾਇਮਰੀ ਕਲਾਸਾਂ ਨੂੰ ਪੜ੍ਹਾਉਣ ਵਾਲੇ ਅਧਿਆਪਕ ਸਕੂਲ ਵਿਚ ਸਭ ਨਾਲੋਂ ਘੱਟ ਗਰੇਡ ਲੈਣ ਵਾਲੇ ਅਧਿਆਪਕ ਸਨ। ਉਂਝ ਸਕੂਲ ਵਿਚ ਅਧਿਆਪਕ ਦੀ ਘਾਟ ਹੋਣ ਕਾਰਨ ਉਹਨਾਂ ਨੂੰ ਮਿਡਲ ਤੇ ਹਾਈ ਕਲਾਸਾਂ ਵੀ ਪੜ੍ਹਾਉਣ ਲਈ ਦੇ ਦਿੱਤੀਆਂ ਜਾਂਦੀਆਂ ਸਨ।

ਇਕ ਦਿਨ ਪ੍ਰਾਈਮਰੀ ਕਲਾਸਾਂ ਨੂੰ ਪੜ੍ਹਾਉਣ ਵਾਲਾ ਜੇ. ਬੀ. ਟੀ. ਅਧਿਆਪਕ ਬਚਨ ਸਿੰਘ ਮਿਡਲ ਵਿਭਾਗ ਵਿਚ ਅੱਠਵੀਂ ਜਮਾਤ ਦੀ ਗਣਿਤ ਦੀ ਘੰਟੀ ਲਾ ਕੇ ਮੇਰੇ ਕੋਲ ਆ ਕੇ ਕੁਰਸੀ ’ਤੇ ਬੈਠਾ ਸੀ। ਏਨੇ ਨੂੰ ਮਾਸਟਰ ਕੇਡਰ ਨਾਲ ਸੰਬੰਧਤ ਅਧਿਆਪਕ ਸਰਵਨ ਸਿੰਘ ਆ ਗਿਆ ਸੀ। ਬਚਨ ਸਿੰਘ ਝੱਟ ਉਹਦੇ ਬੈਠਣ ਲਈ ਕੁਰਸੀ ਛੱਡਕੇ ਉਠ ਕੇ ਖੜ੍ਹਾ ਹੋ ਗਿਆ ਸੀ। ਬਚਨ ਸਿੰਘ ਮੇਰੇ ਗੁਰੂ ਸਨ, ਉਹਨਾਂ ਨੇ ਇਸ ਸਕੂਲ ਵਿਚ ਮੈਨੂੰ ਅੱਠਵੀਂ ਜਮਾਤ ਵਿਚ ਗਣਿਤ ਪੜ੍ਹਾਇਆ ਸੀ, ਜਿਸਦੀ ਬਦੌਲਤ ਮੈਂ ਅੱਠਵੀਂ ਜਮਾਤ ਵਿਚੋਂ ਫਸਟ ਆਇਆ ਸਾਂ।

ਮੇਰੇ ਗੁਰੂ ਜੀ ਬਚਨ ਸਿੰਘ ਦਾ ਮੈਨੂੰ ਕੁਰਸੀ ਤੋਂ ਉਠਣਾ ਬਹੁਤ ਬੁਰਾ ਲੱਗਿਆ ਸੀ। ਮੈਂ ਕਿਹਾ, “ਗੁਰੂ ਜੀ ! ਤੁਸੀਂ ਕੁਰਸੀ ਤੋਂ ਕਿਉਂ ਉੱਠੇ, ਆਹ ਦੇਖੋ ਗੁਰਮੇਲ ਸਿੰਘ ਸੇਵਾਦਾਰ ਸਰਵਨ ਸਿੰਘ ਲਈ ਹੋਰ ਕੁਰਸੀ ਲੈ ਕੇ ਆ ਗਿਆ।”

ਮੈਂ ਸੋਚੀਂ ਪੈ ਗਿਆ ਸਾਂ। ਸਰਵਨ ਸਿੰਘ ਦੇ ਨਾਨਕੇ, ਬਚਨ ਸਿੰਘ ਦੇ ਪਿੰਡ ਵਿਚ ਸਨ। ਦੋਵੇਂ ਜੱਟ ਜਾਤੀ ਨਾਲ ਸੰਬੰਧ ਰੱਖਦੇ ਸਨ। ਬਚਨ ਸਿੰਘ ਚਾਚੇ ਤਾਇਆ ਵਿਚੋਂ ਉਹਦੇ ਮਾਮੇ ਦਾ ਪੁੱਤਰ,ਭਰਾ ਲਗਦਾ



ਸੀ। ਫਿਰ ਬਚਨ ਸਿੰਘ ਉਮਰ ਵਿਚ ਵੀ ਉਸ ਤੋਂ ਵੱਡਾ ਸੀ। ਪਰ ਸਰਵਨ ਸਿੰਘ ਨੇ ਕੁਝ ਵੀ ਨਹੀਂ ਸੀ ਸੋਚਿਆ। ਬੱਸ ਉਹਨੇ ਇਹੀ ਦੇਖਿਆ ਕਿ ਬਚਨ ਸਿੰਘ ਮੈਟਰਿਕ ਜੇ. ਬੀ. ਟੀ. ਕੇਡਰ ਵਿਚੋਂ ਤੇ ਉਹ ਆਪ ਐਮ. ਏ. ਬੀ. ਟੀ. ਮਾਸਟਰ ਕੇਡਰ ਵਿਚੋਂ, ਉਸ ਤੋਂ ਉੱਚੇ ਅਹੁਦੇ ਤੇ ਹੋਣ ਕਰਕੇ ਉਹਨੇ ਉਹਦੇ ਲਈ ਛੱਡੀ ਕੁਰਸੀ ਤੇ ਬੈਠਣ ਲੱਗਿਆ ਦੇਰ ਨਹੀਂ ਸੀ ਲਾਈ।

ਮਾਸਟਰ ਕੇਡਰ ਵਿਚੋਂ ਜਿਨ੍ਹਾਂ ਨੇ ਕਿਸੇ ਵਿਸ਼ੇ ਦੀ ਐਮ. ਏ. ਕੀਤੀ ਹੋਈ ਸੀ। ਉਹਨਾਂ ਨੂੰ ਸਕੂਲ ਲੈਕਚਰਾਰ ਦਾ ਉਚ ਗਰੇਡ ਦੇਣ ਲਈ ਮਹਿਕਮੇ ਨੂੰ ਕੇਸ ਗਿਆ ਹੋਇਆ ਸੀ। ਨਿਰਮਲ ਸਿੰਘ ਮਾਸਟਰ ਕੇਡਰ ਵਿਚੋਂ ਐਮ. ਏ. ਪਾਸ ਅਧਿਆਪਕਾ ਨੂੰ ਆਖਦਾ ਰਹਿੰਦਾ ਸੀ, “ਸਾਨੂੰ ਲੈਕਚਰਾਰ ਗਰੇਡ ਤਾਂ ਮਿਲ ਹੀ ਜਾਣਾ ਹੈ। ਆਓ ਆਪਾਂ ਇਕ ਦੂਸਰੇ ਨੂੰ ਪ੍ਰੋ. ਸਾਹਿਬ ਕਹਿ ਕੇ ਬੁਲਾਇਆ ਕਰੀਏ। ਤਾਂ ਹੀ ਦੂਸਰੇ ਅਧਿਆਪਕ ਸਾਨੂੰ ਪ੍ਰੋ. ਸਾਹਿਬ ਕਹਿ ਕੇ ਬੁਲਾਉਣਗੇ।”

ਪਰ ਜਦੋਂ ਇਨ੍ਹਾਂ ਵਿਚੋਂ ਕੁਝ ਅਧਿਆਪਕ ਕੋਈ ਨਵੀਂ ਰਵਾਇਤ ਪਾਉਂਦੇ ਮੈਨੂੰ ਬਹੁਤ ਚੰਗੇ ਲਗਦੇ ਸਨ। ਹਰ ਸਾਲ ਮੈਟਰਿਕ ਦੀ ਪ੍ਰੀਖਿਆ ਵਿਚ ਬੈਠਣ ਵਾਲੇ ਵਿਦਿਆਰਥੀਆਂ ਦੀ ਸਕੂਲ ਦੇ ਸਟਾਫ ਨਾਲ ਯਾਦਗਾਰੀ ਫੋਟੋ ਖਿੱਚਵਾਈ ਜਾਂਦੀ ਸੀ। ਇਕ ਸਾਲ ਕੁਝ ਅਧਿਆਪਕਾਂ ਨੇ ਫੋਟੋ ਖਿੱਚਵਾਉਣ ਤੋਂ ਇਸ ਲਈ ਇਨਕਾਰ ਕਰ ਦਿੱਤਾ ਸੀ ਕਿ ਉਹਨਾਂ ਨੂੰ ਫੋਟੋ ਖਿਚਵਾਣ ਲਈ ਸੀਨੀਆਰਟੀ ਦੀ ਥਾਂ ਦੋਸਤਾਂ ਮਿੱਤਰਾਂ ਨਾਲ ਬਹਿਣ ਦਿੱਤਾ ਜਾਵੇ। ਜਿਵੇਂ ਦਸਵੀਂ ਜਮਾਤ ਦੇ ਵਿਦਿਆਰਥੀ ਫੋਟੋ ਖਿਚਵਾਉਣ ਲਈ ਆਪਣੇ ਦੋਸਤਾਂ, ਮਿੱਤਰਾਂ ਨਾਲ ਖੜ੍ਹੇ ਹਨ। ਮੈਨੂੰ ਉਹਨਾਂ ਦੀ ਇਹ ਗੱਲ ਬਹੁਤ ਚੰਗੀ ਲੱਗੀ ਸੀ। ਮੈਂ ਵੀ ਆਪਣੀ ਕੁਰਸੀ ਛੱਡ ਕੇ ਫੋਟੋ ਖਿਚਵਾਏ ਬਿਨਾ ਉਨ੍ਹਾਂ ਨਾਲ ਉਠ ਕੇ ਚਲਿਆ ਗਿਆ ਸਾਂ।

ਸਾਇਦ ਸਾਡੇ ਸਕੂਲ ਵਿਚ ਵਾਪਰਦੀਆਂ ਅਜਿਹੀਆਂ ਘਟਨਾਵਾਂ ਕਰਕੇ ਹੀ ਪ੍ਰਾਇਮਰੀ ਸਕੂਲ ਵਿਚੋਂ ਜੇ. ਬੀ. ਟੀ. ਦੀ ਆਸਾਮੀ ਤੋਂ ਸੀ. ਐਡ. ਵੀ. ਕੇਡਰ ਵਿਚ ਪੰਜਾਬੀ ਅਧਿਆਪਕ ਪਰਮੋਟ ਹੋ ਕੇ ਆਇਆ ਹੁਕਮ ਸਿੰਘ ਪ੍ਰਾਈਵੇਟ ਤੌਰ ਤੇ ਬੀ. ਏ. ਦੀ ਪੜ੍ਹਾਈ ਕਰਨ ਲੱਗ ਪਿਆ ਸੀ। ਭਾਵੇਂ ਉੱਚ ਯੋਗਤਾ ਪ੍ਰਾਪਤ ਕਰਕੇ ਉਹਨੂੰ ਕੋਈ ਲਾਭ ਨਹੀਂ ਸੀ ਹੋਣਾ। ਕਿਉਂਕਿ ਉਹਦੀ ਰੀਟਾਇਰਮੈਂਟ ਵਿਚ ਮਸਾਂ ਪੰਜ ਸੱਤ ਸਾਲ ਰਹਿੰਦੇ ਸਨ। ਉਹ ਐਸ. ਵੀ. ਅਧਿਆਪਕ ਪ੍ਰੇਮ ਸਿੰਘ ਵਾਂਗ ਮਾਸਟਰ ਕੇਡਰ ਵਾਲਿਆਂ ਦੇ ਸਾਹਮਣੇ ਤਾਂ ਨਹੀਂ ਪਰ ਪਿੱਠ ਪਿਛੇ ਜ਼ਰੂਰ ਕਹਿੰਦਾ ਸੀ, “ਇਨ੍ਹਾਂ ਮਾਸਟਰ ਕੇਡਰ ਵਾਲਿਆਂ ਨੂੰ ਸਾਤੋਂ ਬੂ ਆਉਂਦੀ ਏ।”

ਜਦ ਜੇ. ਬੀ. ਟੀ. ਅਧਿਆਪਕ ਬਾਲ ਕ੍ਰਿਸ਼ਨ ਵੀ ਉਹਦੀ +2 ਪਾਸ ਬੇਟੀ ਨਾਲ ਮਿਲਕੇ ਪ੍ਰਭਾਕਰ ਦੀ ਪ੍ਰੀਖਿਆ ਦੇਣ ਦੀ ਤਿਆਰੀ ਕਰਨ ਲੱਗ ਪਿਆ। ਤਾਂ ਮੈਨੂੰ ਵੀ ਸੁਝਿਆ ਮੈਂ ਵੀ ਕਿਉਂ ਪਿਛੇ ਰਹਾਂ। ਉਸੇ ਸਾਲ ਮਾਰਚ 1974 ਵਿਚ ਮੇਰੇ ਛੋਟੇ ਭਰਾ ਦਰਸ਼ਨ ਨੇ ਵੀ +2 ਦੀ ਪ੍ਰੀਖਿਆ ਪਾਸ ਕੀਤੀ ਸੀ। ਉਹਨੇ ਸ਼ਹੀਦ ਕਾਸ਼ੀ ਰਾਮ, ਕਾਲਿਜ ਭਾਗੂ ਮਾਜਰਾ ਵਿਚ ਬੀ. ਏ. ਭਾਗ ਪਹਿਲਾਂ ਵਿਚ ਦਾਖਲਾ ਲੈ ਲਿਆ ਸੀ। ਮੈਂ ਵੀ ਉਹਦੇ ਨਾਲ ਹੀ ਉਹਦੇ ਵਾਲੇ ਵਿਸ਼ੇ ਲੈ ਕੇ ਪ੍ਰਾਈਵੇਟ ਤੌਰ ਤੇ ਪ੍ਰੀਖਿਆ ਦੇਣ ਦੀ ਤਿਆਰੀ ਕਰਨ ਲੱਗ ਪਿਆ ਸਾਂ।

ਮੈਂ ਸਕੂਲ ਵਿਚ ਹੋਰ ਜਿਆਦਾ ਘੁਟਣ ਮਹਿਸੂਸ ਕਰਨ ਲੱਗ ਪਿਆ ਸਾਂ। ਮੈਂ ਬੌਂਦਲ ਜਾਂਦਾ। ਮੈਨੂੰ ਇਹੀ ਪਤਾ ਨਾ ਲਗਦਾ, ਕਿਸ ਨੂੰ ਕੁਰਸੀ ਦੇਣੀ ਹੈ? ਕਿਸੇ ਦੇ ਆਏ ਤੋਂ ਕੁਰਸੀ ਛੱਡਣੀ ਹੈ?? ਕਿਸ ਨਾਲ ਹੱਥ ਮਿਲਾਉਣਾ ਹੈ? ਕਿਸ ਨਾਲ ਹੱਥ ਨਹੀਂ ਮਿਲਾਉਣਾ?? ਕਿਉਂਕਿ ਇਹ ਦਿਨ ਮੈਂ ਖ਼ਜਾਨੇ ਵਿਚ ਤਨਖਾਹ ਦੇ ਬਿੱਲ ਪਾਸ ਕਰਵਾਉਣ ਗਏ ਨੇ ਇਕ ਪ੍ਰਿੰਸੀਪਲ ਨਾਲ ਹੱਥ ਮਿਲਾ ਲਿਆ ਸੀ। ਪ੍ਰਿੰਸੀਪਲ ਸਾਹਿਬ ਕਹਿਣ ਲੱਗੇ, “ਮੈਂ ਤਾਂ ਆਪਣੇ ਸਕੂਲ ਵਿਚ ਲੈਕਚਰਾਰ ਨਾਲ ਵੀ ਹੱਥ ਨਹੀਂ ਮਿਲਾਉਂਦਾ।” ਮੈਂ ਤਾਂ ਹੁਣ ਉਹਦੇ ਨਾਲ ਹੱਥ ਮਿਲਾਇਆ ਵਾਪਸ ਵੀ ਨਹੀਂ ਲੈ ਸਕਦਾ ਸੀ।

ਮੈਂ ਸਮਝਣ ਦੀ ਕੋਸ਼ਿਸ਼ ਕਰਦਾ ਕਿ ਜਦ ਮਾਸਟਰ ਕੇਡਰ ਵਿਚੋਂ ਕੋਈ ਅਧਿਆਪਕ , "ਮੁੱਖ ਅਧਿਆਪਕ ਦੀ ਅਸਾਮੀ ਤੇ ਪਰਮੋਟ ਹੋ ਜਾਂਦਾ ਹੈ ਤਾਂ ਉਹ ਨਾਲ ਦੇ ਅਧਿਆਪਕ ਨਾਲ ਹੱਥ ਮਿਲਾਉਣਾ ਛੱਡ ਦਿੰਦਾ ਹੈ। ਸਾਡੇ ਸਕੂਲ ਦੇ ਮੁੱਖ ਅਧਿਆਪਕ ਸੁਰਿੰਦਰ ਸਿੰਘ ਵੀ ਸਕੂਲ ਦੇ ਅਧਿਆਪਕਾਂ ਨਾਲ ਹੱਥ ਨਹੀਂ ਸਨ ਮਿਲਾਉਂਦੇ। ਉਹਨਾਂ ਦੇ ਰਿਸ਼ਤੇਦਾਰ ਅਧਿਆਪਕਾਂ ਦੁਆਰਾ ਸਤਿ ਸ਼੍ਰੀ ਅਕਾਲ ਬੁਲਾਉਣ ਤੇ ਵੀ ਉਹ ਉਹਨਾਂ ਨਾਲ ਹੱਥ ਨਹੀਂ ਸਨ ਮਿਲਾਉਂਦੇ। ਸਾਰੇ ਹੱਥ ਖੜਾ ਕਰਕੇ ਹੱਸਦੇ ਮੁਸਕਰਾਉਂਦੇ ਆਪਣੇ ਦਫ਼ਤਰ ਵਿਚ ਵੜ ਜਾਂਦੇ ਸਨ।

ਪਰ ਮੈਂ ਦੇਖਕੇ ਹੈਰਾਨ ਰਹਿ ਗਿਆ ਸੀ ਕਿ ਪਿੰਡ ਫਾਂਟਵਾਂ ਸਕੂਲ ਦੇ ਮੁੱਖ ਅਧਿਆਪਕ ਆਪਣੇ ਸਕੂਲ ਦੇ ਅਧਿਆਪਕਾਂ ਨਾਲ ਹੱਥ ਮਿਲਾਉਂਦੇ ਸਨ। ਕੁਝ ਸਮੇਂ ਲਈ ਮੇਰੀ ਡਿਊਟੀ ਹਫ਼ਤੇ ਦੇ ਪਹਿਲੇ ਤਿੰਨ ਦਿਨ ਸਰਕਾਰੀ ਹਾਈ ਸਕੂਲ ਸਿਆਲਵਾ ਤੇ ਅਗਲੇ ਤਿੰਨ ਦਿਨ ਸਰਕਾਰੀ ਹਾਈ ਸਕੂਲ ਫਾਂਟਵਾ ਦੇ ਦਫ਼ਤਰ ਵਿਚ ਕੰਮ ਕਰਨ ਦੀ ਲੱਗ ਗਈ ਸੀ। ਗੁਰਦੇਵ ਸਿੰਘ ਦਿਓਲ ਮੁੱਖ ਅਧਿਆਪਕ ਸਰਕਾਰੀ ਹਾਈ ਸਕੂਲ ਫਾਂਟਵਾਂ ਦਾ ਵਰਤਾਅ ਹੋਰ ਸਕੂਲ ਮੁੱਖੀਆਂ ਨਾਲੋਂ ਅੱਡਰਾ ਸੀ। ਵੱਖਰਾ ਸੀ। ਅਧਿਆਪਕ ਆ ਕੇ ਹੋਰ ਅਧਿਆਪਕਾਂ ਦੇ ਨਾਲ ਨਾਲ ਸਕੂਲ ਮੁੱਖੀ ਗੁਰਦੇਵ ਸਿੰਘ ਨਾਲ ਵੀ ਹੱਥ ਮਿਲਾਉਂਦੇ ਸਨ। ਜੇ ਗੁਰਦੇਵ ਸਿੰਘ ਬਾਅਦ ਵਿਚ ਆਉਂਦੇ ਤਾਂ ਉਹ ਵੀ ਦਫ਼ਤਰ ਵਿਚ ਬੈਠੇ ਅਧਿਆਪਕਾਂ ਨਾਲ ਹੱਸ ਹੱਸ ਕੇ ਖੁਸ਼ ਹੁੰਦਿਆਂ ਹੱਥ ਮਿਲਾਉਂਦੇ ਸਨ।

ਉਂਝ ਇਹ ਭਾਈਚਾਰੇ ਵਾਲੀ ਸਥਿਤੀ ਕਦੇ ਕਦੇ ਸਿਆਲਬਾ ਸਕੂਲ ਵਿਚ ਵੀ ਦੇਖਣ ਨੂੰ ਮਿਲ ਜਾਂਦੀ ਸੀ। ਸਕੂਲ ਵਿਚ ਵਿਦਿਆਰਥੀਆਂ ਵਲੋਂ, "ਸੋਨੇ ਕੀ ਜੰਜ਼ੀਰੇ' ਦਾਜ ਵਿਰੁੱਧ ਨਾਟਕ ਖੇਡਿਆ ਗਿਆ ਸੀ। ਨਾਟਕ 'ਤੇ ਹੋਏ ਖਰਚ ਦਾ ਹਿਸਾਬ ਕਿਤਾਬ ਮੇਰੇ ਕੋਲ ਸੀ। ਜਿਹੜਾ ਕਿ ਮੈਂ ਸਰਵਨ ਸਿੰਘ ਪੀ. ਟੀ. ਏ. ਦੇ ਇੰਚਾਰਜ ਨੂੰ ਦੇਣਾ ਸੀ। ਪਰ ਇਹ ਹਿਸਾਬ ਮੇਰੇ ਕੋਲੋਂ ਦਫ਼ਤਰ ਦੇ ਜ਼ਰੂਰੀ ਕੰਮਾਂ ਵਿਚ ਉਲਝਿਆ ਹੋਣ ਕਰਕੇ ਕਈ ਦਿਨਾਂ ਤੱਕ ਦਿੱਤਾ ਨਹੀਂ ਸੀ ਗਿਆ।

ਸਰਵਨ ਸਿੰਘ ਮੈਨੂੰ ਆ ਕੇ ਕਹਿਣ ਲੱਗਿਆ, "ਬਾਬੂ ਜੀ! ਨਾਟਕ ਦਾ ਹਿਸਾਬ ਦੇ ਦਿਓ, ਮੈਂ ਪੀ. ਟੀ. ਏ. ਫੰਡ ਦਾ ਰਜਿਸਟਰ ਮੁਕੰਮਲ ਕਰਨਾ ਏ? " ਮੈਂ ਉਹਨੂੰ ਹਾਸੇ ਵਿਚ ਕਿਹਾ, "ਦੇ ਦਿੰਦਾ ਆ... ਤੈਂ ਕਿਹੜਾ ਖਰਚਾ ਮਹਿਕਮੇ ਨੂੰ ਭੇਜਣਾ ਆ।" ਉਹ ਮਜ਼ਾਕ ਵਿਚ ਬੱਚਿਆਂ ਵਾਂਗ ਕਹਿਣ ਲੱਗਿਆ, "ਮੈਂ ਤੇਰੀ ਹੈੱਡ ਮਾਸਟਰ ਸਾਹਿਬ ਕੋਲ ਸ਼ਿਕਾਇਤ ਲਾ ਦੇਣੀ ਆ।" ਮੈਂ ਵੀ ਬੱਚਿਆਂ ਵਾਂਗ ਹੱਸ ਕੇ ਆਖ ਦਿੱਤਾ, "ਜਾਹ ਤੂੰ ਯਾਰ ਪਹਿਲਾਂ ਸਿਕਾਇਤ ਈ ਲਾ ਲੈ। " ਉਹਨੇ ਮੇਰੀ ਗੱਲ ਦਾ ਗੁੱਸਾ ਕਰ ਲਿਆ ਸੀ, "ਯੂ ਹੈਵ ਸੁਪੀਰੀਅਰਟੀ ਕੰਪਲੈਕਸ।" ਮੈਂ ਵੀ ਹੱਸਦਿਆਂ ਉਵੇਂ ਕਹਿ ਦਿੱਤਾ, "ਯੂ ਹੈਵ ਇਨਫੀਰਆਰਟੀ ਕੰਪਲੈਕਸ।" ਉਹ ਪੂਰਾ ਗੁੱਸੇ ਵਿਚ ਭਰਿਆਂ ਕਹਿਣ ਲੱਗਿਆ, "ਦੇਖ ਲੈ ਫੇਰ ਜੋ ਮਾਰ ਕਟਾਈ ਹੋ ਗਈ... ਮੇਰੇ ਅੱਗੇ ਪੰਜ ਹਜ਼ਾਰ ਦੀ ਜੋੜੀ ਹੋਵੇਗੀ। ਪਰ ਤੂੰ ਕਿਸੇ ਦੁਕਾਨ ਤੇ ਪੈਂਚਰ ਲਾਵੇਂਗਾ।" ਮੈਂ ਫੇਰ ਹੱਸ ਪਿਆ। ਉਹਨੇ ਹੋਰ ਗੁੱਸਾ ਚੜਾਉਂਦਿਆਂ ਕਿਹਾ, "ਮੈਂ ਤੇਰੀ ਬੈਂਕ ਦੇ ਕਰਜ਼ੇ ਵਿਚ ਗਵਾਹੀ ਪਾਈ ਸੀ।"

"ਉਹਦੇ ਲਈ ਮੈਂ ਤੇਰਾ ਬਹੁਤ ਧੰਨਵਾਦੀ ਹਾਂ, ਸ਼ੁਕਰ ਗੁਜਾਰ ਹਾਂ।"

ਹੁਣ ਉਹਦੇ ਕੋਲੋਂ ਹੋਰ ਬੈਠਿਆ ਨਹੀਂ ਸੀ ਜਾ ਰਿਹਾ। ਉਹ ਉੱਠ ਕੇ ਚਲਿਆ ਗਿਆ। ਮੈਂ ਕੋਲ ਬੈਠੇ ਜਰਨੈਲ ਸਿੰਘ ਨੂੰ ਕਿਹਾ, "ਦੇਖ ਲੈ ਚੌਰਿਆ ਤੇਰਾ ਯਾਰ?? " ਜਰਨੈਲ ਸਿੰਘ ਹੱਸਕੇ ਕਹਿਣ ਲੱਗਿਆ, "ਪਤਾ ਨਹੀਂ ਇਹਨੂੰ ਕਦੇ ਕਦੇ ਕੀ ਹੋ ਜਾਂਦਾ ਆ। ਜਮ੍ਹਾਂ ਈ ਘਟੀਆਪਨ 'ਤੇ...।"

ਮੈਨੂੰ ਪਤਾ ਸਰਵਨ ਸਿੰਘ ਦਿਲ ਦਾ ਸਾਫ਼ ਆਦਮੀ ਸੀ। ਉਹ ਕੋਈ ਗੱਲ ਮਨ ਵਿਚ ਰੱਖ ਹੀ ਨਹੀਂ ਸੀ ਸਕਦਾ। ਭਾਵੇਂ ਇਹ ਮੇਰੇ ਲਈ ਕੋਈ ਵੱਡੀ ਗੱਲ ਨਹੀਂ ਸੀ। ਪਰ ਉਹਨੇ ਉਧਰ ਜਾ ਕੇ ਸਾਰੀ ਗੱਲ ਸੀਨੀਅਰ ਅਧਿਆਪਕਾਂ ਨੂੰ ਦੱਸ ਦਿੱਤੀ ਸੀ। ਥੋੜਾ ਚਿਰ ਬਾਅਦ ਪੰ. ਸੁਰਿੰਦਰ ਚੰਦ, ਆਰ. ਕੇ. ਗੁਪਤਾ, ਜਰਨੈਲ



ਸਿੰਘ, ਸਰਵਨ ਸਿੰਘ ਤੇ ਸਟਾਫ਼ ਸਕੱਤਰ ਨਿਰਮਲ ਸਿੰਘ 'ਕੱਠੇ ਹੋ ਕੇ ਆ ਗਏ ਸਨ। ਉਹ ਮੈਨੂੰ 'ਕੱਲੇ ਨੂੰ ਬਾਹਰ ਗਰਾਊਂਡ ਵਿਚ ਬੁਲਾ ਕੇ ਕਹਿਣ ਲੱਗੇ, "ਬਾਬੂ ਜੀ! ਸਰਵਨ ਸਿੰਘ ਕੋਲੋਂ ਤੁਹਾਨੂੰ ਕੁਝ ਗਲਤ ਗੱਲਾਂ ਕਹੀਆਂ ਗਈਆਂ... ਵੱਡੇ ਭਾਈ ਨੂੰ ਛੋਟੇ ਭਾਈ ਹੁੰਦਿਆਂ...।" ਮੈਂ ਉਹਨਾਂ ਨੂੰ ਅੱਗੇ ਬੋਲਣ ਨਹੀਂ ਦਿੱਤਾ, ਕਿਉਂਕਿ ਮੈਂ ਆਪਣੇ ਕੋਲੋਂ ਕਿਸੇ ਨੂੰ ਮੁਆਫ਼ੀ ਮੰਗਵਾਂ ਹੀ ਨਹੀਂ ਸਕਦਾ। ਸਟਾਫ਼ ਸੈਕਟਰੀ ਨਿਰਮਲ ਸਿੰਘ ਨੇ ਕਿਹਾ,"ਮਿਲਾਓ ਫੇਰ ਹੱਥ ਆ...।" ਤੇ ਉਹਨੇ ਗੁਰਮੇਲ ਸਿੰਘ ਨੂੰ ਛੇ ਸੱਤ ਕੱਪ ਚਾਹ ਲਿਆਉਣ ਲਈ ਭੇਜ ਦਿੱਤਾ। ਉਹਨਾਂ ਨੇ ਚਾਹ ਦਾ ਇਕ ਕੱਪ ਮੁੱਖ ਅਧਿਆਪਕ ਸੁਰਿੰਦਰ ਸਿੰਘ ਨੂੰ ਦਫ਼ਤਰ ਵਿਚੋਂ ਭੇਜ ਦਿੱਤਾ ਸੀ। ਜਦ ਮੈਂ ਕਿਸੇ ਕੰਮ ਮੁੱਖ ਅਧਿਆਪਕ ਸੁਰਿੰਦਰ ਸਿੰਘ ਕੋਲ ਗਿਆ ਤਾਂ ਉਹ ਪੁੱਛਣ ਲੱਗੇ, "ਕੀ ਹੋ ਗਿਆ ਸੀ? " ਸਾਡੀ ਉੱਚੀ ਉੱਚੀ ਬੋਲਦਿਆਂ ਦੀ ਉਹਨਾਂ ਨੇ ਸਾਰੀ ਗੱਲ ਸੁਣ ਹੀ ਲਈ ਸੀ। ਮੈਂ ਕਿਹਾ, "ਜੀ ਜਦ ਭਾਈਚਾਰਾ ਈ ਚੱਲ ਕੇ ਆ ਗਿਆ।" ਉਹਨਾਂ ਨੇ ਆਦਤ ਅਨੁਸਾਰ ਕੁਰਸੀ 'ਤੇ ਅੱਗੇ ਪਿੱਛੇ ਨੂੰ ਹੁੰਦਿਆਂ, ਕੁਰਤੇ ਦੇ ਕਾਲਰਾਂ ਨੂੰ ਠੀਕ ਕੀਤਾ ਤੇ ਲੰਮੀਆਂ ਲੰਮੀਆਂ ਬਾਹਾਂ ਨੂੰ ਉਪਰ ਨੂੰ ਚੁੱਕ ਕੇ ਹਾਸੇ ਦਾ ਠਹਾਕਾ ਮਾਰਦਿਆਂ ਕਿਹਾ, "ਓ ਜਦ ਭਾਈਚਾਰਾ ਈ ਆ ਗਿਆ... ਫਿਰ ਤਾਂ ਕੋਈ ਗਿਲ੍ਹਾ ਰਹਿੰਦਾ ਈ ਨੀ ਹੈਗਾ।"

ਪਰ ਜਦ ਇਕ ਉੱਚੀ ਜਾਤੀ ਦੇ ਅਧਿਆਪਕ ਦੇ ਨਾਲ ਇਕ ਦਲਿਤ ਅਧਿਆਪਕ ਕਸੂਰਵਾਰ ਹੁੰਦਾ ਤਾਂ ਸਟਾਫ ਦੇ ਭਾਈਚਾਰਕ ਫੈਸਲੇ ਵਿਚ ਵੀ ਦੋਗਲਾਪਨ ਆ ਜਾਂਦਾ ਸੀ। ਅੱਠਵੇਂ ਦਹਾਕੇ ਵਿਚ ਗੌਰਮਿੰਟ ਟੀਚਰ ਯੂਨੀਅਨ ਦੇ ਅਹੁਦੇਦਾਰਾਂ ਦੀ ਚੋਣ ਅਧਿਆਪਕ ਵੋਟਾਂ ਪਾ ਕੇ ਦੋ ਸਾਲ ਲਈ ਕਰਦੇ ਸਨ। ਹਰ ਬਲਾਕ ਦੇ ਕਿਸੇ ਸਕੂਲ ਵਿਚ ਚੋਣ ਦਫ਼ਤਰ ਖੋਲਿਆ ਜਾਂਦਾ। ਦੋ ਬੈਲਟ ਬਕਸੇ ਰੱਖੇ ਜਾਂਦੇ। ਇਕ ਜ਼ਿਲ੍ਹਾ ਪ੍ਰਧਾਨ ਤੇ ਦੂਸਰਾ ਬਲਾਕ ਪ੍ਰਧਾਨ ਲਈ। ਹਰੇਕ ਅਧਿਆਪਕ ਨੂੰ ਇਕ ਜ਼ਿਲ੍ਹਾ ਪ੍ਰਧਾਨ ਤੇ ਦੂਸਰੀ ਬਲਾਕ ਪ੍ਰਧਾਨ ਦੇ ਅਹੁਦੇ ਲਈ ਖੜੇ ਉਮੀਦਵਾਰਾਂ ਦੀ ਵੱਖਰੀ ਵੱਖਰੀ ਵੋਟਰ ਪਰਚੀ ਮਿਲਦੀ ਤੇ ਅਧਿਆਪਕ ਜ਼ਿਲ੍ਹਾ ਪ੍ਰਧਾਨ ਤੇ ਬਲਾਕ ਪ੍ਰਧਾਨ ਦੇ ਲਈ ਖੜ੍ਹੇ ਉਮੀਦਵਾਰਾਂ ਵਿਚੋਂ ਇਕ ਇਕ ਤੇ ਟਿਕ ਮਾਰਕ ਲਾਉਂਦੇ ਤੇ ਵੋਟ ਪਰਚੀਆਂ ਵੱਖੋ ਵੱਖਰੇ ਬੈਲਟ ਬੌਕਸਾਂ ਵਿਚ ਪਾਉਂਦੇ ਜਾਂਦੇ ਸਨ। ਪੰਜ ਵਜੇ ਤੋਂ ਬਾਅਦ ਚੋਣ ਅਧਿਕਾਰੀ ਵੋਟਾਂ ਦੀ ਗਿਣਤੀ ਕਰਕੇ ਜਿੱਤੇ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕਰ ਦਿੰਦਾ ਸੀ। ਉਦੋਂ ਅਧਿਆਪਕ ਗਿਣਤੀ ਦੇ ਸਨ ਅਤੇ ਪੰਜਾਬ ਦੀ ਗੋਰਮਿੰਟ ਟੀਚਰ ਯੂਨੀਅਨ ਦੀ ਚੋਣ ਨਤੀਜਿਆਂ ਦੀ ਖ਼ਬਰ ਬੀ. ਬੀ. ਸੀ. ਲੰਡਨ ਤੋਂ ਵੀ ਪ੍ਰਸਾਰਿਤ ਕੀਤੀ ਜਾਂਦੀ ਸੀ।

ਸਨ 1975 ਵਿਚ ਢਿਲੋਂ ਗਰੁੱਪ ਵਲੋਂ ਸਿਆਲਵਾ ਸਕੂਲ ਦੇ ਗਣਿਤ ਮਾਸਟਰ ਪਰਮਜੀਤ ਸਿੰਘ ਨੂੰ ਮਾਜਰੀ ਬਲਾਕ ਵਿਚੋਂ ਬਲਾਕ ਪ੍ਰਧਾਨ ਦੀ ਚੋਣ ਲੜਨ ਲਈ ਉਮੀਦਵਾਰ ਬਣਾਇਆ ਗਿਆ ਸੀ। ਤੇ ਸਿਆਲਬਾ ਸਕੂਲ ਦੀ ਸਟਾਫ ਮੀਟਿੰਗ ਕਰਕੇ ਅਧਿਆਪਕਾਂ ਤੇ ਅਧਿਆਪਕਾਵਾਂ ਨੂੰ ਕਸਮ ਖੁਆਈ ਗਈ ਸੀ ਕਿ ਸਾਰਾ ਸਟਾਫ ਸਕੂਲ ਦੇ ਉਮੀਦਵਾਰ ਦੀ ਮਦਦ ਕਰੇਗਾ ਤੇ ਕੋਈ ਵੀ ਸਟਾਫ ਮੈਂਬਰ ਉਸਦੇ ਵਿਰੁੱਧ ਵਿਚ ਨਹੀਂ ਤੁਰੇਗਾ। ਪਰ ਸਕੂਲ ਦੇ ਸਟਾਫ ਵਿਚੋਂ, ਸਾਬਕਾ ਬਲਾਕ ਪ੍ਰਧਾਨ ਜਸਬੀਰ ਸਿੰਘ ਤੇ ਨਿਰਮਲ ਸਿੰਘ ਰਾਣਾ ਗਰੁੱਪ ਦੇ ਕੱਟੜ ਸਮਰਥਕ ਹੋਣ ਕਰਕੇ ਪਰਮਜੀਤ ਸਿੰਘ ਦੇ ਵਿਰੁੱਧ ਤੇ ਰਾਣਾ ਧੜੇ ਦੇ ਉਮੀਦਵਾਰ ਦੇ ਹੱਕ ਵਿਚ ਬਲਾਕ ਦੇ ਸਾਰੇ ਸਕੂਲਾਂ ਵਿਚ ਘੁੰਮ ਕੇ ਚੋਣ ਪ੍ਰਚਾਰ ਕਰਦੇ ਰਹੇ ਸਨ। ਤਾਂ ਵੀ ਪਰਮਜੀਤ ਸਿੰਘ ਬਲਾਕ ਪ੍ਰਧਾਨ ਦੀ ਚੋਣ ਜਿੱਤ ਗਿਆ ਸੀ।

ਨਿਰਮਲ ਸਿੰਘ ਤੇ ਜਸਬੀਰ ਸਿੰਘ ਨੇ ਪਰਮਜੀਤ ਸਿੰਘ ਵਿਰੁੱਧ ਚੋਣ ਪ੍ਰਚਾਰ ਕਰਕੇ ਸਿਆਲਬਾ ਸਕੂਲ ਦੇ ਸਟਾਫ ਦੁਆਰਾ ਖੁਆਈ ਗਈ ਕਸਮ ਨੂੰ ਤੋੜਿਆ ਸੀ। ਇਸ ਲਈ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਸਿਆਲਬਾ ਸਕੂਲ ਦੇ ਜੈਂਟਸ ਸਟਾਫ਼ ਦੀ ਮੀਟਿੰਗ ਬੁਲਾਈ ਗਈ। ਜਿਸ ਵਿਚ ਨਿਰਮਲ ਸਿੰਘ ਨੂੰ ਦੋ ਬੋਤਲਾਂ ਸ਼ਰਾਬ ਦੀਆਂ ਦੇਣ ਦਾ ਜ਼ੁਰਮਾਨਾ ਕੀਤਾ ਗਿਆ ਜਦਕਿ ਜਸਬੀਰ ਸਿੰਘ ਦਾ ਸਟਾਫ ਵਲੋਂ ਸ਼ੋਸ਼ਲ

ਬਾਈਕਾਟ ਕਰ ਦਿੱਤਾ ਗਿਆ। ਤੇ ਜਸਬੀਰ ਸਿੰਘ ਨੂੰ ਸਕੂਲ ਦੇ ਅਧਿਆਪਕਾਂ ਨੇ ਬੁਲਾਉਣਾ ਬੰਦ ਕਰ ਦਿੱਤਾ।

ਨਿਰਮਲ ਸਿੰਘ ਤੇ ਜਸਬੀਰ ਸਿੰਘ ਦੋਵੇਂ ਅਧਿਆਪਕ ਮਾਸਟਰ ਕੇਡਰ ਨਾਲ ਸੰਬੰਧਤ ਸਨ। ਪਰ ਜਸਬੀਰ ਸਿੰਘ ਦਾ ਸਟਾਫ ਵਲੋਂ ਸ਼ੋਸ਼ਲ ਬਾਈਕਾਟ ਅਨੁਸੂਚਿਤ ਜਾਤੀ ਨਾਲ ਸੰਬੰਧਤ ਦਲਿਤ ਹੋਣ ਕਰਕੇ ਕੀਤਾ ਗਿਆ। ਜਦਕਿ ਨਿਰਮਲ ਸਿੰਘ ਨੂੰ ਉੱਚ ਜਾਤੀ ਦਾ ਹੋਣ ਕਰਕੇ ਕੇਵਲ ਦੋ ਬੋਤਲਾਂ ਦਾਰੂ ਦੀਆਂ ਪਿਲਾਉਣ ਦਾ ਡੰਨ ਲਾ ਕੇ ਛੱਡ ਦਿੱਤਾ ਗਿਆ। ਜਸਬੀਰ ਸਿੰਘ ਨੇ ਆਪਣੇ ਪੀਰੀਅਡ ਪੜ੍ਹਾਉਣੇ ਤੇ ਮੇਰੇ ਕਮਰੇ ਵਿਚ ਆ ਕੇ ਬਹਿ ਜਾਣਾ। ਅੱਧੀ ਛੁੱਟੀ ਵਿਚ ਉਹਨੇ ਮੇਰੇ ਨਾਲ ਸਿਆਲਬੇ ਦੇ ਬੱਸ ਅੱਡੇ ’ਤੇ ਬਲਬੀਰ ਸਿੰਘ ਦੀ ਦੁਕਾਨ ’ਤੇ ਚਾਹ ਪੀਣ ਲਈ ਚਲੇ ਜਾਣਾ। ਮੈਂ ਟੀਚਿੰਗ ਸਟਾਫ਼ ਵਿਚੋਂ ਨਹੀਂ, ਦਫ਼ਤਰੀ ਸਟਾਫ ਵਿਚੋਂ ਸਾਂ ਇਸ ਲਈ ਉਹ ਮੈਨੂੰ ਜਸਬੀਰ ਸਿੰਘ ਨਾਲ ਬੋਲਣ ਤੋਂ ਰੋਕ ਨਹੀਂ ਸਕਦੇ ਸਨ।

ਜਸਬੀਰ ਸਿੰਘ ਦਾ ਅਧਿਆਪਕਾਂ ਵਲੋਂ ਕੀਤਾ ਗਿਆ ਸ਼ੋਸ਼ਲ ਬਾਈਕਾਟ ਤਾਂ ਭਲਾ ਕਿੰਨਾ ਕੁ ਚਿਰ ਚਲਣਾ ਸੀ। ਹੌਲੀ ਹੌਲੀ ਸਾਰੇ ਅਧਿਆਪਕ ਉਸ ਨਾਲ ਬੋਲਣ ਚੱਲਣ ਤੇ ਦਾਰੂ ਪੀਣ ਲੱਗ ਪਏ ਸਨ। ਪਰ ਮੇਰੇ ਮਨ ਵਿਚ ਇਕ ਗੱਲ ਖੁੜਕ ਗਈ ਸੀ ਕਿ ਉੱਚ ਜਾਤੀ ਦੇ ਅਧਿਆਪਕਾਂ ਨੇ ਇਹ ਸਾਬਤ ਕਰ ਦਿੱਤਾ ਸੀ, ਕਿ ਉੱਚ ਜਾਤੀਆਂ ਦੇ ਫੁਰਮਾਨ ਵਿਰੁੱਧ ਵੋਟਾਂ ਪਾਉਣ ’ਤੇ ਉਹ ਪਿੰਡਾਂ ਵਿਚ ਹੀ ਦਲਿਤਾਂ ਦਾ ਸ਼ੋਸ਼ਲ ਬਾਈਕਾਟ ਕਰਕੇ ਦਲਿਤਾਂ ਦਾ ਕਿਸਾਨਾਂ ਦੇ ਖਤਾਂ ਵਿਚ ਟੱਟੀ ਪਿਸ਼ਾਬ ਜਾਣਾ ਹੀ ਬੰਦ ਨਹੀਂ ਕਰ ਸਕਦੇ, ਸਗੋਂ ਉੱਚ ਜਾਤੀਏ ਅਧਿਆਪਕ ਉਹਨਾਂ ਦੇ ਕਹਿਣ ਵਿਰੁੱਧ ਵੋਟ ਪਾਉਣ ’ਤੇ ਸਰਕਾਰੀ ਸਕੂਲ ਦੇ ਸਟਾਫ਼ ਵਲੋਂ ਵੀ ਇਕ ਦਲਿਤ ਅਧਿਆਪਕ ਦਾ ਸ਼ੋਸ਼ਲ ਬਾਈਕਾਟ ਕਰਕੇ ਉਹਦੇ ਨਾਲ ਖਾਣਾ ਪੀਣਾ, ਬੋਲ ਚਾਲ ਬੰਦ ਕਰ ਸਕਦੇ ਸਨ।

ਕਦੇ ਕਦੇ ਮੈਨੂੰ ਵੀ ਇੰਝ ਜਾਪਣ ਲੱਗ ਪੈਂਦਾ ਸੀ ਕਿ ਨਾਨ ਟੀਚਿੰਗ ਸਟਾਫ ਵਿਚੋਂ ਹੋਣ ਕਰਕੇ ਟੀਚਿੰਗ ਸਟਾਫ ਵਾਲੇ ਅਧਿਆਪਕ ਮੈਨੂੰ ਵੀ ਆਪਣਾ ਸਟਾਫ ਮੈਂਬਰ ਨਹੀਂ ਸਮਝਦੇ। ਪਰ ਜਦ ਮੈਂ ਇਹ ਗੱਲ ਸਟਾਫ ਸੈਕਟਰੀ ਨਿਰਮਲ ਸਿੰਘ ਨਾਲ ਕਰਦਾ ਤਾਂ ਉਹ ਮੈਨੂੰ ਪੂਰਾ ਯਕੀਨ ਦੁਆਉਂਦਾ, “ਨਹੀਂ ਨਹੀਂ ਬਾਬੂ ਜੀ! ਇਹ ਤੁਹਾਡੀ ਗਲਤ ਫਹਿਮੀ ਹੈ, ਅਸੀਂ ਤੁਹਾਨੂੰ ਆਪਣਾ ਸਟਾਫ ਮੈਂਬਰ ਸਮਝਦੇ ਆ। ” ਸਟਾਫ ਵਿਚ ਲਾਉਣ ਬੁਝਾਉਣ ਚੱਕ ਥੱਲ ਕਰਨ ਵਾਲੇ ਹੁੰਦੇ ਹੀ ਹਨ। ਪੰ. ਸੁਰਿੰਦਰ ਚੰਦ ਨੇ ਮੇਰੇ ਵਿਰੁੱਧ ਸਟਾਫ਼ ਮੀਟਿੰਗ ਕਰਵਾ ਦਿੱਤੀ ਸੀ। ਹਿੰਦੀ ਦੀ ਅਧਿਆਪਕਾ ਰਾਜ ਬਾਲਾ ਨੇ ਖੜ੍ਹੀ ਹੋ ਕੇ ਕਿਹਾ ਸੀ, “ਦਫ਼ਤਰ ਮੈਂ ਆਓ ਤਬ ਵੀ ਚਾਇ, ਦਫਤਰ ਸੇ ਜਾਓ ਤਬ ਭੀ ਚਾਇ।”

ਅਸਲ ਵਿਚ ਮੇਰੇ ਕਮਰੇ ਵਿਚ ਦਿਨ ਵਿਚ ਨੂੰ ਕਈ ਵਾਰ ਚਾਹ ਆਉਂਦੀ ਸੀ। ਤਨਖਾਹ ਦੇ ਬਿੱਲ ਬਣਾਉਣ ਵੇਲੇ ਮੈਂ ਅਜੀਤ ਸਿੰਘ, ਡੀ. ਪੀ. ਆਈ. ਨੂੰ ਬੁਲਾ ਲੈਂਦਾ ਸਾਂ। ਜਦ ਕੋਈ ਅਧਿਆਪਕ ਆ ਕੇ ਆਖਦਾ ਕਿ ਇਸ ਮਹੀਨੇ ਉਹਦੀ ਤਰੱਕੀ ਲੱਗਣੀ ਹੈ, ਤਾਂ ਮੈਂ ਕਹਿ ਦਿੰਦਾ, “ਬਈ ਪਹਿਲਾਂ ਪੇ ਬਿੱਲ ਬਣਾਉਣ ਵਾਲੇ ਅਜੀਤ ਸਿੰਘ ਨੂੰ ਚਾਹ ਪਿਲਾਓ!” ਅਜੀਤ ਸਿੰਘ ਹੱਸੀ ਜਾਂਦਾ। ਮੇਰੇ ਯਾਦ ਨਹੀਂ ਸੀ ਆ ਰਿਹਾ ਕਿ ਇੰਦਾਂ ਹੀ ਮੈਥੋਂ ਰਾਜ ਬਾਲਾ ਨੂੰ ਚਾਹ ਪਿਲਾਉਣ ਲਈ ਕਹਿ ਹੋ ਗਿਆ ਹੋਣਾ।”

ਪਰ ਮੇਰੇ ਕੁਝ ਕਹਿਣ ਤੋਂ ਪਹਿਲਾਂ ਹੀ ਆਰ ਕੇ ਗੁਪਤਾ ਉੱਠਿਆ , “ਫ ਹ ਹ... ਆ ਅ ਅ।” ਉਹ ਆਦਤ ਅਨੁਸਾਰ ਗੱਲ੍ਹਾਂ ਵਿਚ ਹਵਾ ਭਰ ਕੇ ਫਸਾਕਾ ਜਿਹਾ ਮਾਰ ਕੇ ਹੱਸਦਿਆਂ ਹੋਇਆ ਬੋਲਿਆ, “ਅਸਲ ਵਿਚ ਮੈਡਮ ਨਿੱਜੀ ਰੀਲੇਸ਼ਨ ਤੇ ਦਫ਼ਤਰੀ ਰੀਲੇਸ਼ਨ ਨੂੰ ਖਲਤ ਮਲਤ , ਰਲ ਗੱਡ ਕਰ ਰਹੀ ਐ। ਬਾਬੂ ਜੀ ਦਾ ਆਪਣਾ ਬਲਬੀਰ ਦੀ ਦੁਕਾਨ ਤੋਂ ਚਾਹ ਦਾ ਮਹੀਨੇ ਦਾ ਪੈਂਤੀ ਚਾਲੀ ਰੁਪਏ ਬਿੱਲ ਆਉਂਦਾ। (ਉਦੋਂ ਚਾਹ ਦਾ ਕੱਪ ਅੱਠ ਆਨੇ ਦਾ ਸੀ।) ਉਹ ਚਾਹ ਸਾਨੂੰ ਕੋਲ ਬਹਿ ਕੇ...।”

ਸਾਰਾ ਸਟਾਫ਼ ਉੱਠਕੇ ਖੜਾ ਹੋ ਗਿਆ ਸੀ। ਜਿਵੇਂ ਸਟਾਫ ਮੈਂਬਰ ਆਉਣਾ ਹੀ ਨਹੀਂ ਚਾਹੁੰਦੇ ਸਨ। ਮੈਂ



ਸਟਾਫ ਸੈਕਟਰੀ ਨਿਰਮਲ ਸਿੰਘ ਨੂੰ ਇਕ ਪਾਸੇ ਬੁਲਾ ਕੇ ਕਿਹਾ ਸੀ, “ਸਟਾਫ ਮੀਟਿੰਗ ਕਰਨ ਤੋਂ ਪਹਿਲਾਂ ਤੂੰ ਮੈਡਮ ਰਾਜ ਬਾਲਾ ਨੂੰ ਮੇਰੇ ਰੂ ਬ ਰੂ ਕਰਵਾ ਦਿੰਦਾ। ਮੈਂ ਉਹਨੂੰ ਸਮਝਾ ਦੇਣਾ ਸੀ।”

ਪਰ ਰਾਜ ਬਾਲਾ ਮੇਰੇ ਕੋਲ ਆਪੇ ਮੀਟਿੰਗ ਵਿਚ ਆਉਣਾ ਹੀ ਨਹੀਂ ਸੀ ਚਾਹੁੰਦੀ। ਮੈਨੂੰ ਤਾਂ ਮਾ. ਸੁਰਿੰਦਰ ਚੰਦ ਚੁੱਕ ਚੁਕਾ ਕੇ ਲੈ ਆਇਆ। ਚਾਹ ਪਾਣੀ ਦੀ ਵੀ ਕੋਈ ਰਿਸ਼ਵਤ ਹੁੰਦੀ ਐ। ਮੰਗਵਾਓ ਜਿੰਨੇ ਕੱਪ ਚਾਹ ਦੇ ਮੰਗਵਾਉਣੇ ਐ।” ਉਹਨੇ ਹਿੱਕ ਠੋਕ ਕੇ ਮੇਰੀ ਗਵਾਹੀ ਰੱਖ ਦੇਣੀ। ਮੈਂ ਥੁਆਡੇ ਬਰਾਬਰ ਖੜਾਂਗੀ।” ਮੈਂ ਉਹਨੂੰ ਵਿਚ ਪਾ ਕੇ ਕਈ ਗਲਤ ਫਹਿਮੀਆਂ ਦੂਰ ਵੀ ਕਰਵਾਈਆਂ। ਕਈ ਸਮੱਸਿਆਵਾਂ ਹੱਲ ਵੀ ਕਰਵਾਈਆਂ।

ਉਂਝ ਵੀ ਰਾਜ ਬਾਲਾ ਦਬੰਗ ਇਸਤਰੀ ਸੀ। ਉਹਦੇ ਵਿਆਹ ਨੂੰ ਅੱਠ ਦਸ ਸਾਲ ਹੋ ਗਏ ਸਨ। ਪਰ ਉਹਦੀ ਕੁੱਖੋਂ ਕੋਈ ਔਲਾਦ ਪੈਦਾ ਨਹੀਂ ਸੀ ਹੋਈ। ਉਹ ਡਾਕਟਰੀ ਇਲਾਜ਼ ਕਰਵਾਉਣ ਦੇ ਨਾਲ ਨਾਲ ਸਾਧੂ, ਸੰਤਾਂ ਦੇ ਡੇਰਿਆਂ ’ਤੇ ਵੀ ਘੁੰਮਦੀ ਰਹਿੰਦੀ ਸੀ। ਇਕ ਵਾਰੀ ਸਾਡੇ ਸਕੂਲ ਦੇ ਮਾਸਟਰ ਬਲਦੀਪ ਸਿੰਘ ਨੇ ਉਹਨੂੰ ਖੰਨੇ ਕੋਲ ਇਕ ਕਰਨੀ ਵਾਲੇ ਸਾਧੂ ਦੇ ਡੇਰੇ ਦੀ ਦੱਸ ਪਾਈ। ਉਹ ਡੇਰੇ ਵਿਚ ਗਈ ਰਾਤ ਤੱਕ ਚੌਂਕੀ ਭਰਕੇ, ਬਲਦੀਪ ਸਿੰਘ ਦੇ ਘਰ ਹੀ ਰਾਤ ਰਹਿ ਪੈਂਦੀ ਸੀ। ਉਸੇ ਸਮੇਂ ਉਹਦੇ ਘਰ ਇਕ ਬੇਟੀ ਨੇ ਜਨਮ ਲਿਆ। ਤੇ ਸਟਾਫ ਵਿਚ ਹੁੰਦੀ ਖੁੰਢ ਚਰਚਾ ਵਿਚ ਉਹਦਾ ਨਾ ਬਲਦੀਪ ਸਿੰਘ ਨਾਲ ਜੁੜਨ ਲੱਗ ਪਿਆ ਸੀ। ਪਰ ਉਹ ਦਲੇਰ ਔਰਤ ਸਟਾਫ ਵਿਚ ਚੱਲਦੀਆਂ ਗੱਲਾਂ ਦਾ ਕੋਈ ਵਿਰੋਧ ਨਾ ਕਰਦੀ। ਹੱਸਦੀ ਦੱਸਦੀ ਗੱਲ ਮਜ਼ਾਕ ਵਿਚ ਉਡਾਈ ਜਾਂਦੀ ਸੀ।

ਫਿਰ ਕਿਸੇ ਗੱਲੋਂ ਰਾਜ ਬਾਲਾ ਤੇ ਬਲਦੀਪ ਸਿੰਘ ਦਾ ਝਗੜਾ ਹੋ ਗਿਆ ਸੀ। ਮੈਂ ਵੀ ਦੋਹਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ। ਪਰ ਸਕੂਲ ਵਿਚ ਉਹਨਾਂ ਦੀ ਆਪੋ ਵਿਚੀਂ ਤੂੰ ਤੂੰ-ਮੈਂ -ਮੈਂ ਹੁੰਦੀ ਰਹਿੰਦੀ ਸੀ। ਉਧਰ ਜਰਨੈਲ ਸਿੰਘ ਚੌਰਾ ਵੀ ਰਾਜ ਬਾਲਾ ਨਾਲ ਨੇੜਤਾ ਵਧਾਉਣ ਲੱਗ ਪਿਆ ਸੀ। ਰਾਜ ਬਾਲਾ ਉਹਦੇ ਬਹੁਤ ਕਹਿਣ ਤੇ ਜੈਂਟਸ ਸਟਾਫ ਦੇ ਸਾਹਮਣੇ ਉਹਦੇ ਨਾਲ ਹੱਥ ਮਿਲਾ ਲੈਂਦੀ ਸੀ। ਉਹ ਏਨੇ ਵਿਚ ਖੁਸ਼ ਹੋ ਜਾਂਦਾ ਸੀ। ਮੇਰੇ ਨਾਲ ਵੀ ਜਰਨੈਲ ਸਿੰਘ ਦਾ ਹਾਸਾ ਮਜ਼ਾਕ ਚਲਦਾ ਰਹਿੰਦਾ ਸੀ। ਮੈਂ ਉਹਨੂੰ ਛੇੜਦਾ, “ਓ ਚੌਰਿਆ! ਤੁਹਾਡੇ ਕੋਲੋਂ ਇਕ ਰਹਿੰਦ ਖੂਹਦ ਜਾਤੀ ਦਾ ਮਾਸਟਰ ਵੀ ਇਸ਼ਕ ਕਰਦਾ ਜਰਿਆ ਨੀ ਜਾਂਦਾ! ਤੁਸੀਂ ਉਹਦੇ ਨਾਲ ਵੀ ਝਗੜਾ ਕਰਵਾ ਦਿੱਤਾ। ਓ ਤੁਸੀਂ ਇਸ਼ਕ ਕਰਨ ’ਤੇ ਵੀ ਉੱਚੀ ਜਾਤੀ ਵਾਲਿਆਂ ਦਾ ਅਧਿਕਾਰ ਸਮਝਦੇ ਓ? ” ਉਹ ਹੱਸੀ ਜਾਂਦਾ। ਹਾਸਾ-ਮਜ਼ਾਕ ਚੱਲੀ ਜਾਂਦਾ ਸੀ।

ਪਰ ਸਾਡੇ ਸਕੂਲ ਤੇ ਅਧਿਆਪਕ ਨੇ ਕਿਸੇ ਛੋਟੀ ਜਾਤ ਦੇ ਮਾਸਟਰ ਦਾ ਇਸ਼ਕ ਕਰਨਾ ਤਾਂ ਕੀ ਜਰਨਾ ਸੀ, ਉਹ ਤਾਂ ਜੇ ਕਿਸੇ ਉੱਚੀ ਜਾਤੀ ਦੇ ਮਾਸਟਰ ਨਾਲੋਂ ਕਿਸੇ ਦਲਿਤ ਜਾਤੀ ਦੇ ਮਾਸਟਰ ਦਾ ਦਫ਼ਤਰੀ ਕੰਮ ਪਹਿਲਾਂ ਹੋ ਜਾਂਦਾ ਉਹ ਵੀ ਬਰਦਾਸ਼ਤ ਨਹੀਂ ਸਨ ਕਰਦੇ।

ਇਕ ਵਾਰੀ ਜੀ. ਪੀ. ਫੰਡ ਐਡਵਾਸ ਦਾ ਬਿੱਲ ਅੰਮ੍ਰਿਤ ਕੌਰ ਦਾ ਪਾਸ ਹੋ ਗਿਆ ਤੇ ਬਲਵੰਤ ਸਿੰਘ ਦੇ ਬਿੱਲ ਤੇ ਖਜ਼ਾਨੇ ਵਾਲਿਆਂ ਨੇ ਕੋਈ ਇਤਰਾਜ਼ ਲਾ ਦਿੱਤਾ ਸੀ। ਮੈਨੂੰ ਪਤਾ ਲੱਗਿਆ ਕਿ ਸਟਾਫ ਮੈਂਬਰ ਬੋਲ ਰਹੇ ਸਨ ਕਿ ਸੈਕਿੰਡ ਮਾਸਟਰ ਬਲਵੰਤ ਸਿੰਘ ਦਾ ਬਿੱਲ ਕਿਉਂ ਨੀ ਪਾਸ ਹੋਇਆ? ਜੇ ਬਲਵੰਤ ਸਿੰਘ ਨੂੰ ਪੈਸੇ ਦੀ ਬਹੁਤ ਜ਼ਰੂਰਤ ਸੀ ਉਹ ਮੈਨੂੰ ਆ ਕੇ ਦੱਸ ਦਿੰਦਾ, ਮੈਂ ਉਹਦਾ ਜੀ. ਪੀ. ਫੰਡ ਵਿਚੋਂ ਐਡਵਾਂਸ ਲੈਣ ਦਾ ਬਿਲ ਤੁਰੰਤ ਪਾਸ ਕਰਵਾ ਕੇ ਦੇ ਦਿੰਦਾ। ਪਰ ਉਹਨੇ ਤਾਂ ਸਟਾਫ਼ ਮੀਟਿੰਗ ਸੱਦ ਲਈ ਸੀ।

ਜੀ. ਪੀ. ਐਫ. ਫੰਡ ਦੇ ਬਿਲ ਬਾਰੇ ਤਾਂ ਉਹ ਕਹਿ ਨਹੀਂ ਸਨ ਸਕਦੇ। ਉਹ ਗਿ ਸੁਦਾਗਰ ਸਿੰਘ ਨੂੰ ਮੂਹਰੇ ਕਰਕੇ ਲੈ ਆਏ ਸਨ। ਉਹ ਬੋਲਿਆ, “ਬਾਬੂ ਜੀ! ਸਾਡਾ ਜੀ. ਪੀ. ਫੰਡ ਦਾ ਅਕਾਊਂਟ ਪੂਰਾ ਨੀ ਕੀਤਾ? ਸਾਡੀਆਂ ਜੀ. ਪੀ. ਐਫ. ਦੀਆਂ ਸਟੇਟਮੈਂਟਾਂ ਨੀ ਮਿਲੀਆਂ?? ” ਮੈਂ ਉਹਦੀ ਗੱਲ ਦਾ ਜਵਾਬ ਦਿੱਤਾ, “ਗਿਆਨੀ ਜੀ! ਕਈ ਅਧਿਆਪਕਾਂ ਦੇ ਅਕਾਉਂਟ ਪਿਛਲੇ ਸਕੂਲਾਂ ਤੋਂ ਨਹੀਂ ਆਏ। ਫਿਰ ਵੀ ਕਿਸੇ ਦਾ

ਜੀ. ਪੀ. ਫੰਡ ਵਿਚੋਂ ਐਡਵਾਂਸ ਲੈਣ ਦਾ ਕੰਮ ਤਾਂ ਨੀ ਰੁਕਿਆ।" ਉਹ ਉੱਚੀ ਉੱਚੀ ਕਹਿਣ ਲੱਗਿਆ, "ਸਾਡੀਆਂ ਤਾਂ ਜੀ. ਪੀ. ਫੰਡ ਦੀਆਂ ਸਟੇਟਮੈਂਟਾਂ ਹੁਣੇ ਮਿਲਣੀਆਂ ਚਾਹੀਦੀਆਂ? "

ਮੈਂ ਦੇਖ ਰਿਹਾ ਸੀ ਕਿ ਗਿ. ਸੁਦਾਗਰ ਸਿੰਘ ਤੋਂ ਬਿਨਾ ਕੋਈ ਵੀ ਅਧਿਆਪਕ ਬੋਲ ਨਹੀਂ ਸੀ ਰਿਹਾ। ਮੈਂ ਆਪਣੇ ਮਨ ਨਾਲ ਵਿਚਾਰ ਕੀਤਾ ਕਿ ਮੈਨੂੰ ਦਲਿਤ ਕਰਕੇ ਦਬਾਉਣ ਲਈ, ਹੁਣ ਇਹ ਕਾਸਟ ਦਾ ਪੱਤਾ ਵਰਤ ਰਹੇ ਹਨ। ਮੈਂ ਵੀ ਕਾਸਟ ਦਾ ਪੱਤਾ ਵਰਤਿਆ , "ਗਿਆਨੀ ਜੀ ! ਕਲ੍ਹ ਤੁਸੀਂ ਖੇੜੇ ਪਿੰਡ ਦੇ ਛੇਵੀਂ ਜਮਾਤ ਵਿਚ ਦਾਖਲ ਹੋਣ ਲਈ ਆਏ ਵਿਦਿਆਰਥੀ ਨੂੰ ਜਾਤੀ ਸੂਚਕ ਸ਼ਬਦ 'ਚੂਹੜਾ-ਚਮਾਰ' ਕਹਿ ਕੇ ਅਪਮਾਨਿਤ ਕਰਦੇ ਰਹੇ ਓ? "

"ਮੈਂ ਚਮਾਰ ਨੂੰ ਚੂਹੜੇ-ਚਮਾਰ ਹੀ ਕਹੂੰਗਾ... ਮੈਤੋਂ ਜਿਥੇ ਮਰਜ਼ੀ ਕਹਾ ਲਓ।" ਮੈਨੂੰ ਪਤਾ ਸੀ ਗਿਆਨੀ ਜੀ ਆਪਣੀ ਗੱਲ 'ਤੇ ਅੜਨਗੇ। ਮੈਂ ਉਹਨਾਂ ਨੂੰ ਨਿਮਰਤਾ ਨਾਲ ਕਿਹਾ," ਕੋਈ ਨੀ ਪਹਿਲਾਂ ਤੁਹਾਨੂੰ ਵਿਦਿਆਰਥੀਆਂ ਨੂੰ ਜਾਤੀ ਸੂਚਕ ਸ਼ਬਦ ਕਹਿਣ ਅਤੇ ਉਹਨਾਂ ਨੂੰ ਅਪਮਾਨਿਤ ਕਰਨ ਤੋਂ ਹੀ ਹਟਾਵਾਂਗੇ... ਫਿਰ ਤੈਨੂੰ ਜੀ ਪੀ ਫੰਡ ਦੀ ਸਟੇਟਮੈਂਟ ਇਸ਼ੂ ਕਰਾਂਗਾ। " ਏਨਾ ਆਖਦਿਆਂ ਮੈਂ ਸਟਾਫ ਮੀਟਿੰਗ ਵਿਚੋਂ ਉਠ ਕੇ ਖੜਾ ਹੋ ਗਿਆ, ਸਟਾਫ ਮੈਂਬਰ ਵੀ ਉੱਠ ਕੇ ਖੜ੍ਹੇ ਹੋ ਗਏ ਸਨ।

ਦੂਸਰੇ ਦਿਨ ਸਰਵਨ ਸਿੰਘ, ਆਰ. ਕੇ. ਗੁਪਤਾ, ਜਰਨੈਲ ਸਿੰਘ, ਨਿਰਮਲ ਸਿੰਘ, ਅਜੀਤ ਸਿੰਘ ਬਲਦੀਪ ਸਿੰਘ ਆਦਿ ਅਧਿਆਪਕ ਮੇਰੇ ਕਮਰੇ ਵਿਚ ਆ ਕੇ ਕੁਰਸੀਆਂ ਤੇ ਬਹਿ ਗਏ ਸਨ। ਜਰਨੈਲ ਸਿੰਘ ਨੇ ਗੱਲ ਛੇੜੀ, "ਬਾਬੂ ਜੀ ! ਹੁਣ ਇਸ ਸਮੱਸਿਆ ਦਾ ਕੀ ਹੱਲ ਹੋਵੇਗਾ? "

ਮੈਂ ਸੰਖੇਪ ਵਿਚ ਉੱਤਰ ਦਿੱਤਾ, "ਗਿਆਨੀ ਸੁਦਾਗਰ ਸਿੰਘ ਸਟਾਫ ਮੀਟਿੰਗ ਵਿਚ ਮਾਫੀ ਮੰਗ ਲਵੇ ਕਿ ਉਹ ਅੱਗੇ ਤੋਂ ਬੱਚਿਆਂ ਨੂੰ ਜਲੀਲ ਕਰਨ ਵਾਲੇ ਸ਼ਬਦ ਨਹੀਂ ਕਹਿਣਗੇ।"


ਜਰਨੈਲ ਸਿੰਘ ਹੱਸਕੇ ਕਹਿਣ ਲੱਗਿਆ, "ਤੈਨੂੰ ਤਾਂ ਪਤਾ ਈ ਐ ਸੁਦਾਗਰ ਸਿੰਘ ਆਕੜ ਖਾ ਬੰਦਾ ਐ। ਸਟਾਫ਼ ਮੀਟਿੰਗ ਸੱਦ ਲੈਂਦੇ ਆ। ਉਹਨੇ ਮਾਫੀ ਤਾਂ ਮੰਗਣੀ ਨੀ। ਮੈਂ ਸਭ ਦੇ ਸਾਹਮਣੇ ਉਹਦੇ ਚਾਰ ਮੁੱਕੇ ਜੜ ਦੇਣੇ ਐ। ਉਸ ਤੋਂ ਬਾਅਦ ਦੀ ਸਥਿਤੀ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਤੁਹਾਡੀ ਹੋਵੇਗੀ। " ਉਹਨੇ ਰਤਾ ਰੁਕ ਕੇ ਕਿਹਾ, "ਨਹੀਂ ਤਾਂ ਛੱਡੋ ਪਰ੍ਹਾਂ... ਉਹਨੇ ਦੋ ਚਾਰ ਮਹੀਨੇ ਤੱਕ ਰਿਟਾਇਰ ਹੋ ਜਾਣੈ। ਤਾਂ ਹੀ ਤਾਂ ਸਾਰਾ ਜੈਂਟਸ ਸਟਾਫ ਤੁਹਾਡੇ ਕੋਲ 'ਕੱਠਾ ਹੋ ਕੇ ਆਇਆ।"

ਮੈਂ ਸੋਚਿਆ ਸੁਰਿੰਦਰ ਸਿੰਘ ਮੁੱਖ ਅਧਿਆਪਕ ਅੱਜ ਛੁੱਟੀ 'ਤੇ ਹੈ, ਨਹੀਂ ਤਾਂ ਉਹਨੇ ਕੁਰਸੀ 'ਤੇ ਬੈਠਿਆ ਹੀ ਅੱਗੇ, ਪਿਛੇ ਨੂੰ ਖਿਸਕਦਿਆਂ ਦੋਵੇਂ ਹੱਥਾਂ ਨਾਲ ਕੁਰਤੇ ਦੇ ਕਾਲਰ ਠੀਕ ਕਰਦਿਆਂ ਤੇ ਲੰਮੀਆਂ ਲੰਮੀਆਂ ਬਾਹਾਂ ਉਪਰ ਨੂੰ ਚੁਕਦਿਆਂ ਹੱਸ ਹੱਸ ਕੇ ਲੋਟ ਪੋਟ ਹੁੰਦਿਆਂ ਕਹਿਣ ਲੱਗ ਪੈਣਾ ਸੀ, "ਓ ਬੱਲਿਆ... ਜਦ ਭਾਈਚਾਰਾ ਈ ਆ ਗਿਆ ਏ... ਮੰਗਵਾਓ ਮੇਰੇ ਵਲੋਂ ਸਾਰਿਆਂ ਲਈ ਚਾਹ।"

"ਫ...ਹ...ਸ...ਹ..ਹ ਅ ਅ।' ਗੁਪਤਾ ਜੀ ਗੱਲ੍ਹਾਂ ਫੁਲਾਕੇ ਹਾਸੇ ਦਾ ਫਸਾਕਾ ਜਿਹਾ ਮਾਰਦਿਆਂ ਕਹਿ ਰਹੇ ਹਨ, "ਛੁੱਟੀ ਹੋਣ ਵਾਲੀ ਐ... ਬਲਬੀਰ ਦੀ ਦੁਕਾਨ 'ਤੇ ਆ ਜਾਈਂ।"


**ਚਰਚਿਤ ਕਹਾਣੀਕਾਰ ਸਰੂਪ ਸਿਆਲਵੀ**
**ਦਾ ਨਵਾਂ ਕਹਾਣੀ ਸੰਗ੍ਰਹਿ**

**ਕਾਲ ਕਾਲਾਂਤਰ**







## ਪੁਸਤਕ ਪੜਚੋਲ/ ਭਗਵੰਤ ਰਸੂਲਪੁਰੀ




**ਬੁੱਢਾ ਤੇ ਸਮੁੰਦਰ (ਨਾਵਲ)**

**ਲੇਖਕ : ਅਰਨੈਸਟ ਹੈਮਿੰਗਵੇ,**

**ਅਨੁਵਾਦ, ਡਾ. ਬਲਦੇਵ ਸਿੰਘ 'ਬੱਦਨ'**

**ਪ੍ਰਕਾਸ਼ਕ : ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ**


**ਮੁੱਲ : 200 ਰੁਪਏ, ਪੰਨੇ : 113**

'ਬੁੱਢਾ ਤੇ ਸਮੁੰਦਰ ' ਨੋਬਲ ਪੁਰਸਕਾਰ ਨਾਲ ਸਨਮਾਨਿਤ ਵਿਸ਼ਵ ਪ੍ਰਸਿੱਧ ਨਾਵਲ ਹੈ। ਮੁੱਲਵਾਨ ਰਚਨਾ ਨੂੰ ਪੰਜਾਬੀ ਪਾਠਕਾਂ ਤੱਕ ਡਾ. 'ਬੱਦਨ' ਨੇ ਬੜੀ ਮਿਹਨਤ ਨਾਲ ਅਨੁਵਾਦ ਕਰਕੇ ਪਹੁੰਚਾਇਆ ਹੈ। ਕਈ ਵਾਰ ਇਸ ਤਰ੍ਹਾਂ ਵੀ ਹੋ ਜਾਂਦਾ ਹੈ ਕਿ ਮੁੱਲਵਾਨ ਰਚਨਾ ਦਾ ਜਦੋਂ ਅਨਾੜੀ ਅਨੁਵਾਦਕ ਅਨੁਵਾਦ ਕਰਦਾ ਹੈ ਤਾਂ ਚੰਗੀ ਭਲੀ ਰਚਨਾ ਦਾ ਨਾਸ ਮਾਰ ਦਿੰਦਾ ਹੈ। ਪ੍ਰੰਤੂ ਡਾ. ਬਲਦੇਵ ਸਿੰਘ ਇਕ ਹੰਢੇ ਹੋਏ ਅਨੁਵਾਦਕ ਹਨ, ਆਪਣੀ ਕਲਾ ਦਾ ਲੋਹਾ ਉਨ੍ਹਾਂ ਇਸ ਰਚਨਾ ਨੂੰ ਪੰਜਾਬੀ ਟੱਚ ਦੇ ਮੁਹਾਵਰੇ ਨਾਲ ਅਨੁਵਾਦ ਕਰਕੇ ਮੰਨਵਾਇਆ ਹੈ। ਪੜ੍ਹਦਿਆਂ ਨਿਰੋਲ ਪੰਜਾਬੀ ਦਾ ਨਾਵਲ ਲੱਗਦਾ ਹੈ ਇਹੀ ਅਨੁਵਾਦ ਦੀ ਸਫ਼ਲਤਾ ਹੁੰਦੀ ਹੈ।

ਪੰਜਾਬੀ ਪਾਠਕਾਂ ਅਤੇ ਨਾਵਲਕਾਰਾਂ ਲਈ ਇਸ ਨਾਵਲ ਦਾ ਵਿਸ਼ਾ ਬਿਲਕੁਲ ਨਵਾਂ ਹੈ। ਪਾਠਕ ਇਹ ਨਾਵਲ ਤਾਜਗੀ ਦੇਵੇਗਾ ਜਿਹੜੇ ਇਕੋ ਤਰ੍ਹਾਂ ਦੀਆਂ ਘਸੇ ਹੋਏ ਵਿਸ਼ਿਆ ਬਾਰੇ ਵਾਰ ਵਾਰ ਰਚਨਾਵਾਂ ਪੜ੍ਹ ਕੇ ਅੱਕੇ ਹੋਏ ਹਨ। ਇਹ ਨਾਵਲ 1952 ਵਿਚ ਲਿਖਿਆ ਗਿਆ। ਨਾਵਲ ਵਿਚ ਕਿਊਬਾ ਦੇ ਇਕ ਬੁੱਢੇ ਮਛੇਰੇ ਸੇਂਤਿਆਗੋ ਦੀ ਕਹਾਣੀ ਹੈ ਜਿਹੜਾ ਸਮੁੰਦਰ ਵਿਚ ਰਹਿ ਕੇ ਇਕ ਬਹੁਤ ਹੀ ਵੱਡੀ ਮੱਛੀ ਨਾਲ ਲੜਦਾ ਹੋਇਆ ਆਪਣੀ ਦਲੇਰੀ ਤੇ ਸਾਹਸ ਨਹੀਂ ਛੱਡਦਾ। ਅਤੇ ਨਾ ਹੀ ਉਹਦੇ ਅੱਗੇ ਹਾਰਦਾ ਹੈ। ਨਾਵਲ ਬੜੀ ਤੇਜ਼ੀ ਨਾਲ ਚੱਲਦਾ ਹੈ। ਨਿੱਕੇ ਜਿਹੇ ਨਾਵਲ ਵਿਚ ਲੇਖਕ ਨੇ ਬਹੁਤ ਵੱਡਾ ਵਿਸ਼ਾ ਲਿਆ ਹੈ। ਬੁੱਢੇ ਦੀ ਮਨੋਵਿਗਿਆਨਿਕ ਸਥਿਤੀ ਨੂੰ ਹੈਮਿੰਗਵੇ ਨੇ ਬੜੀ ਬਰੀਕੀ ਨਾਲ ਫੜਿਆ ਹੈ। ਜਿਹੜਾ ਕਿ ਬਿਨਾ ਕਿਸੇ ਲਾਭ ਦੇ ਜ਼ਿੰਦਗੀ ਤੋਂ ਹਾਰਦਾ ਨਹੀਂ ਅਤੇ ਜਿੱਤ ਕੇ ਪਾਠਕ ਨੂੰ ਇਹ ਸੰਦੇਸ਼ ਦਿੰਦਾ ਹੈ ਕਿ ਮਨੁੱਖੀ ਫਿਤਰਤ ਹਾਰ ਕਦੇ ਵੀ ਨਹੀਂ ਸਵੀਕਾਰਦੀ। ਮਨੁੱਖ ਨੂੰ ਖਤਮ ਤਾਂ ਕੀਤਾ ਜਾ ਸਕਦਾ ਹੈ ਪਰ ਹਰਾਇਆ ਨਹੀਂ ਇਸ ਕੇਂਦਰੀ ਨੁਕਤੇ 'ਤੇ ਸਾਰਾ ਨਾਵਲੀ ਬਿਰਤਾਂਤ ਘੁੰਮਦਾ ਹੈ। ਬੁੱਢੇ ਮਛਿਆਰੇ ਅਤੇ ਇਕ ਮੁੰਡੇ ਦੇ ਸੰਵਾਦ ਨਾਲ ਨਾਵਲ ਸ਼ੁਰੂ ਹੁੰਦਾ ਹੈ। ਬੁੱਢੇ ਮਛਿਆਰੇ ਨੂੰ ਸਮੁੰਦਰ ਬਾਰੇ ਅਤੇ ਮੱਛੀਆਂ ਬਾਰੇ, ਬਹੁਤ ਬਰੀਕ ਜਾਣਕਾਰੀ ਹੈ। ਸਮੁੰਦਰ ਦੇ ਸੁਭਾ ਬਾਰੇ ਅਤੇ ਔਕੜਾ ਬਾਰੇ ਵੀ ਉਹ ਜਾਣਦਾ ਹੈ। ਪਰ ਇਸ ਦੇ ਬਾਵਜੂਦ ਵੀ ਉਹ ਮੁਸੀਬਤਾ ਦਾ ਸਾਹਮਣਾ ਕਰਦਾ ਹੋਇਆ ਜਿੱਤ ਪ੍ਰਾਪਤ ਕਰਦਾ ਹੈ। ਜਦੋਂ ਇਕ ਵੱਡੀ ਮੱਛੀ ਬੁੱਢੇ ਦੇ ਜਾਲ਼ ਵਿਚ ਫਸ ਜਾਂਦੀ ਹੈ ਤਾਂ ਬੁੱਢੇ ਨੂੰ ਖਤਰਾ ਮਹਿਸੂਸ ਹੁੰਦਾ ਹੈ ਉਹ ਸੋਚਦਾ ਹੈ ਕਾਸ਼ ਮੁੰਡਾ ਇਸ ਵੇਲੇ ਮੇਰੇ ਨਾਲ ਹੁੰਦਾ। ਮੱਛੀ ਉਸ ਦੀ ਕੁੰਡੀ ਖਿੱਚਦੀ ਮਹਿਸੂਸ ਹੁੰਦੀ ਹੈ। ਸਾਰਕ ਮੱਛੀ ਨਾਵਲ ਵਿਚ ਗੁੰਝਲ ਅਤੇ ਮੁਸੀਬਤ ਪੈਦਾ ਕਰ ਦਿੰਦੀ ਹੈ। ਜਿਹੜੀ ਮੱਛੀ ਉਹ ਸਮੁੰਦਰ ਦੇ ਵਿਚਕਾਰ ਜਾ ਕੇ ਫੜਦਾ ਹੈ ਉਸ ਅੱਧੀ ਮੱਛੀ ਨੂੰ ਸ਼ਾਰਕ ਖਾ ਜਾਂਦੀ ਹੈ। ਬਾਕੀ ਬਚੀ ਦੇ ਮਗਰ ਵੀ ਹੋਰ ਸ਼ਾਰਕ ਮੱਛੀਆਂ ਲੱਗਦੀਆਂ

ਹਨ ਇਸ ਦੌਰਾਨ ਹੀ ਬੁੱਢਾ ਮਛੇਰਾ ਉਨ੍ਹਾਂ ਦਾ ਮੁਕਾਬਲਾ ਕਰਦਾ ਹੈ ਸਾਰਕਾਂ ਨਾਲ ਲੜਦਿਆਂ ਹੋਇਆ ਹੀ ਸਮੁੰਦਰ ਵਿਚ ਰਾਤ ਪੈ ਜਾਂਦੀ ਹੈ। ਪਰ ਉਹ ਹੌਸਲਾ ਨਹੀਂ ਛੱਡਦਾ ? ਬੁੱਢਾ ਤੱਟ ’ਤੇ ਇਕ 18 ਫੁੱਟ ਮੱਛੀ ਤਾਂ ਫੜ ਕੇ ਨਹੀਂ ਲਿਆ ਸਕਿਆ ਪਰ ਉਸ ਦਾ ਪਿੰਜਰ ਲੈ ਆਉਂਦਾ ਹੈ। ਜਿਸ ਨੂੰ ਦੇਖ ਕੇ ਹੋਰ ਮਛੇਰੇ ਹੈਰਾਨ ਹੁੰਦੇ ਹਨ। ਬੁੱਢਾ ਮਛੇਰਾ ਡੂੰਘੀ ਰਾਤ ਗਈ ਆਪਣੀ ਝੌਂਪੜੀ ਵਿਚ ਪਰਤਦਾ ਹੈ। ਬੁੱਢਾ ਭਾਵੇਂ ਸਾਰਕ ਮੱਛੀਆਂ ਹੱਥੋਂ ਹਾਰ ਜਾਂਦਾ ਹੈ ਮੱਛੀ ਲਿਆਉਣ ਵਿਚ ਕਾਮਯਾਬ ਨਹੀਂ ਹੁੰਦਾ ਪਰ ਨਾਵਲ ਦੇ ਅੰਤ ਵਿਚ ਫਿਰ ਸ਼ੇਰਾਂ ਦੇ ਸੁਪਨੇ ਲੈਂਦਾ ਹੈ। ਹੈਮਿੰਗਵੇ ਦਾ ਇਹ ਬੱਝਵਾਂ ਪ੍ਰਭਾਵ ਪਾਉਣ ਵਾਲਾ ਦੇਰ ਤੀਕ ਜਿਉਂਦਾ ਰਹਿਣ ਵਾਲਾ ਨਾਵਲ ਹੈ ਜਿਸ ਨੂੰ ਹਰ ਪੰਜਾਬੀ ਦੇ ਨਾਵਲਕਾਰ ਨੂੰ ਪੜ੍ਹਨ ਦੀ ਸਲਾਹ ਮੈਂ ਦਿੰਦਾ ਹਾਂ।


**ਭਗਤ ਸਿੰਘ ਦੇ ਸਿਆਸੀ ਦਸਤਾਵੇਜ਼**
**(ਸੰਪਾਦਤ ਪ੍ਰੋ. ਚਮਨ ਲਾਲ)**
**ਪ੍ਰਕਾਸ਼ਕ : ਨੈਸ਼ਨਲ ਬੁਕ ਟਰੱਸਟ, ਇੰਡੀਆ**
**ਮੁੱਲ : 110 ਰੁਪਏ, ਪੰਨੇ : 215**




ਪ੍ਰਸਿੱਧ ਚਿੰਤਕ ਅਤੇ ਲੋਕ ਪੱਖੀ ਲਿਖਤਾਂ ਨੂੰ ਸਾਂਭਣ ਅਤੇ ਸੰਪਾਦਤ ਕਰਨ ਵਾਲੇ ਵਿਦਵਾਦ ਡਾ. ਚਮਨ ਲਾਲ ਵਲੋਂ ਸੰਪਾਦਤ ਇਹ ਬਹੁਤ ਹੀ ਅਹਿਮ ਪੁਸਤਕ ਹੈ। ਇਸ ਵਿਚ ਉਸ ਨੇ ਭਗਤ ਸਿੰਘ ਦੀਆਂ ਬਹੁਤ ਹੀ ਅਹਿਮ ਲਿਖਤਾਂ ਨੂੰ ਪੇਸ਼ ਕੀਤਾ ਹੈ ਨਾਲ ਹੀ ਉਸ ਨੇ ਭਗਤ ਸਿੰਘ ਦੀਆਂ ਹੱਥ ਲਿਖਿਤ ਚਿੱਠੀਆਂ ਨੂੰ ਪੁਸਤਕ ਵਿਚ ਸਾਮਲ ਕਰਕੇ ਦਸਤਾਵੇਜ਼ੀ ਪੁਸਤਕ ਬਣਾ ਦਿੱਤਾ ਹੈ। ਭਗਤ ਸਿੰਘ ਸਾਡੇ ਸਾਮਿਆਂ ਦਾ ਵਿਚਾਰਕ, ਚਿੰਤਕ ਅਤੇ ਵੱਡਾ ਦੇਸ਼ ਭਗਤ ਉਭਰ ਕੇ ਸਾਹਮਣੇ ਆਇਆ ਹੈ। ਜਿਸ ਨੇ ਭਾਰਤੀ ਕੌਮ ਦਾ ਫ਼ਿਕਰ ਅਨੇਕਾਂ ਲੇਖਾਂ ਰਾਹੀਂ ਕੀਤਾ ਹੈ। ‘ਅਛੂਤ ਦਾ ਸਵਾਲ’ ਭਾਰਤੀ ਸਮਾਜਿਕ ਦਰਜਾਬੰਦੀ ਨੂੰ ਸਮਝਣ ਵਾਲਾ ਬਹੁਤ ਹੀ ਅਹਿਮ ਲੇਖ ਹੈ ਜਿਸ ਮੁੱਦੇ ਉੱਤੇ ਅੱਜ ਕੌਮੀ ਬਹਿਸ ਛਿੜੀ ਹੋਈ ਹੈ ਕਿ ਅਛੂਤ ਜਾਂ ਦਲਿਤ ਦੀ ਭਾਰਤ ਵਿਚ ਕਿਹੋ ਜਿਹੀ ਸਥਿਤੀ ਹੈ। ਜਾਤੀ ਤੌਰ ਤੇ ਉਸ ਨੂੰ ਕਿਵੇਂ ਨਪੀੜਿਆਂ ਜਾ ਰਿਹਾ ਹੈ। ਇਸ ਲੇਖ ਵਿਚ ਇਕ ਥਾਂ ਲਿਖਦਾ ਹੈ ਕਿ ਭਗਤ ਸਿੰਘ ‘ਆਦਿ ਧਰਮ ਮੰਡਲ’ ਦੇ ਰੂਪ ਵਿਚ ਅਛੂਤਾਂ ਨੂੰ ਵੱਖਰੇ ਤੌਰ ਤੇ ਇਕੱਠੇ ਕਰਨ ਲਈ ਸਰਕਾਰੀ ਆਦਮੀਆਂ ਦਾ ਹੱਥ ਵੀ ਕਾਫੀ ਹੱਦ ਤੱਕ ਸੀ। ਇਸ ਗੱਲ ਨਾਲ ਬਿਲਕੁਲ ਸਹਿਮਤ ਨਹੀਂ ਹੋਇਆ ਜਾ ਸਕਦਾ ਇਹ ਉਨ੍ਹਾਂ ਸਮੂਹ ਲੋਕਾਂ ਦੀ ਅਵਾਜ਼ ਵਿਚੋਂ ਨਿਕਲਿਆ ਸੀ ਜਿਨ੍ਹਾਂ ਨੂੰ ਪੈਰ ਪੈਰ ਤੇ ਉੱਚ ਜਾਤੀ ਦੇ ਲੋਕਾਂ ਨੇ ਜਾਤੀ ਤੌਰ ਤੇ ਜਲੀਲ ਕੀਤਾ ਸੀ। ਜੇ ਆਦਿ ਧਰਮ ਮੰਡਲ ਨੂੰ ਸਰਕਾਰੀ ਸਰਪ੍ਰਸਤੀ ਮਿਲਦੀ ਤਾਂ 25 ਕੁ ਸਾਲਾਂ ਬਾਅਦ ਦਮ ਨਾ ਤੋੜਦਾ। ਬਹਰਹਾਲ ਇਹ ਮੁੱਦਾ ਉਂਝ ਦਾ ਉਂਝ ਹੈ। ਪੁਸਤਕ ਵਿਚ ਅੰਤਰਰਾਸਟਰੀ ਚਿੰਤਨ ਨੂੰ ਉਭਾਰਨ ਵਾਲੇ ਲੇਖ ਵੀ ਦਰਜ ਹਨ। ਪੁਸਤਕ ਦਾ ਸਭ ਤੋਂ ਅਹਿਮ ਹਿਸਾ ਜੇਲ੍ਹ ਵਿੱਚ ਲਿਖੀਆਂ ਲਿਖਤਾਂ ਦਾ ਹੈ। ਜਿਸ ਰਾਹੀਂ ਉਸਦੀ ਦ੍ਰਿਸ਼ਟੀ ਉੱਭਰ ਕੇ ਸਾਹਮਣੇ ਆਉਂਦੀ ਹੈ। ਪੁਸਤਕ ਦੇ ਅੰਤ ਵਿਚ ਡਾ. ਚਮਨ ਲਾਲ ਨੇ ਭਗਤ ਸਿੰਘ ਦੇ ਕੁਝ ਦੁਰਲੱਭ ਦਸਤਾਵੇਜ਼ ਵੀ ਦਿੱਤੇ ਹਨ, ਜਿਹੜੇ ਕਿ ਉਨ੍ਹਾਂ ਨਹਿਰੂ ਯਾਦਗਾਰੀ ਅਜਾਇਬਘਰ ਅਤੇ ਲਾਇਬ੍ਰੇਰੀ ਵਿਚੋਂ ਪ੍ਰਾਪਤ ਕੀਤੇ ਹਨ। ਇਨ੍ਹਾਂ ਖ਼ਤਾਂ ਰਾਹੀਂ ਵੀ ਭਗਤ ਸਿੰਘ ਦੀ ਸਿਆਸੀ ਦ੍ਰਿਸ਼ਟੀ ਦਾ ਪਤਾ ਲੱਗਦਾ ਹੈ। ਪੁਸਤਕ ਬਹੁਤ ਅਹਿਮ ਹੈ। ਇਸ ਯਤਨ ਲਈ ਟਰੱਸਟ ਅਤੇ ਚਮਨ ਲਾਲ ਵਧਾਈ ਦਾ ਹੱਕਦਾਰ ਹੈ।




**ਵਿਸਰ ਰਿਹਾ ਪੰਜਾਬੀ ਵਿਰਸਾ (ਸੁਲੱਖਣ ਸਰਹੱਦੀ )**
**ਪ੍ਰਕਾਸ਼ਕ : ਨੈਸ਼ਨਲ ਬੁਕ ਟਰੱਸਟ,ਇੰਡੀਆ**




ਟਰੱਸਟ ਵਲੋਂ ਸਥਾਪਿਤ ਵਿਸ਼ੇਸ਼ ਪੰਜਾਬੀ ਸੈੱਲ ਮੂਲ ਪੰਜਾਬੀ ਪੁਸਤਕ ਵੀ ਪ੍ਰਕਾਸ਼ਤ ਕਰਦਾ ਹੈ ਇਸ ਅਧੀਨ ਭਾਰਤ ਦੀ ਲੋਕਧਾਰਾ ਅਧੀਨ ਸੁਲੱਖਣ ਸਰਹੱਦੀ ਹੁਰਾਂ ਦੀ ਪੁਸਤਕ ‘ਵਿਸਰ ਰਿਹਾ ਪੰਜਾਬੀ ਵਿਰਸਾ’ ਬਦਲ ਰਹੇ ਪੰਜਾਬੀ ਸਭਿਆਚਾਰ ਨੂੰ ਬਿਆਨ ਕਰਦੀ ਹੈ। ਸਮੇਂ ਦੇ ਬੀਤਣ ਨਾਲ ਹਰ ਸਮਾਜ ਦਾ ਸਭਿਆਚਾਰ ਬਦਲਦਾ ਰਹਿੰਦਾ ਹੈ। ਇਹ ਸੁਭਾਵਿਕ ਪ੍ਰਵਿਰਤੀ ਹੈ। ਜਿਸ ਵੱਲ ਆਮ ਜਨ ਸਧਾਰਨ ਮਨੁੱਖ ਦਾ ਬਹੁਤਾ ਧਿਆਨ ਨਹੀਂ ਜਾਂਦਾ। ਜਦੋਂ ਇਸ ਬਾਰੇ ਖੋਜ ਕੀਤੀ ਜਾਵੇ ਤਾਂ ਹੈਰਾਨ ਕਰਨ ਵਾਲੇ ਅੰਕੜੇ ਮਿਲਦੇ ਹਨ। ਪੰਜਾਬੀ ਦੇ ਸਭਿਆਚਾਰ ਵਿਚ ਪੁਰਾਣੇ ਪੰਜਾਬ ਦੇ ਘਰ, ਮਸ਼ੀਨਾਂ, ਕਾਰਖਾਨੇ, ਕੰਮ ਧੰਦੇ, ਵਿਆਹ ਦੀਆਂ ਰੀਤਾ, ਪਹਿਰਾਵੇ, ਗਹਿਣੇ, ਖਾਣੇ, ਖੇਤੀਬਾੜੀ ਸਬੰਧੀ ਵਸਤਾਂ, ਧਰਮ, ਵਹਿਮ ਅਤੇ ਹੋਰ ਬਹੁਤ ਸਾਰੇ ਕਾਰਜ, ਪ੍ਰਸੰਗ ਅਤੇ ਬਣਤਰ ਜਿਹੜੀ ਕਿ ਕਾਫੀ ਬਦਲ ਗਏ ਹਨ ਨੂੰ ਲੇਖਨ ਨੇ ਆਪਣੇ ਵਿਸ਼ਲੇਸ਼ਣ ਦਾ ਸਾਧਨ ਬਣਾਇਆ ਹੈ। ਵਿਸ਼ਵੀਕਰਨ ਦੇ ਦੌਰ ਵਿਚ ਹਰ ਖਿੱਤੇ ਦਾ ਸਭਿਆਚਾਰ ਬਦਲਿਆ। ਇਹ ਵਰਤਾਰਾ ਸੁਭਾਵਿਕ ਹੈ। ਇਨ੍ਹਾਂ ਸਾਰੇ ਪ੍ਰਸੰਗਾਂ ਨੂੰ ਸਰਹੱਦੀ ਨੇ ਵਾਚਿਆ ਹੈ। ਉਸ ਦੇ ਵਿਸਲੇਸ਼ਣ ਵਿਚ ਰੁਦਨ ਵੀ ਹੈ ਕਿ ਪੰਜਾਬੀਆਂ ਦਾ ਪੁਰਾਣਾ ਵਿਰਸਾ ਮਰ ਰਿਹਾ ਹੈ। ਪੁਰਾਣੀ ਪੀੜ੍ਹੀ ਦੇ ਮਨੁੱਖ ਲਈ ਇਹ ਰੁਦਨ ਸੁਭਾਵਕ ਵੀ ਹੈ , ਇਹ ਪੰਜਾਬੀ ਵਿਰਸੇ ਦਾ ਬਦਲਾਅ ਪੰਜਾਬ ਦੀ ਤਰੱਕੀ ਦਾ ਸੂਚਕ ਵੀ ਹੈ। ਪੁਸਤਕ ਵਿਚ ਸਰਹੱਦੀ ਨੇ ਵਿਸਰ ਰਹੇ ਪੰਜਾਬੀ ਸੱਭਿਆਚਾਰ ਦੇ 420 ਦੇ ਕਰੀਬ ਚਿਹਨਾਂ ਦੀ ਪਛਾਣ ਕੀਤੀ ਹੈ ਜਿਹੜੀ ਹੁਣ ਸਾਡੇ ਸੱਭਿਆਚਾਰ ਵਿਚ ਅਲੋਪ ਹੋ ਗਏ ਹਨ। ਇਹ ਵੀ ਬਹੁਤ ਵੱਡੀ ਗੱਲ ਹੈ। ਸਰਹੱਦੀ ਨੇ ਪੰਜਾਬੀ ਕਲਚਰ ’ਤੇ ਨਿੱਠ ਕੇ ਸਮੱਗਰੀ ਇਕੱਠੀ ਕੀਤੀ ਹੈ। ਉਸ ਦੇ ਇਸ ਕਾਰਜ ਦਾ ਭਵਿੱਖ ਵਿਚ ਨਿੱਗਰ ਮੁੱਲ ਪਵੇਗਾ।

**ਸੰਤ ਗੁਰੂ ਰਵਿਦਾਸ (ਧਰਮਪਾਲ ਸਿੰਗਲ)**
**ਪ੍ਰਕਾਸ਼ਕ ਨੈਸ਼ਨਲ ਬੁਕ ਟਰੱਸਟ,ਇੰਡੀਆ**





ਵਿਦਵਾਨ ਵਿਚਾਰਕ ਧਰਮਪਾਲ ਸਿੰਗਲ ਵਲੋਂ ਤਿਆਰ ਕੀਤੀ ਪੁਸਤਕ ‘ਸੰਤ ਗੁਰੂ ਰਵਿਦਾਸ’ ਗੁਰੂ ਰਵਿਦਾਸ ਦੇ ਲੋਕ ਪੱਖੀ ਮਾਨਵਵਾਦੀ ਬਿੰਬ ਨੂੰ ਉਭਾਰਨ ਵਾਲੀ ਨਿਵੇਕਲੀ ਪੁਸਤਕ ਹੈ। ਗੁਰੂ ਰਵਿਦਾਸ ਦੀ ਜੀਵਨੀ ਲਿਖਣ ਲਈ ਸਿੰਗਲ ਨੇ ਇਤਿਹਾਸਕ ਗਲਪੀ ਜੁਗਤ ਨੂੰ ਵਰਤਿਆ ਹੈ। ਉਹ ਘਟਨਾਵਾਂ ਤੇ ਪ੍ਰਸੰਗਾਂ ਨੂੰ ਇਸ ਤਰ੍ਹਾਂ ਜੋੜਦਾ ਹੈ ਕਿ ਬਿਰਤਾਂਤ ਖੰਡਤ ਨਹੀਂ ਹੁੰਦਾ ਪ੍ਰਸੰਗਾਂ ਨੂੰ ਕੜੀ ਵਜੋਂ ਕਲਪਨਿਕ ਦ੍ਰਿਸ਼ ਮੰਡਲ ਉਸਾਰਦਾ ਹੈ, ਜਿਹੜਾ ਕਿ ਪਾਠਕ ਦੇ ਮਨ ਵਿਚ ਦ੍ਰਿਸ਼ ਚਿੱਤਰ ਉਸਾਰ ਦਿੰਦਾ ਹੈ। ਨਿਮਨ ਜਾਤ ਵਿਚ ਜਨਮੇ ਗੁਰੂ ਰਵਿਦਾਸ ਆਪਣੇ


ਸਮਾਜ ਨੂੰ ਉੱਚਾ ਚੁੱਕਣ ਲਈ ਅਤੇ ਉਨ੍ਹਾਂ ਦਾ ਸਮਾਜ ਵਿਚ ਰੁਤਬਾ ਬਾਕੀ ਜਾਤਾਂ ਦੇ ਬਰਾਬਰ ਕਰਨ ਲਈ ਬੇਗਮਪੁਰੇ ਦਾ ਸੰਕਲਪ ਦਿੰਦੇ ਹਨ, ਉਨ੍ਹਾਂ ਵੱਲੋਂ ਰਚੀ ਬਾਣੀ ਦੇ ਪ੍ਰਸੰਗ ਵਿਚ ਸਿੰਗਲ ਬਿਰਤਾਂਤ ਸਿਰਜਦਾ ਹੈ।

**ਬੱਚੇ ਜਿਨ੍ਹਾਂ ਨੇ ਕਮਾਲ ਕੀਤਾ (ਲੇਖਕ ਤੰਗਾਮਣੀ)**

**ਪ੍ਰਕਾਸ਼ਕ ਨੈਸ਼ਨਲ ਬੁਕ ਟਰੱਸਟ,ਇੰਡੀਆ**




ਤੰਗਾਮਣੀ ਵੱਲੋਂ ਵੱਡੇ ਬੱਚਿਆਂ ਨੂੰ ਧਿਆਨ ਵਿਚ ਰੱਖ ਕੇ ਲਿਖੀ ਗਈ ਪੁਸਤਕ 'ਬੱਚੇ ਜਿਨ੍ਹਾਂ ਨੇ ਕਮਾਲ ਕੀਤਾ' ਜਿਸ ਦਾ ਅਨੁਵਾਦ ਕਹਾਣੀਕਾਰ ਜਿੰਦਰ ਨੇ ਕੀਤਾ ਹੈ। ਵਿਚ ਉਨ੍ਹਾਂ ਮਹਾਨ ਸ਼ਖ਼ਸੀਅਤਾ ਦੇ ਪ੍ਰਸੰਗਾਂ ਨੂੰ ਗਲਪੀ ਜੁਗਤ ਨਾਲ ਢਾਲਿਆ ਹੈ ਜਿਨ੍ਹਾਂ ਵਿਚ ਅ-ਸਾਧਾਰਨ ਪ੍ਰਤਿਬਾ ਬਚਪਨ ਵਿਚ ਹੀ ਦੇਖਣ ਨੂੰ ਮਿਲੀ। ਉਹ ਬੱਚੇ ਕਿਵੇਂ ਵੱਡੇ ਹੋ ਕੇ ਆਪਣੇ ਆਪਣੇ ਖੇਤਰ ਵਿਚ ਵਿਲੱਖਣ ਹੋਏ, ਪ੍ਰਸਿੱਧ ਹੋਏ ਉਨ੍ਹਾਂ ਦੀ ਕਹਾਣੀ ਹੈ ਲੇਖਕ ਨੇ ਇਨ੍ਹਾਂ ਦੀਆਂ ਜੀਵਨੀਆਂ ਮਨੋਵਿਗਿਆਨ ਦ੍ਰਿਸ਼ਟੀ ਤੋਂ ਸਿਰਜੀਆਂ ਹਨ। ਇਨ੍ਹਾਂ ਮਹਾਨ ਸ਼ਖ਼ਸੀਅਤ ਵਿਚ ਇਕ ਸਾਂਝਾ ਸੂਤਰ ਇਹ ਦੇਖਣ ਨੂੰ ਮਿਲਦਾ ਹੈ ਕਿ ਇਹ ਲੋਕ ਦੁੱਖਾਂ, ਸ਼ੰਕਾਵਾਂ, ਸੁਪਨਿਆਂ, ਖ਼ਾਹਿਸ਼ਾਂ ਅਤੇ ਚਾਹਤਾਂ ਆਦਿ 'ਚ ਫਸੇ ਬਾਕੀ ਬੱਚਿਆਂ ਨਾਲੋਂ ਵੱਖਰੇ ਬੱਚੇ ਸਨ ਫਿਰ ਉਨ੍ਹਾਂ ਦੀ ਜ਼ਿੰਦਗੀ ਵਿਚ ਇਕ ਅਜਿਹਾ ਮੋੜ ਆਉਂਦਾ ਹੈ ਜੋ ਉਨ੍ਹਾਂ ਦੇ ਮਨ ਦੇ ਧੁੰਦਲਕੇ ਨੂੰ ਸਾਫ ਕਰ ਦਿੰਦਾ ਹੈ । ਸਮੇਂ ਦੇ ਬੀਤਣ ਨਾਲ ਆਪਣੇ ਆਪਣੇ ਖੇਤਰ ਵਿਚ ਤਜ਼ਰਬਿਆਂ ਦੇ ਅਧਾਰ ਤੇ ਆਪਣੀ ਵੱਖਰੀ ਤੇ ਨਿਵੇਕਲੀ ਪਛਾਣ ਬਣਾਉਣ ਵਿਚ ਸਫਲ ਹੋ ਜਾਂਦੇ ਹਨ। ਨਨੀ ਪਾਲਕੀਵਾਲਾ, ਮੇਧਾ ਪਾਟੇਕਰ, ਸਤੀਸ਼ ਗੁਜਰਾਲ, ਰਾਹੁਲ ਬਜਾਜ, ਅਮਜਦ ਅਲੀ ਖਾਂ, ਰਸਕਿਨ ਬਾਂਡ ਤੇ ਹੋਰ ਸ਼ਖ਼ਸੀਅਤਾ ਦੇ ਪ੍ਰਸੰਗ ਹਨ ਜਿਨ੍ਹਾਂ ਨੇ ਵਿਗਿਆਨ, ਉਦਯੋਗ, ਕਲਾ, ਸਮਾਜ ਸੇਵਾ, ਨਿਆਂ ਪ੍ਰਣਾਲੀ ਤੇ ਫਿਲਮੀ ਨਿਰਮਾਣ ਆਦਿ ਵਿਚ ਆਪਣੀ ਧਾਂਕ ਜਮਾਈ। ਹਰ ਬਿਰਤਾਂਤ ਦਾ ਮੂਲ ਉਦੇਸ ਇਕ ਹੈ ਕਿ ਜੇਕਰ ਦ੍ਰਿੜ੍ਹ ਇਰਾਦੇ, ਸੁਪਨੇ ਮਨ ਵਿਚ ਹੋਣ ਤਾਂ ਹਰ ਬੱਚਾ ਸਫਲਤਾ ਦੀ ਟੀਸੀ ਤੀਕ ਪਹੁੰਚ ਸਕਦਾ ਹੈ।




**ਨੈਨੋ ਟੈਕਨਾਲੋਜੀ (ਮੋਹਨ ਸੁੰਦਰ ਰਾਜਨ)**

**ਪ੍ਰਕਾਸ਼ਕ : ਨੈਸ਼ਨਲ ਬੁਕ ਟਰੱਸਟ, ਇੰਡੀਆ**


ਸਾਧਾਰਣ ਵਿਗਿਆਨ ਪੁਸਤਕਮਾਲਾ ਦੇ ਅੰਤਰਗਤ ਪੜ੍ਹੇ ਲਿਖੇ ਪਾਠਕਾਂ ਨੂੰ ਆਲੇ ਦੁਆਲੇ ਦੀ ਦੁਨੀਆਂ ਅਤੇ ਵਿਗਿਆਨ ਦੀ ਤਰੱਕੀ ਨੂੰ ਸਮਝਣ ਵਿਚ ਮਦਦ ਕਰਨਾ ਅਤੇ ਸਾਇੰਸ ਦੁਆਰਾ ਨਿਭਾਈ ਭੂਮਿਕਾ ਤੋਂ ਜਾਣੂ ਕਰਵਾਉਣਾ ਵੀ ਹੈ। ਇਸ ਲੜੀ ਦੀ ਮੋਹਨ ਸੁੰਦਰ ਰਾਜਨ ਦੀ ਪੁਸਤਕ 'ਨੈਨੋ ਟੈਕਨਾਲੋਜੀ' ਦਾ ਜਿਕਰ ਕੀਤਾ ਜਾ ਸਕਦਾ ਹੈ ਜਿਸ ਨੂੰ ਡਾ. ਕੁਲਦੀਪ ਸਿੰਘ ਧੀਰ ਨੇ ਬੜੀ



ਮਿਹਨਤ ਨਾਲ ਅਨੁਵਾਦ ਕੀਤਾ ਹੈ। ਇਹ ਪੁਸਤਕ ਸਪੱਸ਼ਟ ਤੇ ਸਰਲ ਸ਼ੈਲੀ ਵਿਚ ਲਿਖੀ ਗਈ ਹੈ ਤਾਂ ਕਿ ਹਰ ਪੜ੍ਹੇ ਲਿਖੇ ਪਾਠਕ ਨੂੰ ਸੰਚਾਰ ਹੋ ਸਕੇ। ਅੱਜ ਮਨੁੱਖੀ ਜੀਵਨ ਦੇ ਹਰ ਖੇਤਰ ਵਿਚ ਨੈਨੋ ਤਕਨੀਕ ਦਾ ਦਖਲ ਵੱਧ ਰਿਹਾ ਹੈ। ਇਲੈਕਟਰਾਨਿਕਸ ਅਤੇ ਰਸਾਇਣ ਉਦਯੋਗ, ਮਨੁਖੀ ਰੋਗਾਂ ਦਾ ਪਤਾ ਲਾਉਣ, ਮਰੀਜ਼ਾਂ ਦੀ ਦਵਾਈ ਦੇਣ ਅਤੇ ਸਿਹਤ ਸੇਵਾਵਾਂ ਭਾਵ ਕਿ ਹਰ ਖੇਤਰ ਵਿਚ ਇਸ ਤਕਨੀਕ ਦਾ ਦਖਲ ਵੱਧ ਰਿਹਾ ਹੈ। ਇਹ ਆਉਣ ਵਾਲੇ ਸਾਡੇ ਸਮੇਂ ਵਿਚ ਨਵੀਂ ਕ੍ਰਾਂਤੀ ਲੈ ਕੇ ਆ ਰਹੀ ਹੈ। ਦੁਨੀਆਂ ਦੇ ਅਨੇਕਾਂ ਅਣ ਸੁਲਝੇ ਪ੍ਰਸੰਗਾਂ ਨੂੰ ਹੱਲ ਕਰਨ ਲਈ ਇਹ ਵਿਗਿਆਨ ਲਾਭਕਾਰੀ ਭੂਮਿਕਾ ਅਦਾ ਕਰ ਰਹੀ ਹੈ। ਨੈਨੋ ਵਿਗਿਆਨ ਨੂੰ ਜਨਮ ਦੇਣ ਵਾਲੇ ਸਿਧਾਂਤ, ਨੈਨੋ ਟਿਊਬ ਦੀ ਖੋਜ, ਇਲੈਕਟਰਾਨਿਕਸ ਦੇ ਖੇਤਰ ਵਿਚ ਇਸ ਦੀ ਭੂਮਿਕਾ ਦੀ ਚਰਚਾ, ਜਣਨ ਰੋਗਾਂ ਤੇ ਨੁਕਸਾਂ ਦਾ ਪਤਾ ਲਾਉਣ ਵਿਚ ਨੈਨੋ ਟੈਕਨਾਲੋਜੀ ਕਿਵੇਂ ਮਦਦ ਕਰ ਸਕਦੀ ਹੈ, ਜੀਨਸ ਵਿਚ ਛੋਟੀ ਜਿਹੀ ਗੜਬੜੀ ਨਾਲ ਕਿਵੇਂ ਗੰਭੀਰ ਰੋਗਾਂ ਦਾ ਜਨਮ ਹੋ ਸਕਦਾ ਹੈ, ਇਸ ਦਾ ਪਤਾ ਜੀਨਸ ਦੀ ਖੋਜ ਤੋਂ ਹੋਇਆ ਹੈ ਜਿਹੜੀ ਨੈਨੋ ਵਿਗਿਆਨ ਦਾ ਕਮਾਲ ਹੈ। ਅੰਤ ਵਿਚ ਇਸ ਵਿਗਿਆਨ ਦੀਆਂ ਸੀਮਾਵਾਂ, ਖਤਰਿਆਂ ਤੇ ਚਿੰਤਾਵਾਂ ਬਾਰੇ ਵੀ ਚਰਚਾ ਕੀਤੀ ਗਈ ਹੈ। ਪੁਸਤਕ ਸਧਾਰਨ ਪਾਠਕ ਦੇ ਗਿਆਨ ਵਿਚ ਵਾਧਾ ਕਰਨ ਵਾਲੀ ਹੈ।

**ਇਕ ਸੀ ਚਿੜੀ (ਲੇਖਕ ਸੰਤੋਸ਼ ਸਾਹਨੀ)**

**ਪ੍ਰਕਾਸ਼ਕ ਨੈਸ਼ਨਲ ਬੁਟ ਟਰੱਸਟ, ਇੰਡੀਆ**




'ਇਕ ਸੀ ਚਿੜੀ' ਮਨੋਵਿਗਿਆਨਕ ਤਰੀਕੇ ਨਾਲ ਬੱਚਿਆ ਤੇ ਅਸਰ ਕਰਨ ਵਾਲਾ ਸੰਤੋਸ਼ ਸਾਹਨੀ ਦਾ ਨਾਵਲ ਹੈ। ਜਿਸ ਦਾ ਅਨੁਵਾਦ ਗੁਰਿੰਦਰ ਸਿੰਘ ਕਲਸੀ ਨੇ ਕੀਤਾ ਹੈ। ਲੇਖਿਕਾ ਨੇ ਨਾਵਲ ਵਿਚ ਚਿੜੀ ਤੇ ਔਰਤ ਦੋ ਪਾਤਰਾਂ ਰਾਹੀਂ ਪੰਛੀਆਂ ਅਤੇ ਸਮਾਜ ਦੀ ਨਾਰੀ ਪ੍ਰਤੀ ਪਹੁੰਚ ਨੂੰ ਮਨੋਵਿਗਿਆਨਕ ਤਰੀਕੇ ਨਾਲ ਉਭਾਰਿਆ ਗਿਆ ਹੈ। ਪੰਛੀਆਂ ਪ੍ਰਤੀ ਔਰਤਾਂ ਦਾ ਮਿੱਤਰਤਾਂ ਵਾਲਾ ਵਰਤਾਓ ਬੜੀ ਬਰੀਕੀ ਨਾਲ ਪੇਸ਼ ਕੀਤਾ ਹੈ। ਨਾਵਲ ਵਿਚ ਚਿੜੀ ਨੂੰ ਨਾਰੀ ਦੇ ਚਿਹਨ ਵਜੋਂ ਪੇਸ਼ ਕਰਦੀ ਲੇਖਿਕਾਂ ਚਿੜੀ ਦੇ ਬੱਚੇ ਦੀ ਪੀੜਾ ਬਿਆਨ ਕਰਦੀ ਕਰਦੀ ਨਾਰੀ ਦੀ ਪੀੜਾ ਬਿਆਨ ਕਰ ਜਾਂਦੀ ਹੈ। ਸੰਘਣੀ ਬੁਣਤੀ ਪਾਠਕ ਨੂੰ ਅਖੀਰ ਤੀਕ ਬੰਨ੍ਹੀ ਰੱਖਦੀ ਹੈ।

**ਸੋਨਾ ਦੀਆਂ ਅੱਖਾਂ (ਲੇਖਕ ਊਸ਼ਾ ਯਾਦਵ)**

**ਪ੍ਰਕਾਸ਼ਕ ਨੈਸ਼ਨਲ ਬੁਕ ਟਰੱਸਟ,ਇੰਡੀਆ**

ਊਸ਼ਾ ਯਾਦਵ ਨੇ ਆਪਣੀ ਪੁਸਤਕ 'ਸੋਨਾ ਦੀਆਂ ਅੱਖਾਂ' ਵਿਚ ਜਾਨਵਰਾਂ ਨੂੰ ਪਿਆਰ ਦਾ ਸੰਦੇਸ਼ ਦਿੱਤਾ ਹੈ। ਜਿਸ ਨੂੰ ਪ੍ਰਕਾਸ਼ ਸਿੰਘ ਗਿੱਲ ਨੇ ਅਨੁਵਾਦ ਕੀਤਾ ਹੈ। ਜੰਗਲੀ ਜਾਨਵਰਾਂ ਪ੍ਰਤੀ ਸੰਨੇਹ ਕਹਾਣੀ ਦਾ ਕੇਂਦਰੀ ਧੁਰਾ ਹੈ। ਭਾਰਤ 'ਚ ਜੰਗਲੀ ਜਾਨਵਰ ਹਿਰਨ ਪ੍ਰਤੀ ਸਰਕਾਰ ਦੀ ਬੇਧਿਆਨੀ ਨੂੰ ਕੇਂਦਰ 'ਚ ਰੱਖ ਕੇ ਸੋਨਾ ਨਾਂ ਦੇ ਹਿਰਨ ਦੇ ਮਰਨ ਉਪਰੰਤ ਉਸ ਨਾਲ ਧੁਰ ਅੰਦਰ ਤੱਕ ਜੁੜੇ ਮਨੋਜ ਦੀ ਕਹਾਣੀ ਨੂੰ ਬਿਆਨ ਕੀਤਾ ਗਿਆ ਹੈ। ਸੋਨਾ ਦੇ ਵਿਛੋੜੇ ਨਾਲ ਜੁੜੇ ਬੱਚੇ ਮਨੋਜ ਦੀ ਖੰਡਤ ਮਾਨਸਿਕਤਾ ਦਾ ਮਨੋਵਿਗਿਆਨ ਵਰਣਨ ਲੇਖਕ ਨੇ ਸੰਵੇਨਦਸ਼ੀਲ ਤਰੀਕੇ ਨਾਲ ਕੀਤਾ ਹੈ। ਕਹਾਣੀ ਉਦੋਂ ਮੋੜ ਕੱਟਦੀ

ਹੈ ਜਦੋਂ ਬੱਚਾ ਹਿਰਨਾਂ ਲਈ ਸੁੱਕੇ ਤਲਾਅ 'ਚ ਪਾਣੀ ਤੇ ਬਗੀਚੇ 'ਚ ਘਾਹ ਲਈ ਪਾਣੀ ਦਾ ਪ੍ਰਬੰਧ ਕਰਨ ਲਈ ਆਪਣੇ ਚੌਂਕੀਦਾਰ ਬਾਪ ਸੇਵਾ ਰਾਮ ਦਾ ਵਿਰੋਧ ਕਰਨ ਬਾਰੇ ਸੋਚਦਾ ਹੈ। ਤਲਾਅ ਤੇ ਘਾਹ ਬਚਾਉਣ ਲਈ ਪੈਸੇ ਇਕੱਠੇ ਕਰਨ ਦਾ ਪ੍ਰਸੰਗ ਕਹਾਣੀ ਦੀ ਅਗਲੀ ਕੜੀ ਹੈ। ਸਰਕਾਰੀ ਡਾਕਟਰ ਤੇ ਚੌਂਕੀਦਾਰ ਦਾ ਕਇਆ ਕਲਪ ਬੱਚਿਆਂ ਦੀ ਤੀਖਣ ਬੁੱਧੀ ਨਾਲ ਹੁੰਦਾ ਹੈ।




**ਪੀਊ ਅਤੇ ਉਸ ਦੇ ਜਾਦੂਈ ਦੋਸਤ (ਸੋਰਿਤ ਗੁਪਤ)**

**ਪ੍ਰਕਾਸ਼ਕ : ਨੈਸ਼ਨਲ ਬੁਕ ਟਰੱਸਟ,ਇੰਡੀਆ**

ਸੋਰਿਤ ਗੁਪਤੋ ਨੇ 'ਪੀਊ ਅਤੇ ਉਸ ਦੇ ਜਾਦੂਈ ਦੋਸਤ' ਜਿਸ ਦਾ ਅਨੁਵਾਦ ਬਲਵਿੰਦਰ ਸਿੰਘ ਸੋਢੀ ਨੇ ਕੀਤਾ ਹੈ ਨਿੱਕੇ ਬੱਚਿਆਂ ਦਾ ਧਿਆਨ 'ਚ ਰੱਖ ਕੇ ਛੋਟੀ ਕਹਾਣੀ ਨੂੰ ਵੱਡੇ ਚਿੱਤਰਾਂ ਰਾਹੀਂ ਸੰਚਾਰਤ ਕਰਨ ਦੀ ਸਫਲ ਕੋਸ਼ਿਸ਼ ਕੀਤੀ ਹੈ। ਕਿਉਂਕਿ ਨੱਕੇ ਬੱਚੇ ਦੇਖ ਕੇ ਗਿਆਨ ਵੱਧ ਗ੍ਰਹਿਣ ਕਰਦੇ ਹਨ। ਪੁਸਤਕ ਵਿਚਲੀ ਨੰਨੀ ਬੱਚੀ ਪੀਊ ਜਿਹਨੂੰ ਮੀਂਹ 'ਚ ਜਾਦੂਈ ਪੈਨਸਿਲਾ ਦਾ ਡੱਬਾ ਮਿਲਦਾ ਹੈ, ਜਿਹੜਾ ਨੰਨੀ ਬੱਚੀ ਦੇ ਨਿੱਕੇ ਨਿੱਕੇ ਕੰਮ ਜਿਵੇਂ ਮੀਂਹ ਹਟਾਉਣ, ਬੱਦਲਾ ਨੂੰ ਭਜਾਉਣਾ, ਦਰਖਤਾ, ਫ਼ਸਲਾਂ ਨੂੰ ਤੇ ਪੂਰੇ ਪਿੰਡ ਨੂੰ ਜਾਦੂਈ ਪੈਨਸਿਲ ਨਾਲ ਉਸਾਰਦੇ ਹਨ। ਇਹ ਸਾਰਾ ਕਾਰਜ ਸੁਪਨ ਅਵਸਥਾ 'ਚ ਉਹਦੇ ਅਵਚੇਤਨ ਵਿਚ ਚਲਦਾ ਹੈ। ਪੈਨਸਿਲਾ ਇਕ ਚਿਹਨ ਹੈ, ਜਿਹੜਾ ਨੰਨੀ ਬੱਚੀ ਦੀ ਕਲਪਨਾ ਵਿਚ ਉਸਰਦਾ ਹੈ ਜਿਹੜਾ ਵਾਤਾਵਰਨ ਨੂੰ ਠੀਕ ਕਰਦਾ ਹੈ।




**ਕੱਚ ਦਾ ਬਕਸਾ (ਪਸ਼ੁਪਿਤਾ ਅਵਸਥੀ)**

**ਪ੍ਰਕਾਸ਼ਕ : ਨੈਸ਼ਨਲ ਬੁਕ ਟਰੱਸਟ,ਇੰਡੀਆ**

ਪਸ਼ੁਪਿਤਾ ਅਵਸਥੀ ਨੇ ਪੁਸਤਕ 'ਕੱਚ ਦਾ ਬਕਸਾ' ਵਿਚ ਨੀਂਦਰਲੈਂਡ ਦੀਆਂ ਲੋਕ ਕਥਾਵਾਂ ਦਾ ਬਿਰਤਾਂਤ ਵੱਖ ਵੱਖ ਪ੍ਰਸੰਗਾਂ ਅਧੀਨ ਉਸਾਰਨ ਜਾ ਸਫ਼ਲ ਜਤਨ ਕੀਤਾ ਹੈ। ਜਿਸ ਦਾ ਅਨੁਵਾਦ ਬਲਵਿੰਦਰ ਸਿੰਘ ਸੋਢੀ ਨੇ ਕੀਤਾ ਹੈ। ਸਾਰੀਆਂ ਲੋਕ ਕਥਾਵਾਂ ਦਾ ਪਾਠ ਕਰਨ ਉਪਰੰਤ ਇਹ ਧਾਰਨਾ ਉਭਰਦੀ ਹੈ ਕਿ ਹਰ ਖਿੱਤੇ ਦੀਆਂ ਲੋਕ ਕਥਾਵਾਂ ਦੀ ਮੂਲ ਕਹਾਣੀ ਅਤੇ ਉਦੇਸ਼ 'ਚ ਸਾਂਝ ਜ਼ਰੂਰ ਹੁੰਦੀ ਹੈ ਭਾਵੇਂ ਕਿ ਪੇਸ਼ਕਾਰੀ, ਵਾਤਾਵਰਨ ਤੇ ਪਾਤਰਾਂ ਦੇ ਨਾਂ ਬਦਲ ਜਾਂਦੇ ਹੋਣ। ਉਸ ਪੁਸਤਕ ਵਿਚ ਲੋਕ ਕਲਾਂ ਨਾਲ ਜੁੜੇ ਵਿਦਵਾਨ ਖਮੀਰ ਵਲੋਂ ਇਕੱਠੀਆਂ ਕੀਤੀਆਂ ਯੂਰਪ ਤੇ ਨੀਂਦਰਲੈਂਡ 'ਚ ਪਰੀ ਕਥਾਵਾਂ ਦੇ ਰੂਪ ਵਿਚ ਜਾਣੀਆਂ ਜਾਂਦੀਆਂ ਕਥਾਵਾਂ ਨੂੰ







ਰੰਗੀਨ ਚਿੱਤਰਾਂ ਰਾਹੀਂ ਗਹਿਰੇ ਅਰਥ ਪ੍ਰਦਾਨ ਕੀਤਾ ਹਨ। ਜਲ ਪਰੀ, ਜਨੌਰ ਕਥਾ, ਮਨੁੱਖ ਦਾ ਫੁੱਲ ਜਾਂ ਜਾਨਵਰ ਬਣਨ ਦੀਆਂ ਲੋਕ ਕਥਾਵਾਂ ਪ੍ਰਭਾਵਸ਼ਾਲੀ ਹਨ। ਪੁਸਤਕ ਦੀਆਂ ਵਧੇਰੇ ਕਹਾਣੀਆਂ ਮਨੁੱਖਾਂ ਦੀਆਂ ਹਨ ਮਨੁੱਖਾਂ ਦੇ ਨਾਲ ਨਾਲ ਉਨ੍ਹਾਂ ਦਾ ਚੌਗਿਰਦਾ, ਪਸ਼ੂ ਪੰਛੀ, ਸੁਪਨਮਈ ਬ੍ਰਹਿਮੰਡ ਹੈ। ਪ੍ਰਕਿਰਤੀ ਪ੍ਰੇਮੀ ਮਾਨਵ ਜੀਵਨ ਦੀਆਂ ਰੋਚਿਕ ਲੋਕ ਕਹਾਣੀਆਂ ਹਨ।

**ਦੇਸ਼ ਲਈ ਕੁਰਬਾਨ (ਲੇਖਕ ਆਰ. ਕੇ. ਟੰਡਨ )**

**ਪ੍ਰਕਾਸ਼ਕ : ਨੈਸ਼ਨਲ ਬੁਕ ਟਰੱਸਟ,ਇੰਡੀਆ**





ਦੇਸ਼ ਭਗਤ ਕ੍ਰਾਂਤੀਕਾਰੀਆਂ ਦੇ ਕਾਰਜਾਂ ਨੂੰ ਬਿਆਨ ਕਰਦੀ ਪੁਸਤਕ 'ਦੇਸ਼ ਲਈ ਕੁਰਬਾਨ' ਜਿਕਰਯੋਗ ਪੁਸਤਕ ਹੈ। ਜਿਸ ਦੇ ਲੇਖਕ ਆਰ. ਕੇ. ਟੰਡਨ ਹਨ ਤੇ ਅਨੁਵਾਦ ਮਨਿੰਦਰ ਸਿੰਘ ਕਾਂਗ ਦਾ ਹੈ। ਪੁਸਤਕ 16 ਉਨ੍ਹਾਂ ਕ੍ਰਾਂਤੀਕਾਰੀ ਬਹਾਦਰਾਂ ਦੀ ਕਹਾਣੀ ਗਲਪੀ ਭਾਸ਼ਾ ਵਿਚ ਬਿਆਨ ਕਰਦੀ ਹੈ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਆਪਣੀ ਕੁਰਬਾਨੀ ਦਿੱਤੀ। ਭਾਰਤੀ ਪ੍ਰਸੰਗ ਵਿਚ ਭਗਤ ਸਿੰਘ, ਰਾਜਗੁਰੂ, ਰਾਮ ਪ੍ਰਸਾਦ ਬਿਲਮਿਲਾ, ਅਸਫਾਕ ਉਲਾਹ, ਊਧਮ ਸਿੰਘ, ਖ਼ੁਦੀਰਾਮ ਬੋਸ ਅਤੇ ਮੰਗਲ ਪਾਂਡੇ ਸਮੇਤ ਬਾਕੀ ਕ੍ਰਾਂਤੀਕਾਰੀਆਂ ਦਾ ਦੇਸ਼ ਪ੍ਰਤੀ ਪ੍ਰਤੀਬੱਧਤਾ ਦਾ ਬਿਰਤਾਂਤ ਇਤਿਹਾਸਕ ਤਰਕ ਨਾਲ ਉਸਾਰਦਾ ਹੈ। ਪੈਸਾ, ਪਰਿਵਾਰਕ ਮੈਂਬਰ ਜੀਉਣ ਦੀ ਲਲਕ ਉਨ੍ਹਾਂ ਦੇ ਫੈਸਲੇ ਨੂੰ ਬਦਲ ਨਹੀਂ ਸਕੀ। ਇਨ੍ਹਾਂ ਮਹਾਨ ਕ੍ਰਾਂਤੀਕਾਰੀਆਂ ਦਾ ਮੁੱਖ ਉਦੇਸ਼ ਦੇਸ਼ ਦੀ ਅਜ਼ਾਦੀ ਸੀ ਹਰ ਰੁਕਾਵਟ ਉਨ੍ਹਾਂ ਅੱਗੇ ਰੋੜਾ ਨਾ ਬਣ ਸਕੀ। ਮਹਾਨ ਸ਼ਹੀਦਾਂ ਦੇ ਬਲੀਦਾਨ ਦੇ ਸਿੱਖਿਆਦਾਇਕ ਪ੍ਰਸੰਗ ਬਾਲ ਮਾਨਸਿਕਤਾ 'ਤੇ ਗਹਿਰਾ ਪ੍ਰਭਾਵ ਪਾਉਣ ਵਾਲੇ ਹਨ।

**ਜਹਾਜ ਦੀ ਕਹਾਣੀ**

**ਬਿਮਲ ਕੁਮਾਰ ਸ਼੍ਰੀਵਾਸਤਵ**

**ਅਨੁਵਾਦ ਕੁਲਦੀਪ ਸਿੰਘ ਧੀਰ**

**ਪ੍ਰਕਾਸ਼ਕ ਨੈਸ਼ਨਲ ਬੁਕ ਟਰੱਸਟ, ਇੰਡੀਆ**





ਇਹ ਪੁਸਤਕ ਜਹਾਜ ਬਾਰੇ ਬੱਚਿਆਂ ਨੂੰ ਜਾਣਕਾਰੀ ਦਿੰਦੀ ਹੈ। ਜਿਸ ਵਿਚ ਪ੍ਰਾਚੀਨ ਭਾਰਤ ਦੀ ਜਹਾਜ਼ਰਾਨੀ, ਉੜਨ ਦੇ ਮੁਢਲੇ ਯਤਨ, ਜਹਾਜ ਦੀ ਖੋਜ ਬਾਰੇ ਤੱਥ, ਬਰਨੌਲੀ ਦਾ ਜਹਾਜ ਤਿਆਰ ਕਰਨ ਬਾਰੇ ਵਿਚਾਰ, ਕਿਸਮਾਂ, ਰੱਡਰ ਤੇ ਐਲੀਵੇਟਰ, ਇੰਜਨ ਅਤੇ ਜਹਾਜ਼ ਦਾ ਢਾਂਚਾ ਅਤੇ ਅਜੋਕ ਜਹਾਜ ਬਾਰੇ ਰੌਚਿਕ ਅਤੇ ਗਿਆਨ ਭਰਪੂਰ ਜਾਣਕਾਰੀ ਦਿੱਤੀ ਗਈ ਹੈ। ਬੱਚਿਆਂ ਨੂੰ ਤਸਵੀਰਾਂ ਨਾਲ ਜਾਹਜ ਦੇ ਢਾਂਚੇ ਬਾਰੇ ਸਮਝਾਇਆ ਗਿਆ ਹੈ। ਕਿ ਕਿਵੇਂ ਵਿਕਾਸ ਕਰਕੇ ਫੁਟਬਾਲ ਦੀ ਗਰਾਉਂਡ ਜਿੱਡਾ ਸੱਤ ਮੰਜ਼ਿਲਾ ਜਹਾਜ਼ ਵੀ ਤਿਆਰ ਹੋ ਗਿਆ ਹੈ। ਟਰੱਸਟ ਸਾਹਿਤ ਦੇ ਨਾਲ ਨਾਲ ਬੱਚਿਆਂ ਦੀ ਸਾਇੰਸ ਬਾਰੇ ਵੀ ਜਾਣਕਾਰੀ ਦੇਣ ਲਈ ਪੁਸਤਕਾਂ ਤਿਆਰ ਕਰਦਾ ਹੈ।

**-ਭਗਵੰਤ ਰਸੂਲਪੁਰੀ**

ਇੰਡੀਅਨ ਇੰਸਟੀਚਿਊਟ ਆਫ ਦਲਿਤ ਸਟੱਡੀਜ਼ ਦੀ ਤ੍ਰੈ-ਮਾਸਿਕ ਮੈਗਜ਼ੀਨ

## ਦਲਿਤ ਅਸਿਮਤਾ




ਮੁੱਲ 30 ਰੁਪਏ, ਸਾਲਾਨਾ ਚੰਦਾ 150 ਰੁਪਏ, ਪੰਨੇ 112, 160

ਸੰਪਾਦਕ : ਵਿਮਲ ਥੌਰਾਟ

ਸਹਾਇਕ ਸੰਪਾਦਕ : ਸੂਰਜ ਬੜਤਿਆ

Editor : Dalit Asmita
Off.Indian Institute of Dalit Studies,D-2/1,
Road No.4, Anderug gung, New Delhi-110049,
Ph.:9811135667 (M),011 26252082,
e.mail:asmita@dalitstudies.org.in

ਭਾਰਤ ਪੱਧਰ ਦੀ ਦਲਿਤ ਸਾਹਿਤ ਤੇ ਸਮਾਜ 'ਤੇ ਖੋਜ ਕਰਨ ਤੇ ਕਰਵਾਉਣ ਵਾਲੀ ਸੰਸਥਾ ਇੰਡੀਅਨ ਇੰਸਟੀਚਿਊਟ ਆਫ ਦਲਿਤ ਸਟੱਡੀਜ਼ ਨੇ ਤ੍ਰੈ ਮਾਸਿਕ ਮੈਗਜ਼ੀਨ 'ਦਲਿਤ ਅਸਿਮਤਾ' ਪ੍ਰਕਾਸ਼ਤ ਕਰਕੇ ਹਿੰਦੀ ਪੱਤਰਕਾਰੀ ਵਿਚ ਨਿੱਗਰ ਕਾਰਜ ਕੀਤਾ ਹੈ। ਇਸ ਮੈਗਜ਼ੀਨ ਦੇ ਹੁਣ ਤੱਕ ਚਾਰ ਅੰਕ ਛਪ ਚੁੱਕੇ ਹਨ। ਜਿਸ ਵਿਚ ਪੂਰੇ ਭਾਰਤ ਦੇ ਪ੍ਰਤੀਨਿੱਧ ਦਲਿਤ ਸਾਹਿਤ ਨੂੰ ਥਾਂ ਦਿੱਤੀ ਹੈ। ਪਰਚੇ ਦੀ ਦਿੱਖ ਖ਼ੂਬਸੂਰਤ ਹੈ।

ਅਪ੍ਰੈਲ-ਜੂਨ,11 ਅੰਕ-3 ਪਰਚੇ ਵਿਚ ਕੰਵਲ ਭਾਰਤੀ ਅਤੇ ਜੈ ਪ੍ਰਕਾਸ਼ ਕਰਦਮ ਦੇ ਸਿਧਾਂਤਕ ਲੇਖ ਹਨ। ਸੰਜੀਵ ਖ਼ੁਸ਼ਵਾਹਾ ਦੀ ਦਲਿਤ ਚੇਤਨਾ ਅਤੇ ਭੰਗੀ ਸਮਾਜ ਉੱਤੇ ਬਹਿਸ ਹੈ। ਜਵਾਹਰ ਲਾਲ ਕੌਲ ਤੇ ਮੁਸਾਫਿਰ ਬੈਠਾ ਦੀਆਂ ਹਿੰਦੀ ਕਹਾਣੀਆਂ ਹਨ। ਪੰਜਾਬੀ ਕਹਾਣੀ ਸਰੂਪ ਸਿਆਲਵੀ (ਨੇਰ੍ਹੇ ਦੇ ਵਾਸੀ), ਹਰੀਸ਼ ਮੰਗਲਮ , ਅਰਵਿੰਦ ਬੇਗੜਾ ਦੀਆਂ ਗੁਜਰਾਤੀ ਕਹਾਣੀਆਂ ਹਨ। ਰਾਮ ਚੰਦ ਦੀ ਭੋਜਪੁਰੀ ਕਹਾਣੀ। ਰਮਣਿਕਾ ਗੁਪਤਾ ਦੀ ਮੁਲਾਕਾਤ ਤੋਂ ਇਲਾਵਾ ਇਕ ਦਰਜਨ ਕਵੀਆਂ ਦੀਆਂ ਕਵਿਤਾਵਾਂ ਹਨ।

ਜੁਲਾਈ-ਦਸੰਬਰ,2011 ਦਾ ਅੰਕ 158 ਪੰਨਿਆ ਦਾ ਵੱਡਾ ਅੰਕ ਹੈ। ਜਿਸ ਵਿਚ ਪ੍ਰੋ. ਚੌਥੀਰਾਮ ਯਾਦਵ, ਡਾ. ਦਯਾਨੰਦ ਬਟੋਹੀ, ਅਮਿਤ ਕੁਮਾਰ ਦੇ ਸਿਧਾਂਤਕ ਲੇਖ ਹਨ। ਮਲਖਾਨ ਸਿੰਘ ਉੱਤੇ ਕੇਂਦਰਿਤ ਸਮੱਗਰੀ ਹੈ। ਕਾਵੇਰੀ, ਓਮਰਾਵ ਸਿੰਘ ਜਾਟਵ, ਅਰਜਨ ਸਾਵੇਦਿਆ ਦੀਆਂ ਹਿੰਦੀ ਕਹਾਣੀਆਂ ਹਨ। ਭਗਵੰਤ ਰਸੂਲਪੁਰੀ (ਆਦੀ ਡੰਕਾ), ਮੋਹਨ ਲਾਲ ਫਿਲੌਰੀਆਂ ਦੀ (ਬਦਬੂ) ਪੰਜਾਬੀ ਕਹਾਣੀਆਂ ਹਨ। ਇਕ ਤੈਲਗੂ ਕਹਾਣੀ ਆਚਾਰਿਆ ਕੋਲਕਲੁਰੀ ਇਨਾਕ, ਅਤੇ ਬਾਮਾ ਦੀ ਤਮਿਲ ਕਹਾਣੀ ਹੈ। ਮੋਹਨ ਤਿਆਗੀ ਦੀਆਂ ਪਜਾਬੀ ਕਵਿਤਾਵਾਂ ਦੇ ਨਾਲ ਹੋਰ ਅਨੇਕਾਂ ਕਵੀਆਂ ਦੀਆਂ ਕਵਿਤਾਵਾਂ ਹਨ। ਹਲਚਲ ਤਹਿਤ ਪੂਰੇ ਭਾਰਤ ਵਿਚ ਦਲਿਤ ਸਾਹਿਤ ਬਾਰੇ ਹੋਏ ਸਮਾਗਮ ਦੀ ਵਿਸਤ੍ਰਿਤ ਜਾਣਕਾਰੀ ਹੈ।

ਸੰਸਥਾਨ ਦਾ ਇਹ ਕਾਰਜ ਬਹੁਤ ਹੀ ਤਰੀਫ ਕਰਨ ਯੋਗ ਹੈ। ਇਹ ਸਮੇਂ ਦੀ ਮੰਗ ਵੀ ਹੈ। ਉਪਰੋਕਤ ਪਤੇ 'ਤੇ ਸੰਪਰਕ ਕਰਕੇ ਪਾਠਕ ਇਸ ਮੈਗਜ਼ੀਨ ਦੇ ਪਾਠਕ ਬਣ ਸਕਦੇ ਹਨ।

- ਭਗਵੰਤ ਰਸੂਲਪੁਰੀ








'ਦਾਦੇ ਮਾਗਾਉਣੇ' ਤੋਂ ਬਾਅਦ ਕੁਲਵੰਤ ਗਿੱਲ
ਨਵਾਂ ਕਹਾਣੀ ਸੰਗ੍ਰਹਿ
ਦਾ
**ਅੰਤਰ-ਲੀਲ੍ਹਾ**
ਕੁਲਵੰਤ ਗਿੱਲ

ਤੁਰ ਰਹੇ ਸਮੇਂ ਦੀ
ਪੈੜ ਨੱਪਦੀਆਂ
ਉਸ
'ਚੀਕ' ਦੀਆਂ ਕਹਾਣੀਆਂ
ਜੋ
ਮੈਂ ਮਾਰਨਾ ਚਾਹੁੰਦਾ
ਹਾਂ
.........
ਤੇ ਸ਼ਾਇਦ ਤੁਸੀਂ ਵੀ!!
-ਕੁਲਵੰਤ ਗਿੱਲ

ਲੋਕ ਗੀਤ ਪ੍ਰਕਾਸ਼ਨ,
ਚੰਡੀਗੜ੍ਹ

**ਤੀਵੀਆਂ**
ਨਾਵਲ
ਪਰਗਟ ਸਿੰਘ ਸਤੌਜ




ਸੰਗਮ ਪਬਲੀਕੇਸ਼ਨ,
ਸਮਾਣਾ

ਪਰਗਟ ਸਿੰਘ ਸਤੌਜ ਨੇ ਆਪਣੇ ਪਹਿਲੇ ਨਾਵਲ ਭਾਗੂ ਨਾਲ ਹੀ ਪੰਜਾਬੀ ਦੇ ਸੁਹਿਰਦ ਪਾਠਕਾਂ ਅਤੇ ਆਲੋਚਕਾਂ ਦਾ ਧਿਆਨ ਖਿਚ ਲਿਆ ਸੀ। ਉਸ ਕੋਲ ਕਹਾਣੀ ਕਹਿਣ ਦੀ ਜੁਗਤ ਦੇ ਨਾਲ ਨਾਲ ਮਾਨਵਪੱਖੀ ਦ੍ਰਿਸ਼ਟੀਕੋਣ ਵੀ ਹੈ। ਹੱਥਲਾ ਨਾਵਲ ਸਿਰਫ਼ ਔਰਤ ਦੇ ਸੰਕਟ ਨੂੰ ਜਜ਼ਬਾਤੀ ਸ਼ੈਲੀ ਵਿੱਚ ਪੇਸ਼ ਕਰਨ ਤੱਕ ਸੀਮਤ ਨਹੀਂ ਸਗੋਂ ਇੱਕ ਇਤਿਹਾਸਿਕ ਅੰਤਰਾਲ ਵਿੱਚ ਕਿਸਾਨੀ ਦੇ ਬਹੁ ਪੱਖੀ ਅਤੇ ਬਹੁ ਪਸਾਰੀ ਸੰਕਟਾਂ ਨੂੰ ਵੀ ਪੇਸ਼ ਕਰਦਾ ਹੈ। ਇਸ ਵਿਚ ਜਿੱਥੇ ਬਸ਼ੀਰਾਂ, ਦੇਵਕੀ, ਸੁਰਜੀ, ਰਾਣੀ ਅਤੇ ਸਰਸਵਤੀ ਰਾਹੀਂ ਔਰਤ ਦੇ ਕਈ ਰੂਪ ਪੇਸ਼ ਹੋਏ ਹਨ ਉਥੇ ਕਾਕੇ, ਸਰਵਣ, ਸਿੰਦੂ ਰੋਹੀ ਅਤੇ ਰਾਜੂ ਰਾਹੀਂ ਪੇਂਡੂ ਸਮਾਜਚਾਰੇ ਦੇ ਕਈ ਸੰਕਟਮਈ ਰੂਪ ਸਾਹਮਣੇ ਆਉਂਦੇ ਹਨ। ਤੀਵੀਆਂ ਨਾਵਲ ਸਮੁੱਚੇ ਰੂਪ ਵਿਚ ਦੁਖਾਂਤਕ ਪੈਟਰਨ ਤੇ ਢਲਿਆ ਹੋਇਆ ਹੈ। ਇਹ ਦੁਖਾਂਤ ਟਿਪੀਕਲ ਦੀ ਥਾਂ ਪ੍ਰਤੀਨਿਧੀ ਸਥਿਤੀਆਂ ਵਿੱਚੋਂ ਉਪਜਦਾ ਹੈ। ਇਹ ਇਸ ਨਾਵਲੀ ਟੈਕਸਟ ਦੀ ਵਿਲੱਖਣਤਾ ਹੈ। ਇਸੇ ਲਈ ਪਰਗਟ ਸਿੰਘ ਸਤੌਜ ਵਿੱਚ ਛੁਪੀ ਪ੍ਰਤਿਭਾ ਦੇ ਹੋਰ ਨਿੱਖਰਨ ਦਾ ਆਭਾਸ ਇਸ ਨਾਵਲ ਵਿੱਚੋਂ ਹੁੰਦਾ ਹੈ।

-ਡਾ. ਰਜਨੀਸ਼ ਬਹਾਦਰ ਸਿੰਘ

**ਮੁੱਲ 150, ਪੰਨੇ 184**

Year: 7 Issue No. 26
'KAHANI DHARA'(PUNJABI QUARTERLY) Juli-Sep., 2012 R.N.I. Regd No. PUN PUN 2006 / 19971


# ਪਰਵਾਜ਼ ਪ੍ਰਕਾਸ਼ਨ ਦਾ ਪਲੇਠਾ ਤੇ ਨਿੱਗਰ ਕਦਮ

ਮੇਰੀ ਅਧੂਰੀ ਕਹਾਣੀ (ਸਵੈ-ਜੀਵਨੀ) ਮੋਹਨ ਸਿੰਘ ਕੁੱਕੜਪਿੰਡੀਆ

ਕਾਲ ਕਾਲਾਂਤਰ ਸਰੂਪ ਸਿਆਲਵੀ

ਕਦਮ ਕਦਮ ਚੌਰਾਹੇ

ਭਗਵੰਤ ਰਸੂਲਪੁਰੀ ਦੀ ਕਥਾ-ਪ੍ਰਕਿਰਿਆ

ਮੇਰਾ ਬਚਪਨ ਮੇਰੇ ਮੋਢੇ ਸ਼ਿਓਰਾਜ ਸਿੰਘ ਬੇਚੈਨ ਅਨੁਵਾਦ: ਬਲਬੀਰ ਮਾਧੋਪੁਰੀ

ਪਰਵਾਜ਼ ਪ੍ਰਕਾਸ਼ਨ ਦੀਆਂ ਪੁਸਤਕਾਂ ਹੇਠ ਲਿਖੇ ਸਥਾਨਾਂ ਤੋਂ ਵੀ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ

ਜਲੰਧਰ-ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ (0181-2280045,3293190),
ਸੁੰਦਰ ਬੁੱਕ ਡਿਪੋ ਮਾਈ ਹੀਰਾਂ ਗੇਟ,181-2213184
ਪੰਜ ਆਬ ਪ੍ਰਕਾਸ਼ਨ (ਕੇਸਰ ਸਿੰਘ) ਦੇਸ ਭਗਤ ਹਾਲ (ਸੰਪਰਕ 98140-87063)
ਅਗਰਵਾਲ ਨਿਊਜ਼ ਏਜੰਸੀ ਬੱਸ ਸਟੈਂਡ,(99881-73647),
ਖੁਰਾਣਾ ਬੁੱਕ ਸਟੋਰ ਬੱਸ ਸਟੈਂਡ ,

ਲੁਧਿਆਣਾ-
ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ (ਸੰਪਰਕ 0161-2413613, 2404928),
ਨਈਅਰ ਪਬਲੀਕੇਸ਼ਨਜ਼ ਬੱਸ ਸਟੈਂਡ 1616990504,92174-06875)
ਚੰਡੀਗੜ੍ਹ-ਪੰਜਾਬ ਬੁੱਕ ਸੈਂਟਰ
ਸੰਗਰੂਰ-ਸੋਨੀ ਨਿਊਜ ਏਜਸੀ, ਬੱਸ ਸਟੈਂਡ ਸੰਪਾਦਕ 99881-45652)
ਅੰਮ੍ਰਿਤਸਰ-ਰਵੀ ਸਾਹਿਤ ਪ੍ਰਕਾਸ਼ਨ, ਨਜ਼ਦੀਕ ਯੂਨੀਵਰਸਿਟੀ (ਸੰਪਰਕ 0183-2258633)
ਪਟਿਆਲਾ-ਜੇ. ਕੇ. ਬੁੱਕ ਸੈਂਟਰ, ਬੱਸ ਸਟੈਂਡ 98788-21884,98889-51545, ਮਦਾਨ ਬੁੱਕ ਹਾਊਸ, ਪੰਜਾਬੀ ਯੂਨੀਵਰਸਿਟੀ
ਬਠਿੰਡਾ-ਵੋਹਰਾ ਨਿਊਜ਼ ਏਜੰਸੀ, ਬੱਸ ਸਟੈਂਡ (98143-47517)
ਮੋਗਾ-ਪ੍ਰਿਥਪਾਲ ਸਿੰਘ ਸਮਰਾਟ ਪਾਕੇਟ ਬੁੱਕਸ ਬੱਸ ਸਟੈਂਡ (98144-35813
ਨਵਾਂ ਸ਼ਹਿਰ-ਜਸਵੀਰ ਬੇਗਮਪੁਰੀ (94174-15062)
ਮਾਛੀਵਾੜਾ,ਖੰਨਾ-ਦੀਪ ਦਿਲਵਰ-98557-21844
ਤੋਂ ਇਲਾਵਾ ਪਰਵਾਜ਼ ਪ੍ਰਕਾਸ਼ਨ ਦੇ ਦਫਤਰ ਤੋਂ ਪੁਸਤਕ ਪ੍ਰਾਪਤ ਕਰੋ

ਪਰਵਾਜ਼ ਪ੍ਰਕਾਸ਼ਨ
ਪਤਾ ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ-144026
ਫੋਨ 94170-64350

Parwaz Parkashan
E.mail:parwazparkashan@gmail.com
Mob. 94170-64350